# ਦੇਸ਼ ਦੁਆਬਾ

VOL - 3 ISSUE - 4
May 16-31, 2014

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



Phone : 510 709 5099
Fax: 510 441 9330
Email: Sangramsystems@gmail.com

NOW at SANGRAMS PALACE
Computer Repair
any brand, any problem



30063 Industrial Parkway S. W. Union City, CA-94587
(between FOODMAXX and HOME DEPOT)




GREETINGS ON THE BUDDHA PURNIMA
Ambedkartimes.com & Deshdoaba.com congratulate all its worthy writers, readers and well wishers on Lord Buddha's Jayanti and wish you all happy, healthy and peaceful life.
*(Prem Kumar Chumber)*

# ਨਤੀਜੇ ਆਉਣ ਤੋਂ ਪਹਿਲਾਂ ਹੀ ਸਰਕਾਰ ਬਣਾਉਣ ਲਈ ਜੋੜ-ਤੋੜ ਆਰੰਭ

ਨਵੀ ਦਿੱਲੀ- ਭਾਜਪਾ ਨੇ ਅੱਜ ਕਿਹਾ ਹੈ ਕਿ ਇਸ ਦੇ ਦਰ ਉਨ੍ਹਾਂ ਪਾਰਟੀਆਂ ਲਈ ਵੀ ਖੁੱਲ੍ਹੇ ਹਨ ਜਿਨ੍ਹਾਂ ਨਾਲ ਇਸ ਦਾ ਚੋਣਾਂ ਤੋਂ ਪਹਿਲਾਂ ਗੱਠਜੋੜ ਨਹੀਂ ਸੀ, ਹਾਲਾਂਕਿ ਇਹ ਗਠਜੋੜ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਆਪਣੀ ਸਰਕਾਰ ਬਣਾਉਣ ਜੋਗੀਆਂ ਬਹੁ-ਗਿਣਤੀ ਸੀਟਾਂ ਲੈ ਰਿਹਾ ਹੈ।

ਐਗਜ਼ਿਟ ਪੋਲਜ਼ ਦੇ ਨਤੀਜ਼ਿਆਂ ਤੋਂ ਬਹੁਤ ਉਤਸ਼ਾਹ ਵਿੱਚ ਆਈ ਭਾਜਪਾ ਦੇ ਕੌਮੀ ਤਰਜਮਾਨ ਪ੍ਰਕਾਸ਼ ਜਾਵਦੇਕਰ ਨੇ ਕਿਹਾ ਕਿ ਐਗਜ਼ਿਟ ਪੋਲਜ਼ ਦੇ ਨਤੀਜਿਆਂ ਵਿੱਚ ਉਨ੍ਹਾਂ ਨੂੰ ਜਿੰਨੀਆਂ ਸੀਟਾਂ ਮਿਲ ਰਹੀਆਂ ਹਨ, ਅਸਲ ਨਤੀਜੇ ਆਉਣ 'ਤੇ ਉਸ ਤੋਂ ਵੀ ਵੱਧ ਮਿਲਣਗੀਆਂ, ਇਸ ਕਰਕੇ ਪਾਰਟੀ ਤੇ ਗਠਜੋੜ ਨੂੰ ਮੁਕੰਮਲ ਬਹੁਗਿਣਤੀ ਮਿਲੇਗੀ ਪਰ ਫਿਰ ਵੀ ਕੌਮੀ ਵਿਕਾਸ ਲਈ ਜਾਂ ਦੇਸ਼ ਦੇ ਹਿੱਤਾਂ ਵਿੱਚ ਜਿਹੜੀਆਂ ਵੀ ਪਾਰਟੀਆਂ ਐਨਡੀਏ ਨੂੰ ਮੱਦਦ ਦੇਣੀ ਚਾਹੁਣਗੀਆਂ ਉਨ੍ਹਾਂ ਦਾ ਸਵਾਗਤ ਹੈ। ਭਾਜਪਾ ਤੇ ਐਨਡੀਏ ਦੇ ਇਸ ਅਲਾਪ ਦੇ ਨਾਲ ਹੀ ਹੋਰ ਪਾਰਟੀਆਂ ਵੱਲੋਂ ਵੀ ਸੁਰ ਬਦਲੀ ਜਾਣ ਲੱਗੀ ਹੈ। ਇਹ ਕਿਆਸਅਰਾਈਆਂ ਵੀ ਜ਼ੋਰਾਂ 'ਤੇ ਹਨ ਕਿ ਏਆਈ ਡੀਐਮਕੇ ਅਤੇ ਬੀਜੇਡੀ ਦੇ ਆਗੂ ਵੀ ਭਾਜਪਾ ਨਾਲ ਗੱਲਬਾਤ ਚਲਾ ਰਹੇ ਹਨ ਤੇ ਉਹ ਵੀ ਐਨਡੀਏ ਨੂੰ ਹਮਾਇਤ ਦੇ ਸਕਦੇ ਹਨ। ਚੋਣ ਮਾਹਰਾਂ ਵੱਲੋਂ ਜ਼ੋਰ ਸ਼ੋਰ ਨਾਲ ਕਿਹਾ ਜਾ ਰਿਹਾ ਹੈ ਕਿ ਕੇਂਦਰ ਵਿੱਚ ਅਗਲੀ ਸਰਕਾਰ ਭਾਜਪਾ ਦੀ ਅਗਵਾਈ ਵਿੱਚ ਐਨਡੀਏ ਦੀ ਬਣੇਗੀ। ਜਾਵਦੇਕਰ ਨੇ ਕਿਹਾ ਕਿ ਨਵੀਂ ਸਥਿਤੀ ਤੇ ਯਥਾਰਥ ਸਾਹਮਣੇ ਸਾਰੀਆਂ ਪਾਰਟੀਆਂ ਆਪਣਾ ਸਥਾਨ ਨਿਰਧਾਰਤ ਕਰ ਰਹੀਆਂ ਹਨ, ਜਦਕਿ ਚੋਣ ਮੁਹਿੰਮ ਦੌਰਾਨ ਇਹ ਅਜਿਹਾ ਮੰਨਣੋਂ ਇਨਕਾਰੀ ਸਨ। ਭਾਜਪਾ ਆਗੂ ਨੇ ਕਿਹਾ ਕਿ ਦੇਸ਼ ''ਸਥਿਰ ਤੇ



ਕਾਰਗੁਜ਼ਾਰੀ ਵਾਲੀ'' ਸਰਕਾਰ ਚਾਹੁੰਦਾ ਹੈ ਤੇ ਐਨਡੀਏ ਕੁਲੀਸ਼ਨ 300 ਤੋਂ ਵੱਧ ਸੀਟਾਂ ਨਾਲ ਸ਼ਾਨਦਾਰ ਅੰਦਾਜ਼ ਵਿੱਚ ਸਰਕਾਰ ਬਣਾਏਗੀ। ਮੁਖ਼ਤਾਰ ਅੱਬਾਸ ਨਕਵੀ ਨੇ ਵੀ ਇਹੋ ਸੁਰ ਅਲਾਪਦਿਆਂ ਕਿਹਾ ਕਿ ਭਾਜਪਾ ਨੇ ''ਨੋ ਐਂਟਰੀ'' ਦਾ ਕੋਈ ਫੱਟਾ ਨਹੀਂ ਲਾਇਆ, ਇਸ ਦੇ ਨਾਲ ਰਲਣ ਲਈ ਆਉਣ ਵਾਲੀਆਂ ਪਾਰਟੀਆਂ ਦਾ ਸਵਾਗਤ ਹੈ। ਉਨ੍ਹਾਂ ਦੀ ਪਾਰਟੀ ਕੇਵਲ ਚੰਗੀ ਸਰਕਾਰ ਦੇਣਾ ਚਾਹੁੰਦੀ ਹੈ ਤੇ ਆਰਥਿਕ ਪੱਖੋਂ ਮਾੜੀ ਹੋਈ ਸਥਿਤੀ ਨੂੰ ਬਿਹਤਰ ਕਰਨਾ ਚਾਹੁੰਦੀ ਹੈ।ਇਸੇ ਦੌਰਾਨ ਬੀਜੇਡੀ ਦੇ ਆਗੂ ਤੇ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਤਾਂ ਐਨਡੀਏ ਨੂੰ ਹਮਾਇਤ ਦੇਣ ਦਾ ਕੋਈ ਵਾਅਦਾ ਨਹੀਂ ਕੀਤਾ ਪਰ ਪਾਰਟੀ ਦੇ ਹੋਰ ਆਗੂ ਸ਼ਰਤਾਂ ਸਹਿਤ ਹਮਾਇਤ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਰਹੇ।

ਬੀਜੇਡੀ ਦੇ ਮੁੱਖ ਵਿੱਪ੍ਹ ਪ੍ਰਵਾਤ ਤ੍ਰਿਪਾਠੀ ਨੇ ਕਿਹਾ ਕਿ ਸਾਰੇ ਦੇਸ਼ ਦੀ ਰਾਏ ਅਤੇ ਸੂਬੇ ਦੇ ਹਿੱਤ ਦੇਖਦਿਆਂ, ਐਨਡੀਏ ਨੂੰ ਕੇਂਦਰ ਵਿੱਚ ਸਰਕਾਰ ਬਣਾਉਣ ਲਈ ਬਾਸ਼ਰਤ ਹਮਾਇਤ ਦੇਣ ਵਿੱਚ ਕੋਈ ਮੁਸ਼ਕਲ ਨਹੀਂ ਹੋਣੀ ਚਾਹੀਦੀ।

ਬੀਜੇਡੀ ਪਹਿਲਾਂ ਐਨਡੀਏ ਦਾ ਭਾਈਵਾਲ ਰਿਹਾ ਹੈ ਪਰ 2004 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਅੱਡ ਹੋ ਗਿਆ ਸੀ। ਇਸੇ ਦੌਰਾਨ ਐਨਸੀਪੀ ਨੇ ਉਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇਹ ਪਾਰਟੀ ਭਾਜਪਾ ਨਾਲ ਹੱਥ ਮਿਲਾ ਰਹੀ ਹੈ। ਅਸਲ ਵਿੱਚ ਪਾਰਟੀ ਆਗੂ ਪ੍ਰਫੁਲ ਪਟੇਲ ਦੀ 'ਸਥਿਰ' ਸਰਕਾਰ ਵਾਲੀ ਟਿੱਪਣੀ ਮਗਰੋਂ ਇਹ ਗੱਲ ਤੁਰੀ ਸੀ। ਪਾਰਟੀ ਦੇ ਮੁੱਖ ਤਰਜ਼ਮਾਨ ਡੀ.ਪੀ. ਤ੍ਰਿਪਾਠੀ ਨੇ ਕਿਹਾ ਕਿ ਐਨਸੀਪੀ ਹਰ ਤਰ੍ਹਾਂ ਯੂਪੀਏ ਨਾਲ ਹੈ ਤੇ ਇਸੇ ਨਾਲ ਰਹੇਗੀ। ਨਰਿੰਦਰ ਮੋਦੀ ਦੀ ਸਰਕਾਰ ਬਣਨ 'ਤੇ ਉਹ ਵਿਰੋਧੀ ਧਿਰ ਵਿੱਚ ਬੈਠਣਗੇ।ਇਸੇ ਦੌਰਾਨ ਭੋਪਾਲ ਤੋਂ ਭਾਜਪਾ ਦੀ ਸੀਨੀਅਰ ਆਗੂ ਸੁਸ਼ਮਾ ਸਵਰਾਜ ਨੇ ਕਿਹਾ ਕਿ ਉਹ ਪਾਰਟੀ ਤੋਂ ਖਫ਼ਾ ਨਹੀਂ ਹੈ ਜਿਹਾ ਕਿ ਮੀਡੀਆ ਰਿਪੋਰਟਾਂ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਗਡਕਰੀ ਤੇ ਰਾਜਨਾਥ ਸਿੰਘ ਦੀ ਆਪਣੀ ਰਿਹਾਇਸ਼ 'ਤੇ ਫੇਰੀ ਦੇ ਸਿਲਸਿਲੇ ਵਿੱਚ ਉਨ੍ਹਾਂ ਕਿਹਾ ਕਿ ਇਹ ਮਹਿਜ਼ ਸ਼ਿਸ਼ਟਾਚਾਰ ਵਜੋਂ ਫੇਰੀ ਸੀ।

## ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਖੇ ਵੱਖ-ਵੱਖ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ

ਮਿਲਪੀਟਸ- ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ (ਟੈਕਸਾਸ) ਵਿਖੇ ਅਪਰੈਲ ਤੇ ਮਈ ਦਾ ਚਲ ਰਿਹਾ ਮਹੀਨਾ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਤਿਉਹਾਰਾਂ ਦੇ ਸਮਾਗਮਾਂ ਵਿੱਚ ਬਤੀਤ ਹੋਇਆ। ਡੈਲਸ, ਫੋਰਟ ਵਰਥ ਦੀਆਂ ਸੰਗਤਾਂ ਨੇ ਇਨ੍ਹਾਂ ਤਿਉਹਾਰਾਂ



ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਅਪ੍ਰੈਲ ਦੇ ਪਹਿਲੇ ਹਫ਼ਤੇ ਹਾਰਡਿੰਗ ਯੂਨੀਵਰਸਿਟੀ ਆਰਕਲਾਸਾਸ ਤੋਂ ਤਕਰੀਬਨ 100-125 ਅਮਰੀਕਨ ਵਿਦਿਅਰਥੀਆਂ ਨੇ ਗੁਰੂ ਘਰ ਗਾਰਲੈਂਡ ਸਿੱਖ ਟੈਂਪਲ ਵਿਖੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਹਾਜ਼ਰੀਆਂ ਭਰੀਆਂ ।ਪ੍ਰਬੰਧਕਾਂ ਅਤੇ ਸੰਗਤ ਦੇ ਮੈਂਬਰਾਂ ਨੇ ਵਿਦਿਆ ਰਥੀਆਂ ਨੂੰ ਸਿੱਖ ਧਰਮ ਤੋਂ ਜਾਣੂੰ ਕਰਵਾਇਆ। ਹਾਰਡਿੰਗ ਯੂਨੀਵਰਸਿਟੀ ਦੇ ਵਿਦਿਆਰਥੀ ਹਰ ਸਾਲ ਅਪ੍ਰੈਲ ਦੇ ਮਹੀਨੇ ਪਿਛ਼ਲੇ 8 ਸਾਲਾਂ ਤੋਂ ਆ ਰਹੇ ਹਨ। ਅਪ੍ਰੈਲ ਦੇ ਦੂਜੇ ਹਫ਼ਤੇ ਖਾਲਸੇ ਦਾ ਜਨਮ ਦਿਹਾੜਾ, ਗੁਰੂਘਰ ਵਿਖੇ ਬਹੁਤ ਹੀ ਸ਼ਰਧਾ ਤੇ (ਬਾਕੀ ਸਫਾ 13 ਤੇ)

## ਮੋਦੀ ਦੇ ਆਉਣ ਤੋਂ ਪਹਿਲਾਂ ਹੀ ਹੈਦਰਾਬਾਦ ਵਿੱਚ ਦੰਗੇ

ਹੈਦਰਾਬਾਦ- ਕੁਝ ਵਿਅਕਤੀਆਂ ਵੱਲੋਂ ਨਿਸ਼ਾਨ ਸਾਹਿਬ ਸਾੜੇ ਜਾਣ ਤੋਂ ਬਾਅਦ ਹੋਏ ਫਿਰਕੂ ਦੰਗਿਆਂ ਨੂੰ ਰੋਕਣ ਲਈ ਪੁਲੀਸ ਵੱਲੋਂ ਕੀਤੀ ਗਈ ਗੋਲੀਬਾਰੀ 'ਚ ਤਿੰਨ ਵਿਅਕਤੀ ਮਾਰੇ ਗਏ। ਪੁਲੀਸ ਨੇ ਝੜਪਾਂ ਤੋਂ ਬਾਅਦ ਰਾਜਿੰਦਰ ਨਗਰ ਪੁਲੀਸ ਸਟੇਸ਼ਨ ਤਹਿਤ ਪੈਂਦੇ ਇਲਾਕੇ 'ਚ ਅਣਮਿੱਥੇ ਸਮੇਂ ਲਈ ਕਰਫਿਊ ਲਾ ਦਿੱਤਾ ਹੈ। ਝੜਪਾਂ 'ਚ 10 ਪੁਲੀਸ ਮੁਲਾਜ਼ਮਾਂ ਸਮੇਤ 17 ਲੋਕ ਜ਼ਖ਼ਮੀ ਹੋਏ ਹਨ। ਪੁਲੀਸ ਮੁਤਾਬਕ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਜਦੋਂ ਪੁਰਾਣੇ ਸ਼ਹਿਰ ਦੇ ਕਿਸ਼ਨ ਬਾਗ ਇਲਾਕੇ (ਸਿੱਖ ਛਾਉਣੀ) 'ਚ ਨਿਸ਼ਾਨ ਸਾਹਿਬ ਨੂੰ ਅੱਗ ਲਾ ਦਿੱਤੀ ਗਈ। ਜਿਵੇਂ ਹੀ ਇਹ ਖ਼ਬਰ ਫੈਲੀ ਤਾਂ ਵੱਡੀ ਗਿਣਤੀ 'ਚ ਇਕ ਫ਼ਿਰਕੇ ਦੇ ਲੋਕ ਜੁੜਨੇ ਸ਼ੁਰੂ ਹੋ ਗਏ। .ਪੁਲੀਸ ਨੇ ਦੱਸਿਆ ਕਿ ਇਲਾਕੇ ਦੇ ਕੁਝ ਹਿੱਸਿਆਂ 'ਚ ਅੱਗਜ਼ਨੀ ਵੀ ਹੋਈ ਹੈ। ਹਾਲਾਂਕਿ ਪੁਲੀਸ ਨੇ ਭੀੜ ਨੂੰ ਖਿੰਡਾ ਦਿੱਤਾ। ਕੁਝ ਸਮੇਂ ਬਾਅਦ ਦੋਵੇਂ ਫ਼ਿਰਕਿਆਂ ਦੇ ਸੈਂਕੜੇ ਲੋਕ ਇਕੱਠੇ ਹੋ ਗਏ ਅਤੇ ਇਕ-ਦੂਜੇ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਪੁਲੀਸ ਨੇ ਜਦੋਂ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਕੁਝ ਜਵਾਨ ਵੀ ਜ਼ਖ਼ਮੀ ਹੋ ਗਏ। ਪੁਲੀਸ ਨੇ ਭੀੜ 'ਤੇ ਕਾਬੂ ਪਾਉਣ ਲਈ ਗੋਲੀਬਾਰੀ ਕੀਤੀ ਜਿਸ 'ਚ ਘੱਟੋ-ਘੱਟ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ ਅਤੇ ਬਾਅਦ 'ਚ ਉਨ੍ਹਾਂ ਇਲਾਜ ਦੌਰਾਨ ਦਮ ਤੋੜ ਦਿੱਤਾ। ਇਕ ਸੀਨੀਅਰ ਪੁਲੀਸ ਅਧਿਕਾਰੀ ਮੁਤਾਬਕ ਝੜਪਾਂ 'ਚ ਦੋਵੇਂ ਫ਼ਿਰਕਿਆਂ ਦੇ ਕਰੀਬ ਇਕ ਹਜ਼ਾਰ ਲੋਕ ਸ਼ਾਮਲ ਸਨ। ''ਜਦੋਂ ਲਾਠੀਚਾਰਜ ਦਾ ਉਨ੍ਹਾਂ 'ਤੇ ਕੋਈ ਅਸਰ ਨਾ ਹੋਇਆ ਤਾਂ ਪੁਲੀਸ ਨੇ ਚਿਤਾਵਨੀ ਦਿੰਦਿਆਂ ਗੋਲੀਆਂ ਚਲਾ ਦਿੱਤੀਆਂ।




ਡਾ. ਬੀ. ਆਰ. ਅੰਬੇਦਕਰ ਮਿਸ਼ਨ ਸੁਸਾਇਟੀ ਯੂਬਾ ਸਿਟੀ ਨੇ ਬਾਬਾ ਸਾਹਿਬ ਡਾ. ਅੰਬੇਦਕਰ ਜੀ 123ਵਾਂ ਜਨਮ ਦਿਨ ਮਨਾਇਆ ਗਿਆ। ਵਿਸਥਾਰ ਪੂਰਵਕ ਖਬਰ ਅਤੇ ਤਸਵੀਰਾਂ "ਅੰਬੇਦਕਰ ਟਾਈਮਜ਼" ਵਿਚ ਦੇਖੋ


### ਵੱਖਰਾ ਆਨੰਦ ਮੈਰਿਜ ਐਕਟ ਪਾਸ ਹੋਣ ਦਾ ਪ੍ਰਚਾਰ ਗਲਤ ਹੈ

## ਸਿੱਖ 21ਵੀਂ ਸਦੀ ਵਿੱਚ ਫੇਰ ਧੋਖਾ ਖਾ ਗਏ

**ਹਰਦੀਪ ਸਿੰਘ, ਆਜਾਦ ਮੈਂਬਰ ਸ਼੍ਰੋਮਣੀ ਕਮੇਟੀ**

ਖਿਡੌਣਾ ਐਕਟ ਨੂੰ ਪ੍ਰਵਾਨ ਕਰਨ ਵਾਲੀ ਲੀਡਰਸ਼ਿਪ ਨੇ ਵੱਖਰੀ ਸਿੱਖ ਹੋਂਦ ਦੀ ਮੰਗ ਨੂੰ 40 ਸਾਲ ਪਿੱਛੇ ਸੁੱਟ ਦਿੱਤਾ ਹੈ। ਆਨੰਦ ਮੈਰਿਜ ਐਕਟ ਵਿੱਚ ਇੱਕ ਰਜਿਸਟਰ ਲਗਾਉਣ ਤੋਂ ਵੱਧ ਕੁਝ ਵੀ ਨਹੀਂ ਬਦਲਿਆ। ਇਹ ਛੋਟੀ ਜਿਹੀ ਤਰਮੀਮ ਹਾਲੇ ਵੀ ਸਿੱਖਾਂ ਨੂੰ ਹਿੰਦੂ ਦੱਸਣ ਵਾਲੇ ਹਿੰਦੂ ਮੈਰਿਜ ਐਕਟ ਦੇ ਹਿੱਸੇ ਵੱਜੋਂ ਹੈ। ਇਸ ਨਾਲ ਵੱਖਰੀ ਸਿੱਖ ਪਛਾਣ ਦਾ ਮਸਲਾ ਹੱਲ ਨਹੀਂ ਹੋਇਆ ਸਗੋਂ ਹੋਰ ਉਲਝਿਆ ਹੈ। ਕਿਉਂਕਿ 1909 ਦਾ ਆਨੰਦ ਮੈਰਿਜ ਐਕਟ ਆਜਾਦ ਰੂਪ ਵਿੱਚ ਸੀ ਪਰ ਨਵੀਂ ਤਰਮੀਮ ਵਿੱਚ ਤਾਂ ਉਚੇਚਾ ਲਿਖ ਦਿੱਤਾ ਗਿਆ ਕਿ ਵਿਵਾਹ ਲਈ ਬਾਕੀ ਸਭ ਧਾਰਾਵਾਂ ਹਿੰਦੂ ਮੈਰਿਜ ਐਕਟ ਦੀਆਂ ਲਾਗੂ ਹੋਣਗੀਆਂ। ਅਜਿਹਾ ਕਰਨ ਨਾਲ ਸਿੱਖ ਲੀਡਰਾਂ ਨੇ 21ਵੀਂ ਸਦੀ ਵਿੱਚ ਮੁੜ ਪ੍ਰਵਾਨ ਕਰ ਲਿਆ ਹੈ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ। ਇਸ ਨਾਲ ਨਵਾਂ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੀ ਹਿੰਦੂਆਂ ਦਾ ਇੱਕ ਹਿੱਸਾ ਆਨੰਦ ਰੀਤੀ ਅਨੁਸਾਰ ਆਪਣੇ ਵਿਵਾਹ ਕਰਵਾਉਂਦਾ ਹੈ। (ਬਾਕੀ ਸਫਾ 18 ਤੇ)


PRE Prime Real Estate Services
Kulwinder Singh Realtor



Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਸੈਕਰਾਮੈਂਟੋ ਵਿਖੇ ਹੋਏ ਵਾਰਿਸ ਭਰਾਵਾਂ ਦੇ ਪ੍ਰੋਗਰਾਮ ਦੀਆਂ ਕੁਝ ਝਲਕੀਆਂ








Pictures by Prem K. Chumber (www.ambedkartimes.com)















Nationwide®

AUTO HOME LIFE

BUNDLE & SAVE UPTO 25%

Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.

Nationwide* Insurance
www.nationwide.com/jhamat

Manjinder S Jhamat
Jhamat Insurance Agency
1743 Grand Canal Blvd. Suite 12
Stockton CA 95207
(209) 472-2061
jhamatm@nationwide.com

Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)



Manjinder S Jhamat

INDIA BAZAAR




Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 'ਮਦਰ ਡੇਅ' ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ







ਯੂਬਾ ਸਿਟੀ (ਦਲਵਿੰਦਰ ਰੱਲ੍ਹ)- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੇ 'ਮਦਰ ਡੇਅ' 11 ਮਈ ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ। ਇਸ ਮੌਕੇ ਸਭ ਮਾਣਯੋਗ ਮਾਵਾਂ, ਭੈਣਾਂ ਨੂੰ ਕੋਟਿਨ ਕੋਟਿ ਪ੍ਰਣਾਮ ਕਰਦਿਆਂ ਉਹਨਾਂ ਨੂੰ 'ਮਦਰ ਡੇਅ' ਉਤੇ ਵਧਾਈਆਂ ਦਿੱਤੀਆਂ ਗਈਆਂ। ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਤੇ ਹੋਰ ਬੁਲਾਰਿਆਂ ਨੇ ਗੁਰਬਾਣੀ ਅਨੁਸਾਰ ਅਤੇ ਇਤਿਹਾਸ ਮੁਤਾਬਕ ਮਾਤਾਵਾਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਗੁਣਗਾਨ ਕਰਦਿਆਂ ਕੋਟਿਨ ਕੋਟਿ ਪ੍ਰਣਾਮ ਕੀਤਾ।

ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਔਰਤ ਵਰਗ ਪ੍ਰਤੀ ਉਦਾਰਤਾ ਦਾ ਵਿਖਿਆਨ ਕਰਦਿਆਂ 'ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ' ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਨੇ ਸੰਗਤਾਂ ਨੂੰ ਨਿਹਾਲ ਕੀਤਾ।

ਵੱਖ ਵੱਖ ਬੁਲਾਰਿਆਂ ਨੇ ਮਾਂ ਦੀ ਮਹਾਨਤਾ ਦਾ ਗੁਣਗਾਨ ਕਰਦਿਆਂ ਉਸ ਨੂੰ ਕੋਟਿਨ ਕੋਟਿ ਪ੍ਰਣਾਮ ਕੀਤਾ।ਇਸ ਉਪਰੰਤ ਗੁਰੂ ਦੇ ਕੜਾਹ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਗਏ। ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਿਭਾਉਂਦਿਆਂ ਖੁਦ ਵੀ ਮਦਰ ਡੇਅ ਤੇ ਸਭ ਮਾਤਾਵਾਂ ਨੂੰ ਆਪਣੇ ਵੱਲੋਂ ਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਕੋਟਿਨ ਕੋਟਿ ਪ੍ਰਣਾਮ ਕਰਦਿਆਂ ਗੁਰੂ ਘਰ ਦੇ ਹਰ ਕੰਮ ਵਿਚ ਖਾਸ ਕਰਕੇ ਰਸੋਈ ਦੀ ਸੇਵਾ ਬਹੁਤ ਸੁਚੱਜੇ ਅਤੇ ਵਧੀਆ ਤਰੀਕੇ ਨਾਲ ਨਿਭਾਉਣ ਲਈ ਸਭਨਾਂ ਮਾਤਾਵਾਂ ਦਾ ਧੰਨਵਾਦ ਕੀਤਾ।

# ਸੈਕਰਾਮੈਂਟੋ (ਕੈਲੀਫੋਰਨੀਆ) ਵਿਖੇ ''ਮਸੀਹੀ ਸਤਸੰਗ'' ਪੰਜਾਬੀ ਵਰਸ਼ਿਪ ਸਰਵਿਸ ਦਾ ਸ਼ੁਭ ਆਰੰਭ







Pictures by Prem K. Chumber (www.ambedkartimes.com)

ਸੈਕਰਾਮੈਂਟੋ (ਕੈਲੀਫੋਰਨੀਆ) ਬੀਤੀ 27 ਅਪ੍ਰੈਲ ਦਿਨ ਐਤਵਾਰ ਦਾ ਦਿਨ ਖੁਸ਼ੀ ਲੈ ਕੇ ਆਇਆ ਕਿ ਸੈਕਰਾਮੈਂਟੋ ਵਿਖੇ ਪ੍ਰੋਗਰੈਸਿਵ ਫੇਥ ਮਨਿਸਟਰੀਜ਼ ਇੰਟਰਨੈਸ਼ਨਲ ਵੱਲੋਂ ਮਸੀਹੀ ਸਤਸੰਗ ਪੰਜਾਬੀ ਵਰਸ਼ਿਪ ਸਰਵਿਸ ਦਾ ਸ਼ੁਭ ਆਰੰਭ ਬੜੇ ਵੱਡੇ ਜਨ ਸਮੂਹ ਵਿਚ ਕੀਤਾ ਗਿਆ। ਆਰੰਭ ਵਿਚ ਪਾਸਟਰ ਰੋਨਾਲਡ ਨੈਸਸਨ ਨੇ ਨਵੀਂ ਮਸੀਹੀ ਅਰਾਧਨਾ ਦੇ ਸ਼ੁਰੂ ਕਰਨ ਉਤੇ ਸਰਵਉਚ ਪਰਮੇਸ਼ਵਰ ਪ੍ਰਭੂ ਯਿਸ਼ੂ ਮਸੀਹ ਦੇ ਚਰਨਾਂ ਵਿਚ ਧੰਨਵਾਦ ਦੀ ਭੇਂਟ ਚੜ੍ਹਾਉਂਦਿਆਂ ਹੋਇਆਂ ਦੁਆ ਕੀਤੀ।

ਇਸ ਉਪਰੰਤ ਪੰਜਾਬੀ ਸੇਵਿਕਾਈ ਵੱਲੋਂ ਬੀਬੀ ਸੁਖਪਿੰਦਰ ਕੌਰ ਬੋਏਲ ਦੀ ਅਗਵਾਈ ਹੇਠ ਸ. ਦਿਲਬਾਗ ਸਿੰਘ, ਬੀਬੀ ਰਵਿੰਦਰ ਕੌਰ, ਬੀਬੀ ਜਸਮੀਨ ਸਿੰਘ ਅਤੇ ਬੀਬੀ ਜਸਲੀਨ ਸਿੰਘ ਨੇ ਮਿਲ ਕੇ ਪ੍ਰਮੇਸ਼ਵਰ ਦੀ ਸ੍ਰਤੁਤਿ ਦੇ ਤਿੰਨ ਬਹੁਤ ਹੀ ਪਿਆਰੇ ਰੂਹਾਨੀ ਗੀਤ ਗਾਏ।

ਪੰਜਾਬੀ ਮਸੀਹੀ ਸੇਵਾ ਦੇ ਪਾਸਟਰ ਜਸਜੀਤ ਸਿੰਘ ਨੇ ਪ੍ਰਮੇਸ਼ਵਰ ਦੇ ਸੁੰਦਰ ਸ਼ਬਦ ਦਾ ਪ੍ਰਚਾਰ ਕੀਤਾ। ਪ੍ਰਚਾਰ ਵਿਚ ਪਾਸਟਰ ਸਿੰਘ ਨੇ ਪਵਿੱਤਰ ਬਾਈਬਲ ਦੀਆਂ ਬਹੁਤ ਹੀ ਢੁਕਵੀਆਂ ਵਰਸੇਸ ਦੇ ਕੇ ਦੱਸਿਆ ਕਿ ਪ੍ਰਮੇਸ਼ਵਰ ਨੇ ਚਰਚ ਨੂੰ ਇਕ ਪਵਿੱਤਰ ਆਤਮਾ ਭਰਪੂਰ ਕਲਾਕ੍ਰਿਤ ਸਾਜਿਆ ਸੀ ਅਤੇ ਆਪਣੇ ਚੇਲਿਆਂ ਨੂੰ ਕਿਹਾ ਸੀ ਕਿ ਤੁਹਾਨੂੰ ਸੁਰਗ ਤੋਂ ਪਵਿੱਤਰ ਆਤਮਾ ਦੀ ਬਖਸ਼ਿਸ਼ ਮਿਲਣ ਤੋਂ ਬਾਅਦ ਤੁਸੀਂ ਖੁਸ਼ਖਬਰੀ ਦੇ ਸੁਨੇਹੇ ਨੂੰ ਧਰਤੀ ਦੇ ਬੰਨਿਆਂ ਤੱਕ ਮੇਰੇ ਗਵਾਹ ਹੋ ਕੇ ਪਹੁੰਚਾਓਗੇ। ਇਸ ਲਈ ਮਸੀਹ ਦੇ ਹਰ ਵਿਸ਼ਵਾਸੀ ਲਈ ਇਹ ਜ਼ਰੂਰੀ ਹੈ ਕਿ ਉਹ ਪ੍ਰਮੇਸ਼ਵਰ ਵੱਲੋਂ ਦਿੱਤੀ ਗਈ ਪਵਿੱਤਰ ਆਤਮਾ ਦੀ ਬਖਸ਼ਿਸ਼ ਪ੍ਰਾਪਤ ਕਰਕੇ ਸਾਰੇ ਸੰਸਾਰ ਵਿਚ ਯਿਸ਼ੂ ਮਸੀਹ ਦੇ ਗਵਾਹ ਹੋਣ।

ਉਹਨਾਂ ਦੱਸਿਆ ਕਿ ਪ੍ਰਮੇਸ਼ਵਰ ਦੇ ਸ਼ਬਦ ਅਨੁਸਾਰ ਇਹ ਜ਼ਰੂਰੀ ਹੈ ਕਿ ਹਰ ਇਕ ਇਨਸਾਨ ਗੁਨਾਹਾਂ ਤੋਂ ਤੌਬਾ ਕਰੇ, ਪ੍ਰਭੂ ਯਿਸ਼ੂ ਮਸੀਹ ਨੂੰ ਆਪਣਾ ਮੁਕਤੀਦਾਤਾ ਕਬੂਲ ਕਰੇ, ਯਿਸ਼ੂ ਦੇ ਨਾਮ ਉਤੇ ਬਪਤਿਸਮਾ ਲਵੇ ਅਤੇ ਉਸਨੂੰ ਪਿਤਾ ਵੱਲੋਂ ਪਵਿੱਤਰ ਆਤਮਾ ਦੀ ਬਖਸ਼ਿਸ਼ ਪ੍ਰਾਪਤ ਹੋਵੇਗੀ। ਇਸ ਤਰ੍ਹਾਂ ਉਸਦਾ ਰੂਹਾਨੀ ਜਨਮ ਹੋ ਜਾਵੇਗਾ ਅਤੇ ਉਹ ਸੁਰਗ ਵਿਚ ਜਾਣ ਦਾ ਭਾਗੀਦਾਰ ਹੋ ਜਾਵੇਗਾ। ਕਿਉਂਕਿ ਸੁਰਗ ਦਾ ਰਾਜ ਕੇਵਲ ਰੂਹਾਂ ਦਾ ਰਾਜ ਹੈ ਅਤੇ ਉਥੇ ਇਹ ਪਾਪੀ ਸਰੀਰ ਨਹੀਂ ਜਾ ਸਕਦੇ, ਇਸ ਲਈ ਇਹ ਸਭਨਾਂ ਲਈ ਜ਼ਰੂਰੀ ਹੈ ਕਿ ਉਹ ਸੁਰਗ ਦੇ ਰਾਜ ਵਿਚ ਜਾਣ ਲਈ ਪਾਣੀ ਅਤੇ ਆਤਮਾ ਤੋਂ ਜਨਮ ਲਵੇ।

ਇਸ ਉਪਰੰਤ ਸਾਰਿਆਂ ਦੇ ਘਰ ਪਰਿਵਾਰਾਂ ਲਈ, ਤਮਾਮ ਦੁਨੀਆਂ ਭਰ ਦੀਆਂ ਬਿਮਾਰੀਆਂ ਤੋਂ ਛੁਟਕਾਰੇ ਲਈ ਦੁਆਵਾਂ ਕੀਤੀਆਂ ਗਈਆਂ।

ਪ੍ਰੋਗਰਾਮ ਦੇ ਅੰਤ ਵਿਚ ਪਾਸਟਰ ਰੋਨਾਰਡ ਨੈਲਸਨ ਜੀ ਦੀ ਧਰਮ ਪਤਨੀ ਲੇਡੀ ਡੈਨਿਸ ਨੈਲਸਨ ਅਤੇ ਪਾਸਟਰ ਸਿੰਘ ਦੀ ਧਰਮ ਪਤਨੀ ਰਵਿੰਦਰ ਕੌਰ ਨੇ ਮਿਲ ਕੇ ਕੇਕ ਕੱਟਿਆ ਅਤੇ ਛੋਟੇ ਬੱਚਿਆਂ ਨੂੰ ਕੈਂਡਲ ਵੰਡੀਆਂ। ਇਸ ਸ਼ੁਭ ਮੌਕੇ ਤੇ ਮੋਡੈਸਟੋ, ਲੋਡਾਈ, ਸਟਾਕਟਨ ਅਤੇ ਸੈਕਰਾਮੈਂਟੋ ਤੋਂ ਆਏ ਹੋਏ ਪੰਜਾਬੀ ਮਸੀਹੀ ਪਰਿਵਾਰਾਂ ਨੇ ਪ੍ਰਮੇਸ਼ਵਰ ਦੇ ਆਨੰਦ ਵਿਚ ਸਾਰਿਆਂ ਨੂੰ ਖੁਸ਼ੀ ਦੇ ਸੁਨੇਹਾ ਦਿੱਤਾ। ਇਸ ਚਰਚ ਵਿਚ ਹਰ ਸ਼ਨੀਵਾਰ ਨੂੰ ਸ਼ਾਮੀ 6 ਤੋਂ 7.30 ਵਜੇ ਤੱਕ ਬਾਈਬਲ ਸਟੱਡੀ ਅਤੇ ਹਰ ਐਤਵਾਰ 9 ਵਜੇ ਸਵੇਰ ਤੋਂ 10.30 ਵਜੇ ਤੱਕ ਪ੍ਰਭੂ ਅਰਾਧਨਾ ਹੋਵੇਗੀ।

ਪੰਜਾਬੀ ਮਸੀਹੀ ਅਰਾਧਨਾ ਬਾਰੇ ਜ਼ਿਆਦਾ ਜਾਣਕਾਰੀ ਲਈ 916-604-0035 ਤੇ ਸੰਪਰਕ ਕੀਤਾ ਜਾ ਸਕਦਾ ਹੈ। (ਰਿਪੋਰਟ ਡਾਕਟਰ ਜਸਜੀਤ ਸਿੰਘ)

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਏ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ

ਦਲਵਿੰਦਰ ਰੱਲ੍ਹ

**ਪਹਿਲੀ ਜੂਨ ਦਿਨ ਐਤਵਾਰ ਦਾ ਪ੍ਰੋਗਰਾਮ**

ਪੰਜਵੀਂ ਪਾਤਸ਼ਾਹੀ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਸ਼ਹੀਦੀ ਦਿਹਾੜਾ ਗੁਰੂ ਘਰ ਵਿਖੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਹਿਲੀ ਜੂਨ ਨੂੰ ਮਨਾਇਆ ਜਾਵੇਗਾ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਦਿਨ ਸ਼ੁੱਕਰਵਾਰ 30 ਮਈ ਨੂੰ ਸਵੇਰੇ 11 ਵਜੇ ਆਰੰਭ ਕੀਤੇ ਜਾਣਗੇ ਅਤੇ ਸ਼ਨਿਚਰਵਾਰ 31 ਮਈ ਨੂੰ ਸ਼ਾਮ ਸੱਤ ਵਜੇ ਕੀਰਤਨ ਦਰਬਾਰ ਸਜਾਏ ਜਾਣਗੇ।ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਅਤੇ ਕਥਾਵਾਚਕ ਸਤਿਗੁਰੂਆਂ ਦੀ ਪਾਵਨ ਬਾਣੀ ਨਾਲ ਜੋੜਨਗੇ।

**ਪਹਿਲੀ ਜੂਨ ਦਿਨ ਐਤਵਾਰ ਨੂੰ**

ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਜਾਣਗੇ ਅਤੇ ਗੁਰੂ ਦੇ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਜਾਣਗੇ। ਇਸ ਦੌਰਾਨ ਰਾਗੀ ਢਾਡੀ ਜਥੇ ਤੇ ਕਥਾਵਾਚਕ ਅਤੇ ਬੁਲਾਰੇ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਤੇ ਸ਼ਬਦ ਗਾਇਨ ਵਾਂਗ ਆਪੋ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ।

**15 ਜੂਨ ਦਿਨ ਐਤਵਾਰ ਦਾ ਪ੍ਰੋਗਰਾਮ:-**

15 ਜੂਨ ਦਿਨ ਐਤਵਾਰ ਨੂੰ ਹਾੜ ਦੀ ਸੰਗਰਾਂਦ ਦਿਹਾੜਾ ਮਨਾਇਆ ਜਾਵੇਗਾ। ਜਿਸ ਦੀ ਸੇਵਾ ਮਾਤਾ ਤ੍ਰਿਪਤਾ ਜੀ ਅਤੇ ਉਹਨਾਂ ਦੇ ਗੁਰਮੁਖ ਪਰਿਵਾਰ ਵੱਲੋਂ ਕਰਾਈ ਜਾਵੇਗੀ। ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਸਨਿਮਰ ਬੇਨਤੀ ਹੈ ਕਿ ਸਮੂਹ ਸੰਗਤਾਂ ਪਰਿਵਾਰਾਂ ਸਮੇਤ ਹਾਜ਼ਰੀ ਭਰ ਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੋਏ ਸਾਨੂੰ ਧੰਨਵਾਦੀ ਬਣਾਉਣ ਦੀ ਕਿਰਪਾਲਤਾ ਕਰਨ ਜੀ।


**22 ਜੂਨ ਦਿਨ ਐਤਵਾਰ**

22 ਜੂਨ ਦਿਨ ਐਤਵਾਰ ਨੂੰ ਸਤਿਗੁਰੂ ਕਬੀਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਵਿਖੇ ਮਨਾਇਆ ਜਾਵੇਗਾ।ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 20 ਜੂਨ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਆਰੰਭ ਕੀਤੇ ਜਾਣਗੇ ਅਤੇ 21 ਜੂਨ ਦਿਨ ਸ਼ਨਿਚਰਵਾਰ ਸ਼ਾਮ ਸੱਤ ਵਜੇ ਕੀਰਤਨ ਦਰਬਾਰ ਸਜਾਏ ਜਾਣਗੇ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਤੇ ਕਥਾਵਾਚਕ ਸ਼ਬਦ ਗਾਇਨ ਅਤੇ ਕਥਾ ਰਾਹੀਂ ਗੁਰਬਾਣੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਉਹਨਾਂ ਤੋਂ ਇਲਾਵਾ ਬੁਲਾਰੇ ਆਪਣੀਆਂ ਧਾਰਮਿਕ ਕਵਿਤਾਵਾਂ ਤੇ ਗੀਤਾਂ ਤੋਂ ਇਲਾਵਾ ਸਤਿਗੁਰੂ ਕਬੀਰ ਸਾਹਿਬ ਜੀ ਦੇ ਜੀਵਨ ਅਤੇ ਉਹਨਾਂ ਦੁਆਰਾ ਮਾਨਵਤਾ ਦੇ ਭਲੇ ਹਿੱਤ ਸੰਘਰਸ਼ ਬਾਰੇ ਵਿਚਾਰ ਰੱਖਣਗੇ।ਇਸ ਉਪਰੰਤ ਗੁਰੂ ਦੇ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਜਾਣਗੇ।

ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰਾਂ ਸਮੇਤ ਉਪਰੋਕਤ ਦਰਸਾਏ ਗਏ ਪ੍ਰੋਗਰਾਮਾਂ ਵਿਚ ਜ਼ਰੂਰ ਹਾਜ਼ਰੀਆਂ ਭਰ ਕੇ ਸਤਿਗੁਰੂਆਂ ਦੀਆਂ ਖੁਸ਼ੀਆਂ ਪ੍ਰਾਪਤ ਕਰਦਿਆਂ ਸਾਨੂੰ ਧੰਨਵਾਦੀ ਬਣਾਉਣ ਦੀ ਕਿਰਪਾਲਤਾ ਕਰਨਾ ਜੀ। ਉਪਰੰਤ ਪ੍ਰੋਗਰਾਮ ਸਬੰਧਤ ਜਾਣਕਾਰੀ ਲਈ ਪਹਿਲੀ ਅਤੇ 22 ਜੂਨ ਦੀ ਕੋਈ ਵੀ ਗੁਰਮੁਖ ਪਿਆਰਾ ਪਰਿਵਾਰ ਸੇਵਾ ਦਾ ਇਛੁੱਕ ਹੋਵੇ ਤਾਂ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ ਨਾਲ (530) 674-2564 ਤੇ ਸੰਪਰਕ ਕਰ ਸਕਦਾ ਹੈ।

# ਰਾਜ ਸੂਦ ਨੂੰ ਸਦਮਾ, ਪਿਤਾ ਜੀ ਦਾ ਦੇਹਾਂਤ



ਸੈਕਰਾਮੈਂਟੋ- ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਦੇ ਸਟੇਜ ਸੈਕਟਰਬੀ ਸ੍ਰੀ ਰਾਜ ਸੂਦ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਜੀ ਸ੍ਰੀ ਦਾਰਾ ਰਾਮ ਜੀ 76 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਆਪ ਆਪਣਾ ਹੱਸਦਾ ਵੱਸਦਾ ਪਰਿਵਾਰ 4 ਪੁੱਤਰ, ਇਕ ਧੀਅ, ਪੋਤੇ-ਪੋਤੀਆਂ, ਦੋਹਤੇ-ਦੋਹਤਰੀਆਂ ਛੱਡ ਗਏ। ਆਪ ਨੇ ਕਿੱਤੇ ਵਜੋਂ ਲੋਹੇ ਦੀ ਢਲਾਈ ਦੇ ਕਾਰੀਗਰ ਦਾ ਕੰਮ ਕੀਤਾ। ਆਪ ਨੇ ਬੰਗਾ, ਫਗਵਾੜਾ, ਗੁਰਾਇਆਂ ਵਿਖੇ ਲੋਹੇ ਦੀਆਂ ਫੈਕਟਰੀਆਂ ਵਿਚ ਸਖਤ ਮਿਹਨਤ ਕੀਤੀ। ਸੰਨ 1971 ਵਿਚ ਅਮਰ ਨਾਥ ਕਲਸੀ ਐਂਡ ਸੰਨਜ਼ ਬੰਗਾ ਵਿਚ ਕੰਮ ਕਰਦੇ ਸਮੇਂ ਮਜ਼ਦੂਰਾਂ ਦੇ ਹੱਕ ਲਈ ਆਪਣੇ ਮਜ਼ਦੂਰ ਸਾਥੀਆਂ, ਕਾਮਰੇਡ ਪਰਮਾ ਚੰਦ, ਸ੍ਰੀ ਠਾਕੁਰ ਦਾਸ ਚਿੱਤਰਾ, ਸ੍ਰੀ ਸੋਹਣ ਲਆਲ ਗੁਰੂ, ਸ੍ਰੀ ਮਹਿੰਰਦ ਖਟਕੜ, ਸ੍ਰੀ ਬਿਸ਼ੰਬਰ ਦਾਸ ਸੂਦ ਅਤੇ ਸ੍ਰੀ ਗੁਰਮੇਲ ਸਿੰਘ ਦੁਸਬਾਂਝ ਦੀ ਅਗਵਾਈ ਵਿਚ ਸੰਘਰਸ਼ ਆਰੰਭਿਆ। 6 ਮਹੀਨੇ ਹੜਤਾਲ ਕੀਤੀ, ਪੁਲਿਸ ਨੇ ਗ੍ਰਿਫਤਾਰੀਆਂ ਕੀਤੀਆਂ, ਤਸ਼ੱਦਦ ਕੀਤੇ, ਜੇਲ੍ਹ ਭੇਜਿਆ, ਲੇਬਰ ਕੋਰਟ ਵਿਚ ਕੇਸ ਚੱਲੇ ਪਰ ਸਰਮਾਏਦਾਰੀ ਅੱਗੇ ਝੁਕੇ ਨਹੀਂ। ਆਪ ਨੇ ਅੱਤ ਦੀ ਗਰੀਬੀ ਹੋਣ ਦੇ ਬਾਵਜੂਦ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਦੇ ਹੋਏ ਆਪਣੇ ਬੱਚਿਆਂ ਨੂੰ ਪੜ੍ਹਾਇਆ, ਕੰਮਕਾਰ ਵਿਚ ਸਥਾਪਤ ਕੀਤਾ। ਆਪ ਨੇ ਆਪਣੇ ਪੁੱਤਰ ਰਾਜ ਸੂਦ ਨੂੰ ਉਚੇਰੀ ਸਿੱਖਿਆ ਦਿਵਾਈ। ਆਪਣੇ ਪੁੱਤਰ ਨੂੰ ਪੁਲਿਸ ਵਿਚ ਭਰਤੀ ਕਰਵਾਇਆ, ਜੋ ਬਾਅਦ ਵਿਚ ਅਮਰੀਕਾ ਸੈਟ ਹੋ ਗਏ। ਆਪ 2011 ਵਿਚ ਪੱਕੇ ਤੌਰ ਤੇ ਅਮਰੀਕਾ ਆ ਗਏ ਪਰ ਵਤਨ ਦਾ ਮੋਹ ਹੋਣ ਕਰਕੇ 6 ਮਹੀਨੇ ਬਾਅਦ ਹੀ ਵਾਪਸ ਚਲੇ ਗਏ। ਲੰਮੀ ਬਿਮਾਰੀ ਤੋਂ ਬਾਅਦ 1 ਮਈ 2014 ਨੂੰ ਇਸ ਸੰਸਾਰ ਤੋਂ ਕੂਚ ਕਰ ਗਏ।

ਰਾਜ ਸੂਦ ਇਕ ਪੜ੍ਹੇ-ਲਿਖੇ ਅਗਾਂਹ ਵਧੂ ਆਗੂ ਹਨ, ਜੋ ਸਮਾਜਿਕ, ਧਾਰਮਿਕ ਕੰਮਾਂ ਵਿਚ ਵੱਧ ਚੜ੍ਹ ਕੇ ਭਾਗ ਲੈਂਦੇ ਹਨ। ਜਦੋਂ ਉਹਨਾਂ ਨੂੰ ਆਪਣੇ ਪਿਤਾ ਦੇ ਬਿਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਉਦੋਂ ਹੀ ਆਪਣੇ ਪਿੰਡ ਚਲੇ ਗਏ ਅਤੇ ਸੇਵਾ ਕੀਤੀ। ਅਦਾਰਾ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਰਾਜ ਸੂਦ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਰਾਜ ਸੂਦ ਨਿਰਮਲ ਸਿੰਘ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਅਤੇ ਅਮਰ ਦੜੋਚ ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਉਹਨਾਂ ਦਾ ਅੰਤਿਮ ਸਸਕਾਰ ਜੱਦੀ ਪਿੰਡ ਦੋਸਾਂਝ ਖੁਰਦ ਵਿਖੇ ਕੀਤਾ ਗਿਆ। ਅੰਤਿਮ ਅਰਦਾਸ ਅਤੇ ਰਸਮ ਪਗੜੀ ਮਿਤੀ 14 ਮਈ 2014 ਨੂੰ ਜੱਦੀ ਪਿੰਡ ਦੋਸਾਂਝ ਖੁਰਦ, ਵਿਖੇ ਕੀਤੀ ਜਾਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਰਾਜ ਸੂਦ ਫੋਨ ਨੰਬਰ 916-370-3542 ਅਤੇ ਸ੍ਰੀ ਸੁੱਚਾ ਸਿੰਘ ਸੂਦ 94171-26953 ਇੰਡੀਆ ਕਾਲ ਕਰ ਸਕਦੇ ਹੋ।

## 'ਸਰਦਾਰ ਹਰੀ ਸਿੰਘ ਨਲਵਾ ਦੇ 177 ਵੇਂ ਸ਼ਹੀਦੀ ਦਿਨ ਤੇ'

# 'ਚੁੱਪ ਸਾ ਹਰੀਆ ਰਾਂਗਲੇ ਦੇ!'



ਐਚ.ਐਲ.ਕਪੂਰ
1 (289)-401-0728


ਸਰਦਾਰ ਹਰੀ ਸਿੰਘ ਨਲਵਾ ਦਾ ਜਨਮ 1791 ਈਸਵੀ ਨੂੰ ਪਿਤਾ ਸਰਦਾਰ ਗੁਰਦਿਆਲ ਸਿੰਘ 'ਉਪਲ' ਖੱਤਰੀ ਜੋ ਗੁਜਰਾਂਵਾਲੇ ਦੇ ਕਾਮੇਦਾਨ ਸਨ ਤੇ ਮਾਤਾ ਸ੍ਰੀਮਤੀ ਧਰਮ ਕੌਰ ਦੀ ਕੁੱਖੋਂ ਹੋਇਆ। ਅਜੇ ਉਹ ਸੱਤ ਸਾਲ ਦੇ ਹੀ ਸਨ ਜਦੋਂ ਉਹਨਾਂ ਦੇ ਪਿਤਾ ਦਾ ਕਿਸੇ ਬਿਮਾਰੀ ਦੇ ਕਾਰਨ ਦਿਹਾਂਤ ਹੋ ਗਿਆ। ਉਨ੍ਹਾਂ ਦੇ ਪਾਲਣ-ਪੋਸਣ ਦੀ ਸਾਰੀ ਜ਼ਿੰਮੇਵਾਰੀ ਉਹਨਾਂ ਦੀ ਮਾਤਾ ਜੀ ਤੇ ਆ ਪਈ। ਉਹਨਾਂ ਨੇ ਇਸ ਜ਼ਿੰਮੇਵਾਰੀ ਨੂੰ ਬੜੀ ਚੰਗੀ ਤਰ੍ਹਾਂ ਨਿਭਾਇਆ। ਬਾਲਕ ਹਰੀ ਸਿੰਘ ਦੀ ਸਿੱਖਿਆ ਦਾ ਖਾਸ ਪ੍ਰਬੰਧ ਕੀਤਾ ਗਿਆ ਤੇ ਇਸ ਦੇ ਨਾਲ ਉਨ੍ਹਾਂ ਨੂੰ ਘੋੜ ਸਵਾਰੀ ਤੇ ਸ਼ਾਸਤਰ ਵਿੱਦਿਆ ਦੀ ਸਿਖਲਾਈ ਵੀ ਦਿੱਤੀ ਗਈ। ਦਸ ਸਾਲ ਦੀ ਉਮਰ ਵਿਚ ਹੀ ਉਹ ਗੁਰਮਤਿ ਦੇ ਲੜ ਲੱਗ ਗਏ।

ਲਾਹੌਰ ਦਰਬਾਰ ਵਿਚ 'ਬਸੰਤ ਪੰਚਮੀ' ਵਾਲੇ ਦਿਨ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਜੀ ਇਕ ਮੇਲਾ ਲਗਾਇਆ ਕਰਦੇ ਸਨ। ਉਸ ਮੇਲੇ ਵਿਚ ਬਹਾਦਰ ਯੋਧੇ ਸ਼ਾਸਤਰ ਚਲਾਉਂਦੇ ਤੇ ਘੋੜ ਸਵਾਰੀ ਦੇ ਕਰਤੱਬ ਦਿਖਾਉਂਦੇ ਸਨ। ਇਸੇ ਮੇਲੇ ਵਿਚ ਸੰਨ 1805 ਈਸਵੀ ਨੂੰ ਸਰਦਾਰ ਹਰੀ ਸਿੰਘ ਨਲਵਾ ਨੇ ਹਥਿਆਰ ਚਲਾਉਣ ਤੇ ਘੋੜ ਸਵਾਰੀ ਦੇ ਜੌਹਰ ਦਿਖਾਏ ਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਖੁਸ਼ ਹੋ ਕੇ ਉਨ੍ਹਾਂ ਨੂੰ ਇਨਾਮ ਵਜੋਂ ਇਕ ਸੋਨੇ ਦਾ ਨੈਕਲਸ ਦਿੱਤਾ ਤੇ ਉਹਨਾਂ ਦਾ ਨਾਮ ਆਪਣੀ ਫੌਜ ਦੇ ਰਸਾਲੇ ਵਿਚ ਦਰਜ ਕਰ ਲਿਆ।

ਇਕ ਦਿਨ ਉਹ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਜੰਗਲ ਵਿਚ ਸ਼ਿਕਾਰ ਖੇਡਣ ਗਏ। ਜੰਗਲ ਵਿਚ ਅਚਾਨਕ ਸ਼ੇਰ ਨੇ ਸਰਦਾਰ ਹਰੀ ਸਿੰਘ ਜੀ ਤੇ ਹਮਲਾ ਕਰ ਦਿੱਤਾ। ਸਰਦਾਰ ਜੀ ਨੇ ਬੜੀ ਮਜ਼ਬੂਤੀ ਨਾਲ ਆਪਣੇ ਪੰਜਿਆਂ ਨਾਲ ਸ਼ੇਰ ਨੂੰ ਦੂਰ ਪਟਕਾ ਕੇ ਮਾਰਿਆ ਤੇ ਸ਼ੇਰ ਦੇ ਦੁਬਾਰਾ ਉੱਠ ਕੇ ਹਮਲਾ ਕਰਨ ਤੋਂ ਪਹਿਲਾਂ ਹੀ ਆਪਣੀ ਤਲਵਾਰ ਕੱਢ ਕੇ ਸ਼ੇਰ ਦਾ ਸਿਰ ਇਕੋ ਹੀ ਝਟਕੇ ਵਿਚ ਉਸ ਦੇ ਧੜ ਨਾਲੋਂ ਅਲੱਗ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਜੀ ਬੜੀ ਨੇੜਿਉਂ ਹੀ ਇਹ ਸਭ ਕੁਝ ਦੇਖ ਰਹੇ ਸਨ ਤੇ ਇਸ ਘਟਨਾ ਤੋਂ ਬਹੁਤ ਖੁਸ਼ ਹੋਏ ਤੇ ਉਹਨਾਂ ਨੂੰ 'ਸ਼ੇਰ ਦਿਲ ਰਿਜਮੈਂਟ' ਦਾ ਕਮਾਂਡਰ ਨਿਯੁਕਤ ਕਰ ਦਿੱਤਾ। ਉਸ ਰਿਜਮੈਂਟ ਵਿਚ 800 ਘੋੜ ਸਵਾਰ ਤੇ ਪੈਦਲ ਸੈਨਾ ਸੀ। ਸ਼ੇਰ ਨੂੰ ਆਪਣੀ ਯੋਗਤਾ ਨਾਲ ਮਾਰਨ ਤੇ ਉਹਨਾਂ ਦੇ ਨਾਮ ਨਾਲ ਉਸੇ ਦਿਨ ਤੋਂ 'ਨਲਵਾ' ਸ਼ਬਦ ਜੁੜ ਗਿਆ।

ਸਰਦਾਰ ਹਰੀ ਸਿੰਘ ਨਲਵਾ (1791-1837) ਦਾ ਭਾਰਤ ਦੇ ਇਤਿਹਾਸ ਵਿਚ ਇਕ ਬਹੁਤ ਹੀ ਮਹੱਤਵਪੂਰਨ ਤੇ ਸ਼ਲਾਘਾਯੋਗ ਸਥਾਨ ਹੈ। ਭਾਰਤ ਦੇ 19ਵੀਂ ਸਦੀ ਦੇ ਇਤਿਹਾਸ ਵਿਚ ਉਹਨਾਂ ਦੀਆਂ ਪ੍ਰਾਪਤੀਆਂ ਦੀ ਆਪਣੇ ਆਪ ਵਿਚ ਇਕ ਮਿਸਾਲ ਹੈ। ਉਹਨਾਂ ਦਾ ਨਿਸ਼ਠਾਵਾਨ ਜੀਵਨ ਕਾਲ ਇਸ ਸਮੇਂ ਦੇ ਇਤਿਹਾਸ ਨੂੰ ਬੜੇ ਸਪਸ਼ਟ ਰੂਪ ਵਿਚ ਪੇਸ਼ ਕਰਦਾ ਹੈ। ਪ੍ਰੰਤੂ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਦਾ ਭਾਰਤ ਦੇ ਇਤਿਹਾਸ ਵਿਚ ਪਾਇਆ ਗਿਆ ਯੋਗਦਾਨ ਅੱਜ ਪੰਜਾਬ ਦੀਆਂ ਹੱਦਾਂ ਅੰਦਰ ਹੀ ਸਿਮਟ ਕੇ ਰਹਿ ਗਿਆ ਹੈ ਤੇ ਉਹ ਸਮੁੱਚੇ ਭਾਰਤ ਦੇ ਇਤਿਹਾਸ ਵਿਚ ਅਗਿਆਤ ਵਾਂਗ ਹੀ ਨਜ਼ਰ ਆਉਂਦੇ ਹਨ। ਇਤਿਹਾਸ ਦੇ ਪੰਨਿਆਂ ਤੇ ਵੀ ਲੱਗਭੱਗ ਉਹਨਾਂ ਦਾ ਨਾਂ ਲੁਪਤ ਹੀ ਦਿਖਾਈ ਦਿੰਦਾ ਹੈ। ਅੱਜ ਉਨ੍ਹਾਂ ਦੇ 177ਵੇਂ ਸ਼ਹੀਦੀ ਦਿਨ ਤੇ ਉਹਨਾਂ ਦੀਆਂ ਅਫ਼ਗਾਨਿਸਤਾਨ ਤੇ ਕੀਤੀਆਂ ਗਈਆਂ ਜਿੱਤਾਂ ਤੇ ਪ੍ਰਾਪਤੀਆਂ ਨੂੰ ਸਮਰਪਣ ਕਰਨਾ ਹੀ ਇਕ ਉਚਿਤ ਸ਼ਰਧਾਂਜਲੀ ਹੋਵੇਗੀ। ਅੱਜ ਜੋ ਹਾਲਤ ਅਫ਼ਗਾਨਿਸਤਾਨ ਦੀ ਹੈ, ਉਸ ਨੂੰ ਸੁਧਾਰਨ ਲਈ ਦੁਨੀਆਂ ਦੀਆਂ ਮਹਾਂ ਸ਼ਕਤੀਆਂ ਅਮਰੀਕਾ, ਰੂਸ ਤੇ ਬਰਤਾਨੀਆ ਦੀਆਂ ਫੌਜਾਂ ਵੀ ਅਸਫਲ ਰਹੀਆਂ ਹਨ। ਪ੍ਰੰਤੂ ਇਹ ਗੱਲ ਅਸੀਂ ਬੜੇ ਮਾਣ ਤੇ ਫ਼ਖ਼ਰ ਨਾਲ ਕਹਿ ਸਕਦੇ ਹਾਂ ਕਿ ਭਾਰਤ ਦੇ ਮਹਾਨ ਸਪੂਤ ਸਰਦਾਰ ਹਰੀ ਸਿੰਘ ਨਲਵਾ ਨੇ ਆਪਣੀ ਦੂਰ-ਅੰਦੇਸ਼ੀ ਤੇ ਬਹਾਦਰੀ ਦੀ ਧਾਕ ਜਮਾਉਣ ਨਾਲ ਇਕ ਸਿੱਖ-ਸੰਤ ਸਿਪਾਹੀ ਵਜੋਂ ਸਥਾਪਤ ਹੋਣ ਦੀ ਮਿਸਾਲ ਸਥਾਪਤ ਕੀਤੀ ਸੀ। ਅੱਜ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਸ੍ਰੀ ਹਾਮਿਦ ਕਰਜ਼ਈ ਦੀ ਸਰਕਾਰ ਕਈ ਔਕੜਾਂ ਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਆਪਣੇ ਹੀ ਦੇਸ਼ ਦੀ ਰੱਖਿਆ ਲਈ ਅੰਤਰ ਰਾਸ਼ਟਰੀ ਫੌਜਾਂ ਤੇ ਨਿਰਭਰ ਹੈ ਤੇ ਹਜ਼ਾਰਾਂ ਦੀ ਤਾਦਾਦ ਵਿਚ ਅਮਰੀਕੀ ਅਤੇ ਬਰਤਾਨਵੀ ਫੌਜਾਂ ਤਾਇਨਾਤ ਹਨ ਜੋ ਤਾਲਿਬਾਨ ਅੱਤਵਾਦੀਆਂ ਦੀਆਂ ਅੱਤਵਾਦੀ ਘਟਨਾਵਾਂ ਨਾਲ ਜੂਝ ਰਹੀਆਂ ਹਨ, ਪ੍ਰੰਤੂ ਇੱਥੇ ਇਹ ਜਾਨਣਾ ਬੜਾ ਜ਼ਰੂਰੀ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਨੇ ਉਥੋਂ ਦੇ ਸਥਾਨਕ ਪ੍ਰਸ਼ਾਸਨ, ਵਿਸ਼ਵਾਸ ਕਰਨ ਯੋਗ ਆਪਣੀਆਂ ਕਾਰਵਾਈਆਂ ਨਾਲ, ਕਿਲ੍ਹਿਆਂ ਦੀ ਸਥਾਪਨਾ ਕਰਕੇ ਤੇ ਆਪਣੇ ਬਾਹੂ-ਬਲ ਨਾਲ ਰਾਜ ਪ੍ਰਬੰਧ ਸਥਾਪਤ ਕੀਤਾ ਸੀ। ਇਹ ਇਸ ਤਰ੍ਹਾਂ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਸੀ ਕਿ ਪਿਸ਼ਾਵਰੀ ਪਸ਼ਤੂਨਾਂ ਤੇ ਕਿਸੇ ਖਾਲਸਾ ਸ਼ਾਸਕ ਨੇ ਪਹਿਲੀ ਵਾਰ ਰਾਜ ਕਾਇਮ ਕੀਤਾ ਹੋਵੇ। ਇਸੇ ਲਈ ਹੀ ਰਣਨੀਤੀ, ਯੁੱਧ ਕਲਾ ਦੀ ਮੁਹਾਰਤ ਤੇ ਦੂਰਅੰਦੇਸ਼ੀ ਦੇ ਨਜ਼ਰੀਏ ਤੋਂ ਸਰਦਾਰ ਹਰੀ ਸਿੰਘ ਨਲਵਾ ਦੀ ਤੁਲਨਾ ਦੁਨੀਆਂ ਦੇ ਮਹਾਨ ਜਰਨੈਲਾਂ ਜਿਵੇਂ, ਨਿਪੋਲੀਅਨ, ਮਾਰਸ਼ਲ ਹੈਡਨਵਰਗ, ਲਾਰਡ ਕਿਚਨਰ, ਜਨਰਲ ਕਾਰਬਿਊਸਰ ਜਾਂ ਡਿਊਕ ਆਫ ਬਲਿੰਗਟਨ (ਸਭ ਯੂਰਪੀਅਨ) ਏਸ਼ੀਆ ਦੇ ਹਲਾਕੂ ਖਾਨ, ਚੰਗੇਜ਼ ਖਾਨ ਤੇ ਅਲਾਉਦੀਨ ਨਾਲ ਕੀਤੀ ਜਾਂਦੀ ਹੈ। ਬਰਤਾਨੀਆ ਦੇ ਲਿਖਾਰੀ ਬੜੇ ਮਾਣ ਨਾਲ ਆਪਣਾ ਸਿਰ ਝੁਕਾਅ ਕੇ ਸਰਦਾਰ ਹਰੀ ਸਿੰਘ ਨਲਵਾ ਨੂੰ ਸਲਾਮ ਮਾਰਦੇ ਹਨ ਕਿ ਉਹਨਾਂ ਨੇ ਅਫ਼ਗਾਨਿਸਤਾਨ ਵਿਚ ਆਪਣੀ ਸਰਦਾਰੀ ਦੇ ਝੰਡੇ ਗੱਡੇ ਸਨ। ਜਦੋਂ ਕਿ ਬਰਤਾਨੀਆ ਦੇ ਹਰ ਯਤਨ ਅਫ਼ਗਾਨਿਸਤਾਨ ਵਿਚ ਆਪਣੀ ਸਰਦਾਰੀ ਬਣਾਉਣ ਲਈ ਫੇਲ੍ਹ ਹੋਏ ਸਨ।

ਸਰਦਾਰ ਹਰੀ ਸਿੰਘ ਨਲਵਾ ਦਾ ਨਾਮ ਮਹਾਨ ਸਿੱਖ ਯੋਧਿਆਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਉਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਿੱਖ ਫੌਜ ਦੇ ਸਭ ਤੋਂ ਵੱਡੇ ਜਨਰਲ (ਕਮਾਂਡਰ-ਇਨ-ਚੀਫ) ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ (1799 ਤੋਂ 1849 ਈ:) ਨੂੰ 'ਸਰਕਾਰ ਖਾਲਸਾ ਜੀ' ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਸੀ। ਸਿੱਖ ਸਾਮਰਾਜ, ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਗਏ ਅਧਿਆਤਮਕ ਮਾਰਗ ਦਾ ਉਹ ਰੂਪ ਸੀ, ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ 1699 ਈਸਵੀ ਨੂੰ 'ਪੰਥ ਖਾਲਸਾ' ਦੀ ਸਾਜਨਾ ਕਰਕੇ ਸੰਗਠਿਤ ਕੀਤਾ ਸੀ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਹ 'ਪੰਥ ਖਾਲਸਾ' ਮੁਗਲਾਂ ਦੇ ਮਾਸੂਮ ਲੋਕਾਂ ਤੇ ਹੋ ਰਹੇ ਜ਼ੁਲਮਾਂ ਦੇ ਵਿਰੁੱਧ ਇਕ ਸ਼ਸਤਰਧਾਰੀ ਫੌਜ ਦੇ ਰੂਪ ਵਿਚ ਤਿਆਰ ਕੀਤਾ ਸੀ। ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਅ ਕੇ ਤੇ ਫਿਰ ਉਨ੍ਹਾਂ ਤੋਂ ਆਪ ਛੱਕ ਕੇ ਪੰਜ ਕਕਾਰਾਂ ਨੂੰ ਧਾਰਨ ਕੀਤਾ ਸੀ। ਉਹ ਪੰਜ ਕਕਾਰ ਸਨ: ਕੇਸ, ਕੰਘਾ, ਕੜਾ, ਕੱਛਾ ਤੇ ਕਿਰਪਾਨ। ਜਿਹੜਾ ਵੀ ਵਿਅਕਤੀ 'ਪੰਥ ਖਾਲਸਾ' ਵਿਚ ਸ਼ਾਮਲ ਹੁੰਦਾ ਹੈ, ਉਹ ਅੰਮ੍ਰਿਤ ਛਕ ਕੇ 'ਖਾਲਸ ਸਿੱਖ' ਜਾਂ 'ਅੰਮ੍ਰਿਤਧਾਰੀ ਸਿੱਖ' ਅਖਵਾਉਂਦਾ ਹੈ। ਇਹ ਪਰਿਵਰਤਨ ਸੰਭਵ ਤੌਰ ਤੇ ਇਕ ਸਿੱਖ ਦੀ ਮਾਨਸਿਕਤਾ ਵਿਚ ਵੱਸ ਜਾਂਦਾ ਹੈ, ਉਸ ਸਿੱਖ ਵਿਚ ਆਤਮ ਵਿਸ਼ਵਾਸ ਪੈਦਾ ਕਰਦਾ ਹੈ, ਯੁੱਧ ਭੂਮੀ ਲਈ ਉਸ ਨੂੰ ਤਿਆਰ ਕਰਦਾ ਹੈ, ਉਹ ਚਿੜੀਆਂ ਤੋਂ ਬਾਜ ਨਾਲ ਲੜਨ ਲਈ ਭਾਵ ਇਕ ਕਮਜ਼ੋਰ ਆਦਮੀ ਜ਼ਾਲਮ ਤੇ ਤਕੜੇ ਨਾਲ ਟੱਕਰ ਲੈਣ ਲਈ ਤਿਆਰ ਹੋ ਜਾਂਦਾ ਹੈ। ਪਿਛਲੀਆਂ ਅੱਠ ਸਦੀਆਂ ਤੋਂ ਲੁੱਟਮਾਰ, ਬਲਾਤਕਾਰ, ਜ਼ੁਲਮ ਅਤੇ ਜਬਰਦਸਤੀ ਇਸਲਾਮ ਧਰਮ ਗ੍ਰਹਿਣ ਕਰਨ ਲਈ ਮਜਬੂਰ ਕਰਨ ਤੋਂ ਬਾਅਦ ਸਿੱਖਾਂ ਨੇ ਭਾਰਤੀ ਉਪ ਮਹਾਂਦੀਪ ਦੇ ਉਸ ਹਿੱਸੇ ਵਿਚ 'ਖਾਲਸਾ ਰਾਜ' ਦੀ ਸਥਾਪਨਾ ਕੀਤੀ, ਜਿੱਥੇ ਅਫ਼ਗਾਨ ਹਮਲਾਵਰ ਨਿੱਤ ਹਮਲੇ ਕਰਦੇ ਸਨ। ਆਪਣੇ ਜੀਵਨ ਕਾਲ ਵਿਚ ਹੀ ਸਰਦਾਰ ਹਰੀ ਸਿੰਘ ਨਲਵਾ ਉਹਨਾਂ ਕਬੀਲਿਆਂ ਲਈ ਆਂਤਕ ਬਣ ਗਏ ਸਨ, ਜਿਹੜੇ ਅਕਸਰ ਦਰ੍ਹਾ ਖੈਬਰ ਦਾ ਰਸਤਾ ਪਾਰ ਕਰਕੇ ਪੰਜਾਬ ਤੇ ਹਮਲੇ ਕਰਦੇ ਤੇ ਲੁੱਟਮਾਰ ਕਰਕੇ ਵਾਪਸ ਮੁੜ ਜਾਂਦੇ ਜਾਂ ਦਿੱਲੀ ਨੂੰ ਜਿੱਤਣ ਲਈ ਵਾਰ-ਵਾਰ ਹਮਲੇ ਕਰਦੇ ਸਨ। ਅੱਜ ਵੀ ਉੱਤਰੀ-ਪੱਛਮੀ ਸੀਮਾ (ਨਾਰਥ ਵੈਸਟਰਨ ਪ੍ਰੋਵਿੰਸ) ਤੇ ਇਕ ਪ੍ਰਸ਼ਾਸਨਿਕ ਅਤੇ ਸੈਨਿਕ ਕਮਾਂਡਰ ਦੇ ਤੌਰ ਤੇ ਸਰਦਾਰ ਹਰੀ ਸਿੰਘ ਨਲਵਾ ਦੁਆਰਾ ਪਾਈ ਗਈ ਠੱਲ੍ਹ ਨੂੰ ਯਾਦ ਕੀਤਾ ਜਾਂਦਾ ਹੈ। ਅੱਜ ਵੀ ਪਠਾਣ ਔਰਤਾਂ ਆਪਣੇ ਬੱਚਿਆਂ ਨੂੰ ਡਰਾਉਣ ਲਈ ਤੇ ਰੋਂਦੇ ਨੂੰ ਚੁੱਪ ਕਰਾਉਣ ਲਈ ਪਸ਼ਤੋ ਭਾਸ਼ਾ ਵਿਚ ਆਖਦੀਆਂ ਹਨ, 'ਚੁੱਪ ਸਾ ਹਰੀਆ ਰਾਂਗਲੇ ਦੇ!' ਭਾਵ ਹੇ! ਬੱਚੇ ਰੋਣੋਂ ਚੁੱਪ ਕਰ ਜਾ ਨਹੀਂ ਤਾਂ ਹਰੀਏ ਭਾਵ ਸਰਦਾਰ ਹਰੀ ਸਿੰਘ ਨਲਵਾ ਆ ਜਾਏਗਾ। ਮੈਂ ਇਸ ਅਖਾਣ ਦੀ ਪੁਸ਼ਟੀ ਲਈ ਤੇ ਇਸ ਹਕੀਕਤ ਨੂੰ ਜਾਨਣ ਲਈ ਆਪਣੀ ਅਫ਼ਗਾਨਿਸਤਾਨ ਯਾਤਰਾ ਦੌਰਾਨ ਕਈ ਅਫ਼ਗਾਨੀਆਂ ਨੂੰ ਪੁੱਛਿਆ ਤੇ ਉਹਨਾਂ ਆਖਿਆ ਕਿ ਇਹ ਬਿਲਕੁਲ ਦਰੁੱਸਤ ਹੈ ਕਿ ਅੱਜ ਵੀ ਅਫ਼ਗਾਨੀ ਲੋਕ ਆਪਣੇ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਉਕਤ ਅਖਾਣ ਦੀ ਵਰਤੋਂ ਕਰਕੇ ਰੋਂਦੇ ਹੋਏ ਤੇ ਜਿੱਦ ਕਰ ਰਹੇ ਬੱਚੇ ਨੂੰ ਡਰਾਉਂਦੀਆਂ ਹਨ। ਇਹ ਅਖਾਣ ਸਾਬਤ ਕਰਦਾ ਹੈ ਕਿ ਸਰਦਾਰ ਹਰੀ ਸਿੰਘ ਨਲਵਾ ਦੀ ਬਹਾਦਰੀ ਤੇ ਆਂਤਕ ਤੋਂ ਅਫ਼ਗਾਨ ਲੋਕ ਉਦੋਂ ਕਿੰਨੇ ਭੈਅ-ਭੀਤ ਤੇ ਡਰਦੇ ਸਨ। ਅੱਜ ਵੀ ਉਹਨਾਂ ਦੀ ਸ਼ਹੀਦੀ ਨੂੰ 177 ਸਾਲ ਬੀਤ ਜਾਣ ਬਾਅਦ ਵੀ ਇਸ ਅਖਾਣ ਦੀ ਮੌਲਿਕਤਾ ਉਵੇਂ ਹੀ ਬਰਕਰਾਰ ਹੈ। ਸਰਦਾਰ ਹਰੀ ਸਿੰਘ ਨਲਵਾ ਦੀਆਂ ਉਪਲਬਧੀਆਂ ਇਸ ਤਰ੍ਹਾਂ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਾਇਮ ਕੀਤੀ ਗਈ ਪ੍ਰੰਪਰਾ ਦੀ ਮੂੰਹੋਂ ਬੋਲਦੀ ਉਦਾਹਰਣ ਹਨ। ਇਸੇ ਲਈ ਹੀ ਸਰ ਹੈਨਰੀ ਗਰੀਫਨ ਨੇ ਸਰਦਾਰ ਹਰੀ ਸਿੰਘ ਨਲਵਾ ਨੂੰ 'ਖਾਲਸਾ ਜੀ ਦਾ ਚੈਂਪੀਅਨ' ਆਖਿਆ ਹੈ। ਬ੍ਰਿਟਿਸ਼ ਸ਼ਾਸਕ ਸਰਦਾਰ ਹਰੀ ਸਿੰਘ ਦੀ ਤੁਲਨਾ ਨੈਪੋਲੀਅਨ ਦੇ ਪ੍ਰਸਿੱਧ ਕਮਾਂਡਰਾਂ ਨਾਲ ਵੀ ਕਰਦੇ ਹਨ।



ਸਰਦਾਰ ਹਰੀ ਸਿੰਘ ਨਲਵਾ ਨੇ ਸ਼ੇਰੇ- ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਖਾਲਸਾ ਰਾਜ ਦੀਆਂ ਭੂਗੋਲਿਕ ਸੀਮਾਵਾਂ ਨੂੰ ਪੰਜਾਬ ਤੋਂ ਲੈ ਕੇ ਕਾਬਲ ਤੱਕ ਬਾਦਸ਼ਾਹਤ ਦੇ ਧੁਰ ਅੰਦਰ ਤੱਕ ਸਥਾਪਤ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਖਾਲਸਾ ਸ਼ਾਸਨ ਕਾਲ ਵਿਚ 1807 ਈ: ਤੋਂ ਲੈ ਕੇ 1837 ਈਸਵੀ ਤੱਕ ਕੋਈ ਤਿੰਨ ਦਹਾਕਿਆਂ ਤੱਕ ਲਗਾਤਾਰ ਸਰਦਾਰ ਹਰੀ ਸਿੰਘ ਨਲਵਾ ਨੇ ਅਫ਼ਗਾਨਾਂ ਨਾਲ ਲੜਾਈਆਂ ਕੀਤੀਆਂ ਤੇ ਜਿੱਤਾਂ ਪ੍ਰਾਪਤ ਕੀਤੀਆਂ ਤੇ ਕਸੂਰ, ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਨੂੰ ਖਾਲਸਾ ਰਾਜ ਵਿਚ ਸ਼ਾਮਲ ਕਰ ਲਿਆ। ਇਸ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਦੀ ਆਰਥਿਕ ਵਿਵਸਥਾ ਹੋਰ ਮਜ਼ਬੂਤ ਹੋ ਗਈ। ਹਰੀ ਸਿੰਘ ਨਲਵਾ ਦੇ ਜੀਵਨ ਦੀ ਪ੍ਰੀਖਿਆ ਦਾ ਨਿਰੀਖਣ ਉਨੀਵੀਂ ਸਦੀ ਦੀ ਪਹਿਲੀ ਛਿਮਾਹੀ ਵਿਚ ਸਿੱਖ-ਅਫ਼ਗਾਨ ਸਬੰਧਾਂ ਦੀ ਪ੍ਰਤੀਨਿਧਤਾ ਹੈ। ਕਾਬਲ ਬਾਦਸ਼ਾਹੀ ਦੇ ਤਿੰਨ ਪਸ਼ਤੂਨ ਵੰਸ਼ਵਾਦੀ ਪ੍ਰਤੀਨਿਧੀ, ਸਰਦਾਰ ਹਰੀ ਸਿੰਘ ਨਲਵਾ ਦੇ ਸਮਕਾਲੀ ਸਨ। ਪਹਿਲਾ ਅਹਿਮਦਸ਼ਾਹ ਅਬਦਾਲੀ ਦਾ ਪੋਤਾ, ਸ਼ਾਹ ਸੁਜਾਹ ਸੀ, ਦੂਸਰਾ ਫਤਿਹ ਖਾਨ, ਦੋਸਤ ਮੁਹੰਮਦ ਖਾਨ ਅਤੇ ਉਹਨਾਂ ਦਾ ਪੁੱਤਰ, ਤੀਸਰਾ ਸੁਲਤਾਨ ਮੁਹੰਮਦ ਖਾਨ ਜੋ ਜਹੀਰ ਸ਼ਾਹ ਅਫ਼ਗਾਨਿਸਤਾਨ ਦੇ ਰਾਜਾ ਦਾ ਪੂਰਵਜ (1933-73) ਸੀ।

ਸਿੰਧ ਨਦੀ ਦੇ ਪਾਰ, ਉੱਤਰੀ-ਪੱਛਮੀ ਖੇਤਰ ਵਿਚ ਪਿਸ਼ਾਵਰ ਦੇ ਆਸ ਪਾਸ, ਅਫ਼ਗਾਨੀ ਲੋਕ ਕਈ ਕਬੀਲਿਆਂ ਵਿਚ ਵੰਡੇ ਹੋਏ ਸਨ। ਅੱਜ ਵੀ ਅਫ਼ਗਾਨਿਸਤਾਨ ਦੇ ਵੱਖ-ਵੱਖ ਕਬੀਲੇ ਕਈ ਸਾਲਾਂ ਤੋਂ ਆਪਸ ਵਿਚ ਲੜ ਰਹੇ ਹਨ। ਉਹ ਕਿਸੇ ਵੀ ਨਿਯਮ ਜਾਂ ਕਾਨੂੰਨ ਦੀ ਪਾਲਣਾ ਨਾ ਕਰਦੇ ਹੋਏ, ਉਹਨਾਂ ਦੀ ਹਮਲੇ ਕਰਨ ਦੀ ਨੀਤੀ, ਉਹਨਾਂ ਦੀ ਇਕ ਪ੍ਰਵਿਰਤੀ ਵਿਚ ਬਦਲ ਚੁੱਕੀ ਹੈ ਤੇ ਇਸ ਨੀਤੀ ਤੋਂ ਉਹ ਟੱਸ ਤੋਂ ਮੱਸ ਨਹੀਂ ਹੁੰਦੇ। ਪੂਰੀ ਤਰ੍ਹਾਂ ਇਸ ਇਲਾਕੇ ਤੇ ਹਰ ਪ੍ਰਸ਼ਾਸਨ ਦਾ ਨਿਯੰਤਰਣ ਰੱਖਣਾ ਹਰ ਸਰਕਾਰ ਦੀ ਇਕ ਸਮੱਸਿਆ ਤੇ ਚੁਣੌਤੀ ਰਹੀ ਹੈ। ਇਸ ਇਲਾਕੇ ਵਿਚ ਸਰਦਾਰ ਹਰੀ ਸਿੰਘ ਨਲਵਾ ਨੇ ਸਿੰਧ ਨਦੀ ਪਾਰ ਕਰਕੇ ਆਪਣੀਆਂ ਕੋਸ਼ਿਸ਼ਾਂ ਦੁਆਰਾ ਅਫ਼ਗਾਨਿਸਤਾਨ ਸਾਮਰਾਜ ਦੇ ਇਕ ਵੱਡੇ ਹਿੱਸੇ ਤੇ ਕਬਜ਼ਾ ਕਰਕੇ ਖਾਲਸਾ ਰਾਜ ਦੀ ਉੱਤਰ-ਪੱਛਮ ਸੀਮਾ ਦਾ ਵਿਸਥਾਰ ਕੀਤਾ ਸੀ। ਸਰਦਾਰ ਹਰੀ ਸਿੰਘ ਨਲਵਾ ਦੀ ਸੈਨਾ ਨੇ ਅਫ਼ਗਾਨਾਂ ਨੂੰ ਦਰ੍ਹਾ-ਖੈਬਰ ਤੋਂ ਵਰ੍ਹੇ ਬੁਰੀ ਤਰ੍ਹਾਂ ਖਦੇੜ ਕੇ ਇਹਨਾਂ ਅਫ਼ਗਾਨ ਹਮਲਾਵਰਾਂ ਕਬਾਇਲੀਆਂ ਭਾਵ ਪਠਾਣਾਂ ਦੀ ਐਸੀ ਦੁਰਗਤੀ ਕੀਤੀ ਜਿਸ ਦੇ ਫਲਸਰੂਪ ਸਰਦਾਰ ਹਰੀ ਸਿੰਘ ਨਲਵਾ ਨੇ ਇਤਿਹਾਸ ਦੀ ਧਾਰਾ ਹੀ ਬਦਲ ਦਿੱਤੀ।

ਦਰ੍ਹਾ-ਖੈਬਰ ਪੱਛਮ ਵਾਲੀ ਦਿਸ਼ਾ ਤੋਂ ਆਉਣ ਵਾਲਿਆਂ ਲਈ ਇਕ ਮੁੱਖ-ਦੁਆਰ ਹੈ ਜੋ ਇਕ ਬਹੁਤ ਹੀ ਮਹੱਤਵਪੂਰਨ ਰਸਤਾ ਹੈ। ਦਰ੍ਹਾ-ਖੈਬਰ ਦੇ ਰਸਤੇ ਹੀ ਕੋਈ ਪੰਜ ਸੌ ਸਾਲ ਪੂਰਬ ਈਸਾ, ਯੂਨਾਨੀਆਂ ਨੇ ਭਾਰਤ ਤੇ ਹਮਲਾ ਕੀਤਾ ਤੇ ਭਾਰਤ ਨੂੰ ਲੁੱਟਿਆ ਤੇ ਇਸ ਨੂੰ ਗੁਲਾਮ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਹਮਲਾਵਰਾਂ ਨੇ ਇਸ ਦੇਸ਼ ਦੀ ਸਭਿਅਤਾ ਨੂੰ ਤਹਿਸ-ਨਹਿਸ ਕਰਨ ਦਾ ਯਤਨ ਕੀਤਾ ਤੇ ਲੁੱਟਮਾਰ ਕਰਕੇ ਆਪਣੇ ਇਲਾਕੇ ਵਿਚ ਵਾਪਸ ਮੁੜਦੇ ਰਹੇ। ਯੂਨਾਨੀਆਂ, ਹੂਣਾਂ ਤੇ ਛੱਕਾਂ ਦੇ ਬਾਅਦ ਅਰਬਾਂ, ਤੁਰਕਾਂ, ਪਠਾਣਾਂ ਤੇ ਮੁਗਲਾਂ ਦੇ ਕਬੀਲੇ ਲੱਗਭੱਗ ਇਕ ਹਜ਼ਾਰ ਸਾਲ ਤੱਕ ਭਾਰਤ ਤੇ ਹਮਲਾਵਰ ਬਣ ਕੇ ਆਉਂਦੇ ਰਹੇ। ਤੈਮੂਰ ਲੰਗ, ਬਾਬਰ ਤੇ ਨਾਦਰਸ਼ਾਹ ਦੇ ਹਮਲਿਆਂ ਨਾਲ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਗਈਆਂ, ਉਹਨਾਂ ਨੂੰ ਲੁੱਟਿਆ ਗਿਆ, ਔਰਤਾਂ ਦੀ ਅਜ਼ਮੱਤ ਨੂੰ ਬਰਬਾਦ ਕੀਤਾ ਗਿਆ ਤੇ ਖਾਸ ਕਰਕੇ ਉੱਤਰੀ ਭਾਰਤ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਆਪਣੇ ਦੇਸ਼ ਲਿਜਾਂਦਾ ਰਿਹਾ। ਸਰਦਾਰ ਹਰੀ ਸਿੰਘ ਨੇ ਦਰ੍ਹਾ-ਖੈਬਰ ਦਾ ਰਸਤਾ ਬੰਦ ਕਰਕੇ ਇਕ ਨਵਾਂ ਇਤਿਹਾਸ ਸਿਰਜਿਆ ਤੇ ਸਦਾ ਲਈ ਹਮਲਾਵਰਾਂ ਦਾ ਰਸਤਾ ਬੰਦ ਕਰ ਦਿੱਤਾ। ਪ੍ਰਸਿੱਧ ਜਨਰਲਾਂ 'ਚੋਂ ਸਭ ਤੋਂ ਮਹਾਨ ਯੋਧਾ ਮੰਨੇ ਗਏ ਵੀਰ ਸਰਦਾਰ ਹਰੀ ਸਿੰਘ ਨਲਵਾ ਨੇ ਅਫ਼ਗਾਨਾਂ ਨੂੰ ਹਰਾ ਕੇ ਇਨ੍ਹਾਂ ਯੁੱਧਾਂ ਵਿਚ ਭਾਗ ਲਿਆ: ਸਿਆਲਕੋਟ (1802), ਕਸੂਰ (1807), ਮੁਲਤਾਨ (1818), ਕਸ਼ਮੀਰ (1819) ਪਖ਼ਲੀ ਤੇ ਦਮਤੌਰ (1821-22), ਪਿਸ਼ਾਵਰ (1834) ਅਤੇ ਖ਼ੈਬਰ ਪਹਾੜੀਆਂ ਵਿਚ ਮੌਜੂਦ ਜਮਰੌਦ (1836)। ਸਰਦਾਰ ਹਰੀ ਸਿੰਘ ਨਲਵਾ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਕਸ਼ਮੀਰ ਤੇ ਪਿਸ਼ਾਵਰ ਦਾ ਗਵਰਨਰ ਨਿਯੁਕਤ ਕਰ ਦਿੱਤਾ। ਕਸ਼ਮੀਰ ਵਿਚ ਉਹਨਾਂ ਨੇ ਇਕ ਨਵਾਂ ਸਿੱਕਾ ਢਾਲਿਆ, ਜਿਸ ਦਾ ਨਾਂ 'ਹਰਿ ਸਿੰਗੀ' ਰੱਖਿਆ। ਅੱਜ ਵੀ ਇਹ ਸਿੱਕਾ ਸੰਘਰਾਲਿਆ ਵਿਚ ਦੇਖਿਆ ਜਾ ਸਕਦਾ ਹੈ। ਹਜ਼ਾਰਾ, ਸਿੰਧ ਸਾਗਰ, ਦੁਆਬੇ ਦਾ ਵਿਸ਼ੇਸ਼ ਭਾਗ ਉਹਨਾਂ ਅਧੀਨ ਆਉਂਦੇ ਸਭ ਇਲਾਕਿਆਂ ਵਿਚੋਂ ਵਿਸ਼ੇਸ਼ ਸਥਾਨ ਰੱਖਦਾ ਹੈ। ਹਜ਼ਾਰਾ ਦੇ ਇਤਿਹਾਸ ਵਿਚ ਇਹ ਲਿਖਿਆ ਮਿਲਦਾ ਹੈ ਕਿ ਉਸ ਸਮੇਂ ਕੇਵਲ ਸਰਦਾਰ ਹਰੀ ਸਿੰਘ ਨਲਵਾ ਹੀ ਆਪਣੇ ਪ੍ਰਭਾਵਸ਼ਾਲੀ ਵਿਅਕਤੀਤਵ ਨਾਲ ਤੇ ਆਪਣੇ ਸੰਕਲਪ ਨਾਲ ਇਸ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਰੱਖ ਸਕਦੇ ਸਨ।

ਪੰਜਾਬ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਅਤੇ ਅਫ਼ਗਾਨਾਂ ਦੇ ਹਮਲਿਆਂ ਨੂੰ ਰੋਕਣ ਲਈ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਸਰਦਾਰ ਹਰੀ ਸਿੰਘ ਨਲਵਾ ਨੂੰ ਅਟਕ ਤੋਂ ਦਰ੍ਹਾ ਖੈਬਰ ਤੱਕ ਕਿਲ੍ਹਿਆਂ ਦੀ ਉਸਾਰੀ ਕਰਨ ਦੇ ਆਦੇਸ਼ ਦਿੱਤੇ। ਇਹ ਸਾਰੇ ਕਿਲ੍ਹੇ ਸਰਦਾਰ ਹਰੀ ਸਿੰਘ ਨਲਵਾ ਦੀ ਨਿਗਰਾਨੀ ਵਿਚ ਉਸਾਰੇ ਗਏ। ਇਨ੍ਹਾਂ ਕਿਲ੍ਹਿਆਂ ਵਿਚ ਜਮਰੌਦ ਦਾ ਮਸ਼ਹੂਰ ਕਿਲ੍ਹਾ ਵੀ ਆਉਂਦਾ ਹੈ। ਇੱਥੇ ਹੀ ਸਰਦਾਰ ਹਰੀ ਸਿੰਘ ਨਲਵਾ 1837 ਵਿਚ ਜਮਰੌਦ ਦੀ ਲੜਾਈ ਲੜਦਿਆਂ ਸ਼ਹੀਦ ਹੋ ਗਏ ਸਨ। ਬਰਤਾਨੀਆ ਦੇ ਮਸ਼ਹੂਰ ਇਤਿਹਾਸਕਾਰ ਲੇਖਕ ਸਰ ਲੇਪੇਨ ਗਰਿਫਨ ਨੇ ਸਰਦਾਰ ਹਰੀ ਸਿੰਘ ਨਲਵਾ ਦੀ ਜਮਰੌਦ ਦੀ ਲੜਾਈ ਦਾ ਵਰਣਨ ਬੜਾ ਖੁੱਲ੍ਹ ਕੇ ਕੀਤਾ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਆਪਣੇ ਬੇਟੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ ਤਾਂ ਉਸ ਸਮੇਂ ਸਰਦਾਰ ਹਰੀ ਸਿੰਘ ਨਲਵਾ ਉੱਤਰ-ਪੱਛਮੀ ਸੀਮਾ ਦੀ ਰਖਵਾਲੀ ਕਰ ਰਹੇ ਸਨ। ਉਨ੍ਹਾਂ ਕੋਲ ਫੌਜ ਦੀ ਇਕ ਛੋਟੀ ਜਿਹੀ ਟੁਕੜੀ ਸੀ। ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਕਈ ਪੱਤਰ ਲਿਖ ਕੇ ਹੋਰ ਫੌਜ ਤੇ ਅਸਲਾ-ਬਾਰੂਦ ਭੇਜਣ ਲਈ ਬੇਨਤੀ ਕੀਤੀ ਸੀ ਪਰ ਇਕ ਮਹੀਨੇ ਤੋਂ ਵੀ ਜ਼ਿਆਦਾ ਸਮਾਂ ਬੀਤ ਜਾਣ ਕਾਰਨ ਸਰਦਾਰ ਹਰੀ ਸਿੰਘ ਨਲਵਾ ਪਾਸ ਕੋਈ ਫੌਜੀ ਸਹਾਇਤਾ ਤੇ ਅਸਲਾ-ਬਾਰੂਦ ਨਾ ਪਹੁੰਚਿਆ। ਜਿਸ ਦੀ ਘਾਟ ਕਾਰਨ 40 ਹਜ਼ਾਰ ਅਫ਼ਗਾਨ ਫੌਜੀਆਂ ਨੇ ਜਮਰੌਦ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਸਰਦਾਰ ਹਰੀ ਸਿੰਘ ਨਲਵਾ ਆਪਣੀ ਥੋੜ੍ਹੀ ਜਿਹੀ ਸੈਨਾ ਨਾਲ ਹੀ ਬੜੀ ਬਹਾਦਰੀ ਨਾਲ ਲੜਦਾ ਹੋਇਆ 30 ਅਪ੍ਰੈਲ 1837 ਨੂੰ ਸ਼ਹੀਦ ਹੋ ਗਿਆ। ਉਨ੍ਹਾਂ ਪਾਸ ਉਸ ਸਮੇਂ ਸਿਰਫ 800 ਫੌਜੀ ਜਵਾਨ ਹੀ ਸਨ। ਸਰਦਾਰ ਹਰੀ ਸਿੰਘ ਨਲਵਾ ਦੇ ਸਰੀਰ ਤੇ ਗੋਲੀਆਂ ਲੱਗਣ ਨਾਲ ਕਾਫੀ ਡੂੰਘੇ ਜ਼ਖਮ ਹੋ ਗਏ ਸਨ ਜੋ ਉਹਨਾਂ ਲਈ ਜਾਨ ਲੇਵਾ ਸਾਬਤ ਹੋਏ। ਮਰਨ ਤੋਂ ਪਹਿਲਾਂ ਉਹਨਾਂ ਨੇ ਆਪਣੇ ਸਹਾਇਕ ਜਰਨੈਲ ਸਰਦਾਰ ਮਹਾਂ ਸਿੰਘ ਜੀ ਨੂੰ ਆਦੇਸ਼ ਦਿੱਤਾ ਕਿ ਜਦੋਂ ਤੱਕ ਨਵੀਂ ਹੋਰ ਸੈਨਾ ਨਾ ਆ ਜਾਵੇ, ਉਦੋਂ ਤੱਕ ਮੇਰੀ ਮੌਤ ਦਾ ਐਲਾਨ ਨਾ ਕੀਤਾ ਜਾਵੇ ਤੇ ਇਸ ਨੂੰ ਇਕ ਰਹੱਸ ਹੀ ਰੱਖਿਆ ਜਾਵੇ, ਸੈਨਿਕਾਂ ਦਾ ਹੌਸਲਾ ਨਾ ਟੁੱਟਣ ਦਿੱਤਾ ਜਾਵੇ ਤਾਂ ਕਿ ਉਹ ਲੜਾਈ ਦੇ ਮੈਦਾਨ ਵਿਚ ਬਹਾਦਰੀ ਨਾਲ ਲੜਦੇ ਹੋਏ ਦੁਸ਼ਮਣ ਦੇ ਵਿਰੁੱਧ ਡਟੇ ਰਹਿਣ। ਇਸ ਤਰ੍ਹਾਂ ਸਰਦਾਰ ਹਰੀ ਸਿੰਘ ਨਲਵਾ ਦੇ ਮ੍ਰਿਤਕ ਸਰੀਰ ਨੂੰ ਸੰਭਾਲਦੇ ਹੋਏ, ਉਹਨਾਂ ਦੇ ਸਰੀਰ ਤੇ ਕੁਝ ਦਵਾਈਆਂ ਦਾ ਲੇਪਨ ਕਰ ਦਿੱਤਾ ਤਾਂ ਜੋ ਮ੍ਰਿਤਕ ਸਰੀਰ ਖਰਾਬ ਨਾ ਹੋਵੇ। ਦਸ ਦਿਨਾਂ ਤੱਕ ਮ੍ਰਿਤਕ ਸਰੀਰ ਨੂੰ ਇਕ ਕੁਰਸੀ ਤੇ ਬਿਠਾਅ ਕੇ ਕਿਲ੍ਹੇ ਦੀ ਛੱਤ ਤੇ ਰੱਖੀ ਰੱਖਿਆ ਤੇ ਬਹਾਰ ਇਹ ਖ਼ਬਰ ਫੈਲਾਅ ਦਿੱਤਾ ਕਿ ਸਰਦਾਰ ਹਰੀ ਸਿੰਘ ਨਲਵਾ ਕਿਲ੍ਹੇ ਦੀ ਛੱਤ ਤੇ ਚੜ੍ਹ ਕੇ ਫੌਜੀ ਜਵਾਨਾਂ ਦੀ ਹੌਸਲਾ ਅਫਜਾਈ ਤੇ ਅਗਵਾਈ ਕਰ ਰਹੇ ਹਨ। ਅਫ਼ਗਾਨ ਸੂਹੀਆਂ ਨੇ ਵੀ ਸਰਦਾਰ ਹਰੀ ਸਿੰਘ ਨਲਵਾ ਨੂੰ ਛੱਤ ਤੇ ਬੈਠਿਆਂ ਦੇਖ ਕੇ ਅਫ਼ਗਾਨ ਫੌਜਾਂ ਨੂੰ ਉਹਨਾਂ ਦੇ ਜਿਉਂਦੇ ਹੋਣ ਦੀ ਖ਼ਬਰ ਦਿੱਤੀ। ਇਸ ਤਰ੍ਹਾਂ ਸਰਦਾਰ ਹਰੀ ਸਿੰਘ ਨਲਵਾ ਦੀ ਬਹਾਦਰੀ ਤੇ ਆਂਤਕ ਤੋਂ ਡਰਦੀਆਂ ਅਫ਼ਗਾਨ ਫੌਜਾਂ ਦਸ ਦਿਨਾਂ ਤੱਕ ਪਿੱਛੇ ਹਟੀਆਂ ਰਹੀਆਂ।


ਲਾਹੌਰ ਵਿਚ ਜਦੋਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਸਰਦਾਰ ਹਰੀ ਸਿੰਘ ਨਲਵਾ ਦੀ ਮੌਤ ਦਾ, ਚਿੱਠੀ ਦੁਆਰਾ ਪਤਾ ਲੱਗਾ ਤਾਂ ਉਹਨਾਂ ਨੂੰ ਬਹੁਤ ਦੁੱਖ ਹੋਇਆ, ਜਦੋਂ ਚਿੱਠੀ ਵਿਚ ਇਹ ਪੜ੍ਹਿਆ ਗਿਆ ਕਿ ਮੈਂ ਫੌਜੀ ਤੇ ਅਸਲਾ-ਬਾਰੂਦ ਦੀ ਮਦਦ ਕਰਨ ਲਈ ਪਹਿਲਾਂ ਵੀ ਕਈ ਚਿੱਠੀਆਂ ਲਿਖੀਆਂ ਹਨ ਤਾਂ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਬਹੁਤ ਗੁੱਸਾ ਆਇਆ ਤੇ ਇਹ ਜਾਣਕਾਰੀ ਵੀ ਮਿਲ ਗਈ ਕਿ ਇਹ ਚਿੱਠੀਆਂ ਰਾਜਾ ਧਿਆਨ ਸਿੰਘ ਡੋਗਰਾ ਨੇ ਮਹਾਰਾਜਾ ਨੂੰ ਦਿੱਤੀਆਂ ਹੀ ਨਹੀਂ ਸਨ। ਰਾਜਾ ਧਿਆਨ ਸਿੰਘ ਡੋਗਰਾ ਦੀ ਇਸ ਸਾਜ਼ਿਸ਼ ਦਾ ਰਾਜ਼ ਖੁੱਲ੍ਹਦਿਆਂ ਹੀ ਮਹਾਰਾਜਾ ਨੇ ਗੁੱਸੇ ਵਿਚ ਅੱਗ ਬਬੂਲਾ ਹੁੰਦਿਆਂ ਹੋਇਆਂ ਕੋਲ ਬੈਠੇ ਰਾਜਾ ਧਿਆਨ ਸਿੰਘ ਡੋਗਰਾ ਦੇ, ਕੋਲ ਹੀ ਪਏ ਪਿੱਤਲ ਦੇ ਗੜਬੇ ਨੂੰ ਵਗਾਹ ਮਾਰਿਆ। ਇਹ ਪਿੱਤਲ ਦਾ ਗੜਵਾ ਰਾਜਾ ਧਿਆਨ ਸਿੰਘ ਡੋਗਰਾ ਦੀ ਲੱਤ ਤੇ ਵੱਜਾ। ਰਾਜਾ ਧਿਆਨ ਸਿੰਘ ਡੋਗਰਾ ਸਰਦਾਰ ਹਰੀ ਸਿੰਘ ਨਲਵਾ ਦੀ ਚੜ੍ਹਤ ਤੋਂ ਈਰਖਾ ਖਾਂਦਾ ਸੀ। ਇਸ ਘਟਨਾ ਤੋਂ ਭਾਵੁਕ ਹੋਇਆ ਪੰਜਾਬੀ ਸ਼ਾਇਰ ਹਰੀ ਸਿੰਘ 'ਕਾਦਰਯਾਰ' ਇੰਝ ਲਿਖਦਾ ਹੈ:-

ਗੈਨ ਗੁੱਸੇ ਦੇ ਨਾਲ ਮਹਾਰਾਜ ਯਾਰੋ,
ਗੜਬਾ ਮਾਰਿਆ ਈ ਵਜ਼ੀਰੇ ਦੀ ਟੰਗ ਉਤੇ।
ਅਖੇ ਦੂਰ ਹੋ ਜਾ ਮੇਰੀਆਂ ਅੱਖੀਆਂ ਤੋਂ,
ਕੁਝ ਫਾਇਦਾ ਨਹੀਂ ਤੇਰੇ ਸੰਗ ਉਤੇ।
ਪਹਿਲਾਂ ਖ਼ਬਰ ਨਾ ਕੀਤੋ ਮੂਲ ਮੈਨੂੰ,
ਫੌਜ ਮਦਦ ਨੂੰ ਘਲਦਾ ਜੰਗ ਉਤੇ।
'ਕਾਦਰਯਾਰ' ਏ ਦੱਸਿਆ ਉਸ ਵੇਲੇ,
ਜਦੋਂ ਸੱਟ ਏ ਪਈ ਆ ਰੰਗ ਉਤੇ।

ਸਰਦਾਰ ਹਰੀ ਸਿੰਘ ਨਲਵਾ ਦਾ ਆਪਣੇ ਸਤਿਗੁਰੂ

(ਬਾਕੀ ਸਫਾ 15 ਤੇ)

# ਪਰਾਧੀਨਤਾ ਪਾਪ ਹੈ ਜਾਨ ਲਿਓ ਹੇ ਮੀਤ
# ਰਵਿਦਾਸ ਦਾਸ ਪਰਾਧੀਨ ਕੋ ਸਵਹੀ ਸਮਜਣ ਹੀਨ



ਗੁਰੂ ਰਵਿਦਾਸ ਜੀ


ਸ੍ਰੀ ਗੁਰੂ ਰਵਿਦਾਸ ਟੈਂਪਲ

6221, 16 ਸਟਰੀਟ ਰਿਓਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਵਿਖੇ

ਰਵਿਦਾਸੀਆ ਕੌਮ ਦੇ ਅਮਰ ਸ਼ਹੀਦ
108 ਸੰਤ ਰਾਮਾ ਨੰਦ ਜੀ ਦੀ

## ਪੰਜਵੀ ਬਰਸੀ ਸਮਾਰੋਹ

## ਜੂਨ, 08, 2014 ਦਿਨ ਐਤਵਾਰ



ਅਮਰ ਸ਼ਹੀਦ 108
ਸੰਤ ਰਾਮਾ ਨੰਦ
1952-2009

ਨੂੰ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ ਹੁੰਮਾ ਕੇ ਗੁਰੂ ਘਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ

ਹੋਰ ਜਾਣਕਾਰੀ ਲਈ ਸੰਪਰਕ ਕਰੋ ਕੇਵਲ ਬੋਲੀਨਾ (916) 548-8902,
ਗਿਆਨ ਚੰਦ ਕਾਜਲਾ (916) 459-7020, ਸੁੱਖ ਰਾਮ ਚੰਦੜ 916-494-4694


FREE WiFi

Ram Gopal

Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM




Ram Gopal

Features
All you can eat italian Buffet

(Our Dough is Freshly Rolled Daily and Made of the Finest Ingredients)

Now Serving Beer &Wine!




Varieties of Video Games Available

Variety of Sandwiches are also available

Ram Gopal (916) 448-6239
200 "J" Street, Sacramento, CA 95814



# Sam's Auto Repair & Services

Professional Auto Repairs & Services
BRAKE & LAMP INSPECTION
Domestic & Foreign Cars

STAR CERTIFIED TEST & REPAIR STATION

* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ **"CAP CONSUMER ASSITANT PROGRAM"** ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ **$500.00** ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ **www.smogcheck.ca.gov** ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ **DMV** ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ

649 West Elkhorn Blvd, Suite B Rio Linda, CA 95673

(916) 992-9004






$10.00 Off initial Smog Check
Restrictions Apply - See Store for Details

(916) 334-7664
6421 Watt Ave.
North Highlands, CA 95660
STAR Certified

# ਅਰਬ ਦੇਸ਼ਾਂ ਵਿਚ ਭਾਰਤੀ ਮਜਦੂਰ ਲੋਕ ਗੁਲਾਮ



ਅਮਰਜੀਤ ਚੰਦਰ

ਆਪਣੇ ਦੇਸ ਤੋਂ ਦੂਰ,ਰੋਜ਼ਗਾਰ ਦੀ ਭਾਲ ਵਿਚ ਅਤੇ ਸਾਲੋ ਸਾਲ ਇਕੱਲੇ ਜਿੰਦਗੀ ਗੁਜਾਰਣ ਵਾਲਿਆ ਦੀ ਕਹਾਣੀ ਬੜੀ ਹੀ ਦੁੱਖ ਭਰੀ ਅਤੇ ਤਰਸਯੋਗ ਹੈ। ਦੱਖਣੀ ਏਸ਼ੀਆ ਤੋਂ ਖਾੜੀ ਦੇਸ਼ ਵਿਚ ਗਏ ਲੱਖਾਂ ਹੀ ਲੋਕ ਲੱਕ-ਤੋੜ ਦਿਨ ਰਾਤ ਮਿਹਨਤ ਕਰਦੇ ਤੇ ਅਪਮਾਨ ਸਹਿੰਣ ਕਰਕੇ ਆਪਣਾ ਕਿਸੇ ਨਾ ਕਿਸੇ ਤਰਾਂ ਬਸਰ ਕਰ ਰਹੇ ਹਨ।ਇਹਨਾਂ ਦੀਆਂ ਦੁੱਖ ਤਕਲੀਫਾ ਨੂੰ ਦੇਖਦੇ ਹੋਏ ਉਹਨਾਂ ਦਾ ਦੇਸ਼ ਗੰਭੀਰ ਨਹੀ ਹੈ ਅਤੇ ਨਾ ਹੀ ਆਪਣਾ ਦੇਸ਼ ਗੰਭੀਰ ਦਿਖਾਈ ਦੇ ਰਿਹਾ ਹੈ। ਜਿਸ ਦੇਸ਼ ਵਿਚ ਉਹ ਦਿਲ ਜਾਨ ਲਾ ਕੇ ਮਿਹਨਤ ਕਰ ਹਨ,ਉਹ ਮਿਹਨਤ ਉਹਨਾਂ ਦੇ ਪੱਲੇ ਨਹੀ ਪੈ ਰਹੀ। ਪਿਛਲੇ ਦਿਨਾ ਵਿਚ ਕੀਤੇ ਸਰਵੇ ਦੇ ਮੁਤਾਬਿਕ ਪਤਾ ਚੱਲਦਾ ਹੈ ਕਿ ਖਾੜੀ ਦੇਸ਼ਾਂ ਵਿਚ ਸ੍ਰੀਲੰਕਾ, ਬੰਗਲਾਦੇਸ਼ ਅਤੇ ਭਾਰਤ ਤੋਂ ਜਾਣ ਵਾਲੇ ਮਜ਼ਦੂਰ, ਗਰੀਬ ਲੋਕਾਂ ਦੀ ਹਾਲਤ ਬਹੁਤ ਹੀ ਚਿੰਤਾਜਨਕ ਹੈ। ਉਹਨਾਂ ਦੀ ਸਰੱਖਿਅਤ ਲਈ ਕੋਈ ਵੀ ਠੋਸ ਪ੍ਰਬੰਧ ਨਹੀ ਕੀਤੇ ਗਏ। ਉਹਨਾਂ ਦੀ ਹਾਲਤ ਬੰਧੂਆ ਮਜਦੂਰ ਅਤੇ ਪਨਾਹਗੀਰਾਂ ਨਾਲੋ ਵੀ ਗਈ ਗੁਜ਼ਰੀ ਹੈ। ਔਰਤਾਂ ਦਾ ਸਰੀਰਕ ਸ਼ੋਸ਼ਣ ਤਾਂ ਇਕ ਆਮ ਜਿਹੀ ਗੱਲ ਬਣ ਗਈ ਹੈ।ਸਰਕਾਰੀ ਅੰਕੜਿਆ ਦੇ ਮੁਤਾਬਿਕ ਤਕਰੀਬਨ 40 ਲੱਖ ਲੋਕ ਖਾੜੀ ਦੇਸ਼ ਵਿਚ ਮਜਦੂਰ ਲੋਕ ਕੰਮ ਕਰ ਰਹੇ ਹਨ, ਜਿਹਨਾਂ ਵਿਚ ਸੱਭ ਤੋਂ ਜਿਆਦਾ ਗਿਣਤੀ ਸਾਊਦੀ ਅਰਬ ਵਿਚ ਹੈ।ਭਾਰਤ ਦੇਸ਼ ਦੇ ਰਿਕਾਰਡ ਦੇ ਹਿਸਾਬ ਦੇ ਨਾਲ ਸੰਨ 2011 ਵਿਚ ਭਾਰਤ ਵਿਚੋ ਜੋ ਅਲੱਗ ਅਲੱਗ ਦੇਸ਼ਾਂ ਨੂੰ ਵੀਜ਼ੇ ਦਿਤੇ ਗਏ ਹਨ ਉਹਨਾਂ ਵਿਚੋ ਇਕੱਲੇ ਸਾਊਦੀ ਅਰਬ ਦੇਸ਼ ਵਿਚ ਹੀ 2 ਲੱਖ 89 ਹਜਾਰ ਲੋਕ ਮਜਦੂਰੀ ਕਰਨ ਗਏ ਹਨ।

ਖਾੜੀ ਦੇਸ਼ਾਂ ਵਿਚ ਰੋਜਗਾਰ ਲੱਭਣ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਉਥੇ ਕੰਮ ਕਰਨ ਵਾਲੇ ਜਿਆਦਾਤਰ ਮਜਦੂਰ ਲੋਕ ਹੀ ਹਨ।ਇਹਨਾਂ ਵਿਚ ਜਿਆਦਾ ਲੋਕ ਅਨਪੜ੍ਹ ਹੀ ਹੁੰਦੇ ਹਨ ਜਾਂ ਇਹ ਕਹਿ ਲਵੋ ਕਿ ਜਿਹਦੇ ਕੋਲ ਕਿਸੇ ਵੀ ਕੰਮ ਦਾ ਹੁਨਰ (ਪੜ੍ਹੇ ਲਿਖੇ ਲੋਕ) ਹੈ ਉਹ ਛੇਤੀ ਕੀਤੇ ਖਾੜੀ ਦੇਸ਼ਾਂ ਵਿਚ ਜਾਣਾ ਪਸੰਦ ਨਹੀ ਕਰਦਾ। ਕੰਪਿਊਟਰ ਤੋਂ ਲੈ ਕੇ ਹੋਰ ਕੋਈ ਵੀ ਕਿਸੇ ਕੋਲ ਡਿਗਰੀ ਡਿਪਲੋਮਾ ਜਾ ਕੋਈ ਇਸ ਦੇ ਬਰਾਬਰ ਹੋਰ ਕੋਈ ਯੋਗਤਾ ਹੈ ਤਾਂ ਉਹ ਇਸ ਦੇਸ਼ ਨੂੰ ਜਾਣ ਦੀ ਬਜਾਇ ਅਮਰੀਕਾ, ਕਨੇਡਾ ਜਾ ਇੰਗਲੈਂਡ ਜਾਣਾ ਪਸੰਦ ਕਰਦਾ ਹੈ। ਉਹਨਾਂ ਲਈ ਰੋਜਗਾਰ ਦੇ ਮੌਕੇ ਵੀ ਉਥੇ ਹੀ ਜਿਆਦਾ ਹਨ। ਪਰ ਅਨਪੜ੍ਹ, ਘੱਟ ਪੜੇ ਲਿਖੇ, ਗਰੀਬ ਮਜਦੂਰਾਂ ਲਈ ਸਿਰਫ ਖਾੜੀ ਦੇਸ਼ਾਂ ਵਿਚ ਹੀ ਰੋਜਗਾਰ ਦੇ ਮੌਕੇ ਜਿਆਦਾ ਹਨ। ਉਹਨਾਂ ਨੂੰ ਤਾਂ ਇਸ ਤਰਾਂ ਲੱਗ ਰਿਹਾ ਹੁੰਦਾ ਹੈ ਕਿ ਜੇ ਸਾਨੂੰ ਇਕ ਵਾਰ ਖਾੜੀ ਦੇਸ਼ ਵਿਚ ਜਾਣ ਦਾ ਮੌਕਾ ਮਿਲ ਗਿਆ ਤਾਂ ਸਾਡੀਆ ਸਾਰੀਆ ਮੁਸ਼ਕਲਾਂ ਦੂਰ ਹੋ ਜਾਣਗੀਆ। ਜਦੋਂ ਕਿ ਹਕੀਕਤ ਇਸ ਦੇ ਬਿਲਕੁਲ ਉਲਟ ਹੈ। ਭਾਰਤ ਵਿਚ ਇਸ ਪਲਾਇਨ ਦੇ ਪਿਛੇ ਫੈਲੀ ਗਰੀਬੀ ਬੇਰੋਜਗਾਰੀ ਇਕ ਬਹੁਤ ਵੱਡਾ ਕਾਰਨ ਹੈ। ਜਿਸ ਤਰਾਂ ਮੰਨਿਆ ਜਾ ਰਿਹਾ ਹੈ ਕਿ ਯੂਰਪ,ਅਮਰੀਕਾ ਕਨੇਡਾ ਵਿਚ ਭਾਰਤ ਵਾਸੀ ਜਿਸ ਤਰਾਂ ਆਪਣੇ ਠਾਠ ਬਾਠ ਨਾਲ ਰਹਿ ਰਹੇ ਹਨ,ਖਾੜੀ ਦੇਸ਼ਾਂ ਵਿਚ ਜਾਣ ਵਾਲੇ ਇਸ ਤਰਾਂ ਨਹੀ ਰਹਿ ਰਹੇ। ਉਥੇ ਲੋਕ ਕਮਾਈ ਕਰਨ ਨਹੀ ਬਲਕਿ ਆਪਣੀ ਬੇਰੋਜਗਾਰੀ ਬਹਾਲ ਕਰਨ ਜਾਦੇ ਹਨ।ਭਾਰਤ ਦੇਸ਼ ਤਰੱਕੀ ਤੇ ਵਿਕਾਸ ਦੇ ਕਿੰਨੇ ਵੀ ਦਾਅਵੇ ਕਰ ਲਵੇ, ਪਰ ਖਾੜੀ ਦੇਸ਼ਾਂ ਵਿਚ ਆਪਣਾ ਖੂਨ ਪਸੀਨਾ ਬਹਾਉਣ ਵਾਲੇ ਉਹ ਮਜਦੂਰ ਆਪਣੇ ਦੇਸ਼ ਭਾਰਤ ਵਿਚ ਆਪਣਾ ਹੱਕ ਬਹਾਲ ਨਹੀ ਕਰ ਸਕਦੇ।ਖਾੜੀ ਦੇਸ਼ਾਂ ਵਿਚ ਕੰਮ ਕਰਨ ਵਾਲੇ ਮਜਦੂਰਾਂ ਦੀ ਕਹਾਣੀ ਵੀ ਇਕ ਅਜੀਬ ਕਹਾਣੀ ਹੈ। ਸ਼ੋਸ਼ਣ, ਧੋਖੇਬਾਜ਼ੀ ਅਤੇ ਅਪਮਾਨ ਇਹ ਉਹਨਾਂ ਦੀ ਹਕੀਕਤ ਹੈ।

ਕੁਝ ਮਹੀਨੇ ਪਹਿਲਾਂ ਸਾਊਦੀ ਅਰਬ ਦੀ ਸਰਕਾਰ ਨੇ ਇਕ ਠੋਸ ਕਨੂੰਨ ਲਿਆ ਕੇ ਸਾਊਦੀ ਅਰਬ ਵਿਚ ਮਜਦੂਰੀ ਦਾ ਕੰਮ ਕਰਨ ਵਾਲਿਆ ਨੂੰ ਥੋੜਾ ਬਰਾਬਰ ਲਿਆਉਣਾ ਬਾਰੇ ਸੋਚਿਆ ਤਾਂ ਉਥੇ ਦੇ ਲੋਕਾਂ ਨੇ ਬਹੁਤ ਹੱਲਾ ਕੀਤਾ।ਠੋਸ ਕਨੂੰਨ ਦੇ ਨਾਲ ਸਾਊਦੀ ਅਰਬ ਦੀ ਸਰਕਾਰ ਨੇ ਉਥੋ ਦੇ ਵਸਿੰਦਿਆ ਲਈ ਕੰਮਕਾਰ ਰਾਖਵਾਕਰਨ ਦੇਣ ਦੀ ਗੱਲ ਕੀਤੀ। ਇਕ ਬਾਰ ਤਾਂ ਇਸ ਤਰਾਂ ਲੱਗਣ ਲੱਗ ਪਿਆ ਸੀ ਕਿ ਲੱਖਾਂ ਹੀ ਭਾਰਤ ਵਾਸੀ ਮਜਦੂਰਾਂ ਨੂੰ ਵਾਪਸ ਭੇਜ ਦਿਤਾ ਜਾਵੇਗਾ ਅਤੇ ਉਹਨਾਂ ਦੀ ਰੋਜ਼ੀ ਰੋਟੀ ਦਾ ਇਹ ਸੁਨਿਹਰੀ ਮੌਕਾ ਵੀ ਉਹਨਾਂ ਦੇ ਹੱਥੌਂ ਜਾਂਦਾ ਰਹੇਗਾ। ਉਥੇ ਕੰਮ ਕਰ ਰਹੇ ਲੱਖਾਂ ਹੀ ਮਜਦੂਰ ਅਜੀਬ ਜਿਹੀ ਸਥਿਤੀ ਵਿਚ ਫਸ ਗਏ। ਸਾਊਦੀ ਅਰਬ ਦੀ ਸਰਕਾਰ ਇਹ ਚਾਹੁੰਦੀ ਹੈ ਕਿ ਬਾਹਰਲੇ ਦੇਸ਼ਾਂ ਤੋਂ ਆਏ ਮਜਦੂਰ ਲੋਕ ਸਾਡੇ ਦੇਸ਼ ਵਿਚੋ ਚਲੇ ਜਾਣ ਅਤੇ ਸਾਡੇ ਦੇਸ਼ ਦੇ ਲੋਕਾਂ ਨੂੰ ਰੋਜਗਾਰ ਮਿਲੇ। ਦੂਜੇ ਪਾਸੇ ਪਲੇਸਮੈਂਟ ਇਜੰਸੀਆਂ ਅਤੇ ਉਥੇ ਦੇ ਕਾਰਪੋਰੇਟ ਘਰਾਣਿਆ ਦਾ ਗਠਜੋੜ ਜੋ ਇਹ ਸੋਚਦੇ ਹਨ ਕਿ ਭਾਰਤ ਵਰਗੇ ਦੇਸ਼ ਵਿਚੋ ਮਜਦੂਰ ਏਥੇ ਮਜਬੂਰੀ ਵਿਚ ਕੰਮ ਕਰਨ ਆਉਦੇ ਹਨ ਅਤੇ ਉਹਨਾਂ ਦੀ ਮਜਬੂਰੀ ਦਾ ਲਾਭ ਉਠਾ ਕੇ ਉਹਨਾਂ ਕੋਲੋ ਸਸਤੇ ਭਾਅ ਵਿਚ ਕੰਮ ਕਰਾਇਆ ਜਾ ਸਕੇ।

ਸਸਤੀ ਲੇਬਰ ਨੂੰ ਭਰਮਾਉਣ ਦੀ ਆੜ ਵਿਚ ਪਲੇਸਮੈਂਟ ਇਜੰਸੀਆਂ ਅਤੇ ਕਾਰਪੋਰੇਟ ਘਰਾਣਿਆ ਨੇ ਭਾਰਤ ਦੇਸ਼ ਦੇ ਬਹੁਤ ਸਾਰੇ ਸ਼ਹਿਰਾ ਵਿਚ ਆਪਣਾ ਟਿਕਾਣੇ ਬਣਾ ਰੱਖੇ ਹਨ,ਤਾਂ ਕਿ ਉਹਨਾਂ ਨੂੰ ਸਸਤੇ ਰੇਟ ਵਿਚ ਅਸਾਨੀ ਨਾਲ ਮਜਦੂਰ ਮਿਲ ਸਕਣ। ਸਾਊਦੀ ਅਰਬ ਵਿਚ 29 ਲੱਖ ਭਾਰਤੀ ਕੰਮ ਕਰ ਰਹੇ ਹਨ। ਖਾੜੀ ਦੇਸ਼ਾਂ ਵਿਚ ਕੰਮ ਕਰਨ ਵਾਲੇ ਜਿਆਦਾਤਰ ਭਾਰਤੀ ਲੋਕ ਮਜਦੂਰ ਹੀ ਹਨ। ਖਾੜੀ ਦੇਸ਼ ਵਿਚ ਕੰਮ ਕਰ ਰਹੇ ਲੋਕਾਂ ਨਾਲ ਗੱਲਬਾਤ ਕਰਕੇ ਅਤੇ ਉਥੇ ਕੰਮ ਕਰ ਰਹੇ ਲੋਕਾਂ ਦੀ ਹਾਲਤ ਨੂੰ ਦੇਖ ਕੇ ਬਹੁਤ ਸਾਰੀਆਂ ਗੱਲਾਂ ਸਾਡੇ ਸਾਹਮਣੇ ਆਉਦੀਆ ਹਨ ਕਿ ਉਹ ਲੋਕ ਕਿਸ ਹਾਲਤ ਵਿਚ ਆਪਣੇ ਸਾਰੇ ਅਰਮਾਨਾ ਨੂੰ ਪੂਰਾ ਕਰਨ ਦੇ ਸੁਪਨੇ ਦੇਖਦੇ ਹੋਏ ਬੇਹੱਦ ਅਪਮਾਨਿਤ ਸਥਿਤੀ ਵਿਚ ਕੰਮ ਕਰ ਰਹੇ ਹਨ।

'ਇਮਨੇਸਟੀ ਇੰਟਰਨੈਸ਼ਨਲ'ਵਲੋਂ ਕੀਤੇ ਗਏ ਸਰਵੇ ਤੋਂ ਪਤਾ ਚੱਲਦਾ ਹੈ ਕਿ ਖਾੜੀ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਇਸ ਤਰਾਂ ਦੇ ਮਜਦੂਰ ਹਨ ਕਿ ਜਿਹਨਾਂ ਦੀ ਕੰਮ ਕਰਨ ਦੀ ਹਾਲਤ ਬੰਧੂਆਂ ਮਜਦੂਰਾਂ ਤੋ ਵੀ ਭੈੜੀ ਹੈ। ਸਰਵੇ ਤੋਂ ਇਹ ਵੀ ਸਾਬਿਤ ਹੋ ਗਿਆ ਹੈ ਕਿ ਖਾੜੀ ਦੇਸ਼ਾਂ ਵਿਚ ਬਾਹਰਲੇ ਦੇਸ਼ਾਂ ਤੋਂ ਆਏ 90 ਫੀਸਦੀ ਮਜਦੂਰਾਂ ਦੇ ਪਾਸਪੋਰਟ ਉਹਨਾਂ ਦੀਆਂ ਕੰਪਨੀਆਂ ਵਾਲਿਆ ਨੇ ਜਬਤ ਕਰਕੇ ਰੱਖੇ ਹੋਏ ਹਨ। 56 ਫੀਸਦੀ ਮਜਦੂਰਾ ਕੋਲ ਆਈ ਕਾਰਡ ਹੀ ਨਹੀ ਹੈ, ਇਸ ਤੋਂ ਬਿੰਨਾਂ ਕੋਈ ਵੀ ਮਜਦੂਰ ਹਸਪਤਾਲ ਵਿਚ ਆਪਣਾ ਇਲਾਜ਼ ਨਹੀ ਕਰਵਾ ਸਕਦਾ।

ਬਹੁਤ ਸਾਰੇ ਮਜਦੂਰ ਬਹੁਤ ਸਾਰੀਆਂ ਬੀਮਾਰੀ ਤੋਂ ਵੀ ਪੀੜਿਤ ਹਨ।ਇਕ ਹੋਰ ਸਰਵੇ ਇੰਗਲੈਂਡ ਦੇ 'ਯੂਨੀਵਰਸਿਟੀ ਆਫ ਇਵਰਡੀਨ ਅਤੇ ਯੂਨੀਵਰਸਿਟੀ ਆਫ ਸ਼ੇਫਿਲਡ'ਨੇ ਕਰਵਾਇਆ ਹੈ ਕਿ ਜੋ ਵੀ ਮਜਦੂਰ ਲੋਕ ਖਾੜੀ ਦੇਸ਼ਾਂ ਵਿਚ ਮਜਦੂਰੀ ਕਰ ਰਹੇ ਹਨ ਉਹਨਾਂ ਦੀ ਹਾਲਤ ਬੇਹੱਦ ਅਫਸੋਸਜਨਕ ਹੈ।ਖਾੜੀ ਦੇਸ਼ਾਂ ਵਿਚੋ ਮਜਦੂਰੀ ਕਰਕੇ ਵਾਪਸ ਆਏ ਲੋਕਾਂ ਵਲੋਂ ਵੀ ਇਸ ਗੱਲ ਦਾ ਸਬੂਤ ਦਿਤਾ ਗਿਆ ਹੈ।

ਬਿਹਾਰ ਦੇ ਗਆ ਜਿਲੇ ਦੇ ਛੋਟੇ ਜਿਹੇ ਪਿੰਡ ਸ਼ੇਰਘਾਟੀ ਦੇ ਰਹਿਣ ਵਾਲੇ ਮੁਹੰਮਦ ਸ਼ਾਬੀਰ ਖਾਨ ਜਦੋ ਖਾੜੀ ਦੇਸ਼ ਵਿਚ ਆਪਣਾ ਘਰ-ਬਾਰ ਛੱਡ ਕੇ ਗਏ ਤਾਂ ਉਸ ਦੇ ਮਨ ਅੰਦਰ ਬਹੁਤ ਸਾਰੇ ਸੁਪਨੇ ਤੇ ਵੱਡੇ ਵੱਡੇ ਅਰਮਾਨ ਸਨ। ਉਸ ਨੂੰ ਲਗਦਾ ਸੀ ਕਿ ਖਾੜੀ ਦੇਸ਼ ਵਿਚ ਜਾ ਕੇ ਏਨਾ ਪੈਸਾ ਕਮਾਊਗਾ ਕਿ ਉਸ ਦੇ ਘਰ ਵਾਲੇ ਅਤੇ ਰਿਸ਼ਤੇਦਾਰ, ਸਾਰਿਆ ਦੇ ਅਰਮਾਨ ਪੂਰੇ ਹੋ ਜਾਣਗੇ। ਉਹ ਸੋਚ ਰਿਹਾ ਸੀ ਕਿ ਮੈਂ ਜਿਆਦਾ ਪੜ੍ਹਿਆ ਨਹੀ ਤਾਂ ਕੀ ਹੋਇਆ ਪਰ ਸਾਊਦੀ ਅਰਬ ਜਾ ਕੇ ਪੈਸਾ ਕਮਾ ਕੇ ਆਪਣੇ ਬੱਚਿਆ ਨੂੰ ਵਧੀਆ ਪੜ੍ਹਾਈ ਕਰਵਾਗਾ। ਪਰ ਸਾਊਦੀ ਅਰਬ ਅੰਦਰ ਪੈਰ ਰੱਖਦਿਆਂ ਹੀ ਉਸ ਦੇ ਅਰਮਾਨ ਇਕ ਇਕ ਕਰਕੇ ਟੁਟਣੇ ਸ਼ੁਰੂ ਹੋ ਗਏ ਅਤੇ ਜਦੋਂ ਤਿੰਨ ਸਾਲ ਬਾਅਦ ਉਹ ਫਰਵਰੀ ਦੇ ਪਹਿਲੇ ਹਫਤੇ ਵਾਪਸ ਆਇਆ ਤਾਂ ਇਸ ਇਰਾਦੇ ਨਾਲ ਆਇਆ ਕਿ ਮੁੜ ਕੇ ਕਦੀ ਵੀ ਵਾਪਸ ਸਾਊਦੀ ਅਰਬ ਨਹੀ ਜਾਵਾਂਗਾ। ਸ਼ਬੀਰ ਨੇ ਦੱਸਿਆ ਕਿ ਸਾਊਦੀ ਅਰਬ ਜਾਣ ਤੋਂ ਪਹਿਲਾਂ ਏਜੰਟਾਂ ਨੇ ਉਸ ਨੂੰ ਵੱਡੇ ਵੱਡੇ ਸੁਪਨੇ ਦਿਖਾਏ ਅਤੇ ਮੋਟਾ ਪੈਸਾ ਦਵਾਉਣ ਦਾ ਝਾਂਸਾ ਦਿਤਾ। ਉਥੇ ਜਾਣ ਤੋਂ ਬਾਅਦ ਪਤਾ ਲੱਗਿਆ ਕਿ ਆਪਣੇ ਘਰ ਪਰਿਵਾਰ ਤੋਂ ਹਜਾਰਾਂ ਮੀਲ ਦੂਰ ਜਾ ਕੇ ਕੰਮ ਕਰਨਾ ਕਿੰਨਾ ਮੁਸ਼ਕਲ ਹੈ। ਬਿਹਾਰ ਅਤੇ ਉਤਰ ਪ੍ਰਦੇਸ਼ ਤੋਂ ਵੱਡੀ ਗਿਣਤੀ ਵਿਚ ਲੋਕ ਖਾੜੀ ਦੇਸ਼ ਅੰਦਰ ਮਜਦੂਰੀ ਕਰਨ ਜਾਦੇ ਹਨ। ਪਰ ਜਦੋ ਵਾਪਸ ਆਉਦੇ ਹਨ ਤਾਂ ਟੁਟੇ ਸੁਪਨਿਆ ਤੋਂ ਸਿਵਾਏ ਉਹਨਾਂ ਪੱਲੇ ਕੁਝ ਨਹੀ ਹੁੰਦਾ। ਸ਼ਬੀਰ ਖਾਨ ਦੱਸਦੇ ਹਨ ਕਿ ਸਾਊਦੀ ਅਰਬ ਦੇ ਕਾਇਦੇ ਕਨੂੰਨ ਤਾਂ ਸਖਤ ਹੈ ਹੀ ਪਰ ਕਨੂੰਨ ਦੇ ਰਖਵਾਲੇ ਵੀ ਜਾਲਮਾਂ ਨਾਲੋ ਘੱਟ ਨਹੀ ਹਨ ਸਾਊਦੀ ਅਰਬ ਦੇਸ਼ ਵਿਚ ਕੰਮ ਦਵਾਉਣ ਵਾਲੀਆ ਕੰਪਨੀਆਂ ਹਰ ਆਦਮੀ ਦਾ ਪਾਸਪੋਰਟ ਆਪਣੇ ਕਬਜ਼ੇ ਵਿਚ ਲੈ ਲੈਦੀਆ ਹਨ।

ਏਥੋਂ ਹੀ ਸ਼ੁਰੂ ਹੋ ਜਾਂਦਾ ਹੈ ਸ਼ੋਸ਼ਣ, ਅਤਿਆਚਾਰ ਦਾ ਸਿਲਸਿਲਾ। ਜਿੰਨਾਂ ਪੈਸਾ ਦੇਣ ਦਾ ਵਾਅਦਾ, ਇਕਰਾਰ ਕੀਤਾ ਜਾਦਾ ਹੈ ਉਸ ਦਾ ਅੱਧਾ ਜਾਂ ਉਸ ਦਾ ਤੀਜਾ ਹਿੱਸਾ ਹੀ ਦਿਤਾ ਜਾਦਾ ਹੈ। ਸ਼ਬੀਰ ਸਾਊਦੀ ਅਰਬ ਦੇ ਦਮਾਮ ਸ਼ਹਿਰ ਵਿਚ ਕੰਮ ਕਰਦਾ ਸੀ। ਉਸ ਨੂੰ ਜੋ ਪੈਸਾ ਮਿਲਦਾ ਸੀ ਭਾਰਤ ਦੀ ਕਰੰਸੀ ਦੇ ਮੁਤਾਬਿਕ 12000 ਰੁਪਏ ਬਣਦੇ ਹਨ। ਸਾਊਦੀ ਅਰਬ ਵਿਚ ਜਿਆਦਾ ਲੋਕ ਵਾਧੂ ਸਮੇਂ ਲਗਾ ਕੇ ਤਨਖਾਹ ਤੋਂ ਵਾਧੂ ਪੈਸੇ ਬਣਾਉਂਦੇ ਹਨ। ਸਾਊਦੀ ਅਰਬ ਵਿਚ ਕੰਪਨੀ ਦੇ ਮਾਲਕਾ ਨੇ ਮਜਦੂਰਾਂ ਲਈ ਰਹਿਣ ਦਾ ਪ੍ਰਬੰਧ ਵੀ ਅਜੀਬੋ ਗਰੀਬ ਕੀਤਾ ਹੋਇਆ ਹੈ। ਜਿਆਦਾਤਰ ਮਜਦੂਰਾਂ ਨੂੰ ਕੰਪਨੀ ਤੋ,ਸ਼ਹਿਰ ਤੋਂ ਸੱਠ ਸੱਤਰ ਕਿਲੋਮੀਟਰ ਦੂਰ ਹੀ ਰੱਖਿਆ ਗਿਆ ਹੈ। ਸ਼ਬੀਰ ਨੂੰ ਵੀ ਇਸ ਤਰਾਂ ਹੀ ਜੰਗਲ ਵਿਚ ਟਿਕਾਣਾ ਬਣਾ ਕੇ ਰੱਖਿਆ ਹੋਇਆ ਸੀ। ਜੰਗਲ ਵਿਚ ਰਹਿਣ ਲਈ ਕੰਪਨੀ ਨੇ ਇਕ ਮਕਾਨ ਬਣਾਇਆ ਹੋਇਆ ਸੀ। ਉਥੋਂ ਹੀ ਕੰਪਨੀ ਦੀ ਹਰ ਰੋਜ਼ ਆਪਣੀ ਗੱਡੀ ਵਿਚ ਉਸ ਨੂੰ ਕੰਮ ਕਰਨ ਵਾਲੀ ਜਗ੍ਹਾ ਤਕ ਲੈ ਜਾਂਦੀ ਸੀ ਅਤੇ ਕੰਮ ਖਤਮ ਹੋਣ ਤੋਂ ਬਾਅਦ ਫਿਰ ਵਾਪਸ ਉਹਨਾਂ ਦੇ ਜੰਗਲ ਵਿਚ ਬਣੇ ਟਿਕਾਣੇ ਤੇ ਛੱਡ ਦਿੰਦੇ ਹਨ।

ਇਕ ਹੀ ਕਮਰੇ ਵਿਚ ਭੇੜ ਬੱਕਰੀਆਂ ਦੀ ਤਰਾਂ ਲੋਕਾਂ ਨੂੰ ਰਹਿਣ ਲਈ ਕਿਹਾ ਜਾਂਦਾ। ਛੋਟੇ ਜਿਹੇ ਕਮਰੇ ਵਿਚ ਅੱਠ ਦੱਸ ਲੋਕਾਂ ਨੂੰ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ। ਉਥੇ ਕੰਮ ਕਰਨ ਵਾਲੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਵੀ ਕੰਪਨੀਆਂ ਬਹੁਤ ਬੁਰੀ ਤਰਾਂ ਘਾਣ ਕਰਦੀਆ ਹਨ। ਭਾਰਤ ਵਿਚ ਹਰ ਆਦਮੀ ਨੂੰ ਆਪਣੇ ਧਰਮ ਦੇ ਮੁਤਾਬਿਕ ਪੂਜਾ ਪਾਠ ਕਰਨ ਦਾ ਅਧਿਕਾਰ ਹੈ ਪਰ ਸਾਊਦੀ ਅਰਬ ਵਿਚ ਇਸ ਤਰਾਂ ਦਾ ਕੁਝ ਨਹੀ ਹੈ। ਸ਼ਬੀਰ ਦੱਸਦੇ ਹਨ ਕਿ ਸਾਡੇ ਨਾਲ ਕੰਮ ਕਰਨ ਵਾਲੇ ਬਹੁਤ ਸਾਰੇ ਹਿੰਦੂ ਲੋਕ ਸਨ ਪਰ ਜੇ ਕਿਤੇ ਉਹਨਾਂ ਦੇ ਕਮਰਿਆਂ ਵਿਚੋਂ ਕਿਸੇ ਦੇਵੀ ਦੇਵਤਾ ਦੀ ਤਸਵੀਰ ਜਾਂ ਮੂਰਤੀ ਮਿਲ ਜਾਏ ਤਾਂ ਉਹਨਾਂ ਲੋਕਾਂ ਦੀ ਖੈਰ ਨਹੀ ਹੈ। ਇਸ ਤਰਾਂ ਦੇ ਲੋਕਾਂ ਨੂੰ ਤਰਾਂ ਤਰਾਂ ਦੀ ਸਜ਼ਾ ਦਿਤੀ ਜਾਂਦੀ ਹੈ। ਕਈ ਮਾਮਲਿਆਂ ਵਿਚ ਇਸ ਤਰਾਂ ਦੇ ਲੋਕਾਂ ਦੇ ਨੂੰਹ ਵੀ ਉਖਾੜ ਦਿਤੇ ਜਾਂਦੇ ਸਨ।ਜੇਕਰ ਕੰਪਨੀ ਦਾ ਕੋਈ ਵੀ ਮੁਲਾਜਮ ਜਾਂ ਉਥੇ ਦਾ ਪ੍ਰਸ਼ਾਸ਼ਨ, ਨਮਾਜ਼ ਦੇ ਸਮੇਂ ਕਿਸੇ ਮੁਸਲਮਾਨ ਨੂੰ ਇਧਰ ਉਧਰ ਘੁੰਮਦੇ ਜਾਂ ਕਿਸੇ ਕੰਮ ਨੂੰ ਕਰਦੇ ਦੇਖ ਲਿਆ ਤਾਂ ਉਸ ਨੂੰ ਵੀ ਸਖਤ ਸਜਾ ਦਿਤੀ ਜਾਂਦੀ। ਹਿੰਦੂਆ ਲਈ ਉਹਨਾਂ ਦੇ ਤਿਉਹਾਰਾਂ ਦਾ ਕੋਈ ਮਤਲਬ ਨਹੀ ਰਹਿ ਜਾਦਾ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਏਨੀਆ ਮੁਸ਼ਕਲਾਂ ਦੇ ਬਾਵਜੁਦ ਉਥੇ ਲੋਕ ਕੰਮ ਕਿਉ ਕਰ ਰਹੇ ਹਨ? ਪਹਿਲਾ ਕਾਰਨ ਤਾਂ ਇਹ ਹੈ ਕਿ ਕੰਮ ਬੜੀ ਮੁਸ਼ਕਲ ਨਾਲ ਮਿਲਦਾ ਹੈ ਅਤੇ ਦੂਸਰਾ ਕਾਰਨ ਹੈ ਕਿ ਕਈ ਲੋਕ ਉਥੇ ਜਾ ਕੇ ਫਸ ਜਾਦੇ ਹਨ। ਆਮ ਮਜਦੂਰਾ ਲਈ ਤਾਂ ਤਨਖਾਹ ਬਹੁਤ ਘੱਟ ਹੁੰਦੀ ਹੈ ਪਰ ਉਵਰ ਟਾਇਮ ਲਗਾ ਕੇ ਕੁਝ ਪੈਸੇ ਕਮਾ ਲੇਦੇ ਹਨ। ਪਰ ਇਸ ਦੇ ਬਦਲੇ ਉਹਨਾਂ ਨੂੰ ਆਪਣੀ ਪੂਰੀ ਅਜਾਦੀ ਗਵਾਉਣੀ ਪੈਦੀ ਹੈ। ਇਸ ਤੋਂ ਇਲਾਵਾ ਕੁਝ ਲੋਕ ਉਥੇ ਜਾ ਕੇ ਫਸ ਇਸ ਕਰਕੇ ਜਾਦੇ ਹਨ ਕਿ ਜਾਣ ਤੋਂ ਪਹਿਲਾ ਹੀ ਆਪਣੇ ਆਪ ਵਿਚ ਸਮਝੌਤਾ ਕਰ ਲੈਦੇ ਹਨ ਕਿਉਕਿ ਉਹਨਾਂ ਨੇ ਬਾਹਰਲੇ ਦੇਸ਼ ਜਾਣ ਵਾਸਤੇ ਵਿਆਜ਼ ਆਦਿ ਤੇ ਪੈਸਿਆ ਦਾ ਪ੍ਰਬੰਧ ਕੀਤਾ ਹੁੰਦਾ ਹੈ। ਜੇ ਏਹੋ ਜਿਹੀਆ ਮੁਸ਼ਕਲਾਂ ਨਾ ਸਹਾਰਦੇ ਹੋਏ, ਕੰਮ ਨਾ ਕਰਕੇ ਵਾਪਸ ਆਉਦੇ ਹਨ ਤਾਂ ਹੋਰ ਵੀ ਮੁਸੀਬਤ ਵਿਚ ਫਸ ਜਾਦੇ ਹਨ।ਜੇਕਰ ਪੈਸੇ ਜਲਦੀ ਵਾਪਸ ਨਾ ਹੋਏ ਤਾਂ ਉਹਨਾਂ ਦਾ ਵਿਆਜ਼ ਵੱਧਦਾ ਹੀ ਜਾਦਾ ਹੈ।

ਅਸਲ ਵਿਚ ਖਾੜੀ ਦੇਸ਼ ਵਿਚ ਦੋ ਤਰਾਂ ਦੇ ਸਮਝੌਤਿਆ ਨਾਲ ਲੋਕ ਉਥੇ ਜਾਦੇ ਹਨ। ਕੁਝ ਸਮਝੌਤੇ ਤਾਂ ਇਸ ਤਰਾਂ ਦੇ ਕੀਤੇ ਜਾਦੇ ਹਨ ਕਿ ਜਿਸ ਵਿਚ ਜਾਣ ਵਾਲੇ ਕੋਲੋ ਪਹਿਲਾਂ ਹੀ ਇਕ ਸਮਝੌਤੇ ਤੇ ਦਸਤਖਤ ਕਰਾ ਲਏ ਜਾਦੇ ਹਨ।ਇਸ ਤਰਾਂ ਨਾਲ ਲੋਕ ਇਕ ਐਸੀ ਦਲ ਦਲ ਵਿਚ ਫਸ ਜਾਦੇ ਹਨ ਕਿ ਉਸ ਵਿਚੋ ਨਿਕਲਣਾ ਉਹਨਾਂ ਲਈ ਬਹੁਤ ਔਖਾ ਹੋ ਜਾਦਾ ਹੈ। ਉਹ ਲੋਕ ਵੀ ਇਹ ਦਸਤਖਤ ਆਪਣੀ ਮਜਬੂਰੀ ਵਿਚ ਕਰਦੇ ਹਨ। ਉਹ ਦਸਤਖਤ ਇਸ ਕਰਕੇ ਕਰਦੇ ਹਨ ਕਿ ਕਈ ਕੰਪਨੀਆ ਦਸਤਾਵੇਜ ਤੇ ਦਸਤਖਤ ਕਰਾਏ ਬਿੰਨਾ ਉਹਨਾਂ ਨੂੰ ਕੋਈ ਕੰਮ ਨਹੀ ਦਿੰਦੀਆ।

ਕੁਝ ਲੋਕ ਉਸ ਕੰਪਨੀਆ ਵਿਚ ਵੀ ਜਾਦੇ ਹਨ ਜੋ ਕਿਸੇ ਵੀ ਦਸਤਾਵੇਜ਼ ਤੇ ਦਸਤਖਤ ਨਹੀ ਕਰਵਾਉਦੇ। ਪਰ ਉਹਨਾਂ ਲੋਕਾਂ ਲਈ ਵੀ ਵਾਪਸ ਆਉਣਾ ਕੋਈ ਅਸਾਨ ਨਹੀ ਹੁੰਦਾ।ਇਸ ਤਰਾਂ ਦੀਆਂ ਕੰਪਨੀ ਆਪਣੇ ਨਿਸ਼ਚਤ ਸਮੇ ਤੋ ਪਹਿਲਾਂ ਛੁੱਟੀ ਹੀ ਨਹੀ ਦਿੰਦੀਆ ਅਤੇ ਉਸ ਕੰਪਨੀ ਵਿਚ ਕੰਮ ਕਰਨ ਵਾਲੇ ਨੂੰ ਉਸ ਦਾ ਪਾਸਪੋਰਟ ਹੀ ਵਾਪਸ ਨਹੀ ਮਿਲਦਾ। ਪਾਸਪੋਰਟ ਤੋਂ ਬਿੰਨਾ ਆਦਮੀ ਵਾਪਸ ਆਪਣੇ ਦੇਸ਼ ਕਿਸ ਤਰਾਂ ਆ ਸਕੇਗਾ।

ਤਰਸਯੋਗ ਹਾਲਤ ਤਾਂ ਇਹ ਹੈ ਕਿ ਜਦੋ ਆਦਮੀ ਆਪਣੇ ਦੇਸ਼ ਨੂੰ ਵਾਪਸ ਆਉਦਾ ਹੈ ਤਾਂ ਕੰਪਨੀਆ ਉਸ ਨੂੰ ਉਸ ਦੇ ਪੂਰੇ ਪੈਸੇ ਵੀ ਨਹੀ ਦਿੰਦੀਆ ਤਾਂ ਕਿ ਆਦਮੀ ਫਿਰ ਵਾਪਸ ਆ ਕੇ ਫਿਰ ਦੁਵਾਰਾ ਉਸੇ ਕੰਪਨੀ ਵਿਚ ਆ ਕੇ ਕੰਮ ਕਰੇ ਅਤੇ ਆਪਣੇ ਤੇ ਅਤਿਆਚਾਰ ਸਹਿੰਦਾ ਰਹੇ। ਸ਼ਬੀਰ ਦੇ ਨਾਲ ਵੀ ਕੁਝ ਇਸ ਤਰਾਂ ਹੀ ਹੋਇਆ,ਕੰਪਨੀ ਨੇ ਉਸ ਦੇ 32000 ਰੁਪਏ ਰੱਖ ਲਏ,ਕੰਪਨੀ ਦੀ ਸ਼ਕਾਇਤ ਕਰਨ ਤੇ ਵੀ ਸ਼ਬੀਰ ਨੂੰ ਕੁਝ ਨਹੀ ਮਿਲਿਆ।ਉਸ ਦੇਸ਼ ਵਿਚ ਕੰਮ ਕਰਨੇ ਵਾਲੇ ਮਜਦੂਰਾਂ ਦੀ ਸੁਣਵਾਈ ਕਰਨ ਵਾਲਾ ਕੋਈ ਨਹੀ ਹੈ। ਕੰਪਨੀਆਂ ਦੱਬ ਕੇ ਮਜਦੂਰਾ ਦਾ ਸ਼ੋਸ਼ਣ ਕਰ ਰਹੀਆ ਹਨ ਅਤੇ ਉਥੋ ਦਾ ਪ੍ਰਸ਼ਾਸ਼ਨ ਅਤੇ ਕਨੂੰਨ ਦੇ ਰਖਵਾਲੇ ਉਹਨਾਂ ਲੋਕਾਂ ਦੀ ਮਦਦ ਕਰ ਰਹੇ ਹਨ।


ਸ਼ਬੀਰ ਖਾਨ ਦੱਸਦੇ ਹਨ ਕਿ ਉਥੇ ਕੰਮ ਕਰਨ ਵਾਲੇ ਮਜਦੂਰ ਦੀ ਹਾਲਤ ਬਹੁਤ ਹੀ ਤਰਸਯੋਗ ਹੈ ਉਥੇ ਕੰਪਨੀਆ ਵਿਚ ਜੋ ਉਚ ਅਧਿਕਾਰੀ ਵੀ ਰੱਖੇ ਹੋਏ ਹਨ ਉਹ ਵੀ ਸਾਊਦੀ ਅਰਬ ਤੋਂ ਬਾਹਰਲੇ ਦੇਸ਼ ਦੇ ਹਨ ਜਿਹਨਾਂ ਨੂੰ ਕੰਪਨੀਆ ਸਾਰੀਆਂ ਸੁੱਖ ਸਹੂਲਤਾਂ ਪ੍ਰਦਾਨ ਕਰ ਰਹੀਆ ਹਨ। ਸਾਰੇ ਤਾਲਿਬਾਨੀ ਕਾਇਦੇ ਕਨੂੰਨ ਮੰਨਣ ਵਾਲਿਆ ਨੂੰ ਉਥੇ ਦੇ ਕਨੂੰਨ ਦੇ ਮੁਤਾਬਿਕ ਅਲੱਗ ਸਹੂਲਤਾਂ ਵੀ ਦਿਤੀਆ ਜਾ ਰਹੀਆ ਹਨ।ਇਹਨਾਂ ਤੋਂ ਇਲਾਵਾ ਇਸ ਦੇਸ਼ ਵਿਚ ਪਾਕਿਸਤਾਨ, ਬੰਗਲਾਦੇਸ਼, ਨਿਪਾਲ ਅਤੇ ਸ੍ਰੀਲੰਕਾ ਦੇ ਮਜਦੂਰ ਵੀ ਕੰਮ ਕਰ ਰਹੇ ਹਨ।ਭਾਰਤ ਵਿਚੋ ਕੇਰਲ,ਉਤਰ ਪ੍ਰਦੇਸ਼ ਅਤੇ ਬਿਹਾਰ ਵਿਚੋ ਜਿਆਦਾ ਮਜਦੂਰ ਉਥੇ ਕੰਮ ਕਰਨ ਵਾਸਤੇ ਗਏ ਹੋਏ ਹਨ।

ਸਾਊਦੀ ਅਰਬ ਵਿਚ ਕੰਮ ਦੀ ਭਾਲ ਵਿਚ ਗਏ ਮਜਦੂਰਾਂ ਦੀ ਹਾਲਤ ਗੁਲਾਮਾਂ ਵਰਗੀ ਹੈ। ਭਾਰਤ ਦੀ ਸਰਕਾਰ ਅਤੇ ਏਥੋਂ ਦੇ ਨੇਤਾ ਵੀ ਇਸ ਵਾਰੇ ਵਿਚ ਕੁਝ ਨਹੀ ਸੋਚ ਰਹੇ।

# ਗੁਰਮਤਿ ਕੀਰਤਨ ਦੀਆਂ ਦਾਤਾਂ ਵੰਡਣ ਵਾਲੇ ਭੈਣ ਪਰਮਿੰਦਰ ਕੌਰ ਜੀ ਨੂੰ ਸ਼ਰਧਾਂਜਲੀ

(ਅਵਤਾਰ ਸਿੰਘ ਮਿਸ਼ਨਰੀ)

ਸਦਾ ਹਸਮੁੱਖ ਰਹਿਣ ਵਾਲੇ ਭੈਣ ਜੀ ਪਰਮਿੰਦਰ ਕੌਰ ਧਰਮ ਸੁਪਤਨੀ ਪ੍ਰੋ. ਦਲਬੀਰ ਸਿੰਘ ਜੋ ਕੁਝ ਦਿਨ ਪਹਿਲੇ 54 ਸਾਲ ਦੀ ਆਯੂ ਭੋਗ ਕੇ ਅਕਾਲ ਚਲਾਣਾ ਕਰ ਗਏ ਸਨ। ਭੈਣ ਜੀ ਦਾ ਪਿਛੋਕੜ ਚੰਡੀਗੜ੍ਹ, ਪੰਜਾਬ ਭਾਰਤ ਦਾ ਸੀ ਅਤੇ ਥਾਈਲੈਂਡ ਵੀ ਇਹ ਸੇਵਾ ਦੋਵੇਂ ਦੰਪਤੀ ਕਰਦੇ ਰਹੇ ਜਿੱਥੇ ਗਿਆਨੀ ਅਰਜਨ ਸਿੰਘ ਜੀ ਦੇ ਗੁਰਮਤਿ ਪ੍ਰਚਾਰ ਸਦਕਾ ਸਿੱਖੀ ਕਾਇਮ ਹੈ, ਥਾਈਲੈਂਡ ਵਿਖੇ ਕੋਈ ਸਰਦਾਰ ਮੋਨਾ ਜਾਂ ਕਲੀਨਸ਼ੇਵ ਨਹੀਂ ਹੈ। ਦਾਸ ਨੇ ਸੁਣਿਆਂ ਹੈ ਕਿ ਗਿਆਨੀ ਅਰਜਨ ਸਿੰਘ ਜੀ ਨੇ ਗੁਰਬਾਣੀ ਦਾ ਪ੍ਰਵਾਹ ਘਰ ਘਰ ਚਲਾਇਆ ਹੋਇਆ ਸੀ ਕਿ ਜਦ ਤੱਕ ਬੱਚਾ ਬੱਚੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰੀ ਸੰਥਿਆ ਨਹੀਂ ਸੀ ਕਰ ਲੈਂਦੇ ਉਨ੍ਹਾਂ ਦਾ ਅਨੰਦ ਕਾਰਜ ਨਹੀਂ ਸੀ ਹੁੰਦਾ। ਉਹ ਹੀ ਗੁਰਬਾਣੀ ਦੀ ਸਿਖਿਆ ਲੈ ਕੇ ਗੁਰਪੁਰਵਾਸੀ ਭੈਣ ਪਰਮਿੰਦਰ ਕੌਰ ਅਤੇ ਉਨ੍ਹਾਂ ਦੇ ਜੀਵਨ ਸਾਥੀ ਪ੍ਰੋ. ਦਲਬੀਰ ਸਿੰਘ ਜੀ ਸੈਨ ਫਰਾਂਸਿਸਕੋ (ਅਮਰੀਕਾ) ਦੀ ਧਰਤੀ ਤੇ ਆਏ। ਭੈਣਜੀ ਰਾਗਾਂ ਵਿੱਚ ਕੀਰਤਨ ਕਰਦੇ ਅਤੇ ਸਿਖਾਉਂਦੇ ਸਨ। ਕਰੀਬ ਬੇ ਏਰੀਏ ਦੇ ਸਾਰੇ ਗੁਰਦੁਆਰਿਆਂ ਵਿੱਚ ਗੁਰਬਾਣੀ ਕੀਰਤਨ ਮਿਊਜਿਕ ਸਿਖਲਾਈ ਦੀ ਸੇਵਾ ਬੜੀ ਲਗਨ, ਪਿਆਰ, ਉਤਸ਼ਾਹ ਅਤੇ ਬਾਖੂਬੀ ਨਾਲ ਨਿਭਾ ਰਹੇ ਸਨ। ਦੁੱਖ ਸੁੱਖ ਸਰੀਰਾਂ ਦੇ ਭੋਗ ਹੋਣ ਕਰਕੇ, ਕੈਂਸਰ ਵਰਗੀ ਭਿਆਨਕ ਬੀਮਾਰੀ ਨਾਲ, ਚੜ੍ਹਦੀ ਕਲਾ ਵਿੱਚ ਦੋ ਹੱਥ ਕਰਦੇ ਹੋਏ ਅਚਾਨਕ ਅਕਾਲ ਦਾ ਸੱਦਾ ਆ ਜਾਣ ਕਰਕੇ ਚੜ੍ਹਾਈ ਕਰ ਗਏ। ਇਨ੍ਹਾਂ ਰਾਗ ਪਿਆਰ ਦੇ ਰੱਬੀ ਰੰਗ ਵਿੱਚ ਰੰਗੇ ਹੋਏ ਦੰਪਤੀ ਨੇ ਆਪਣੇ ਬੱਚਿਆਂ ਦਾ ਨਾਂ ਵੀ ਰਾਗਣੀ ਕੌਰ ਅਤੇ ਰਾਗਿੰਦਰ ਸਿੰਘ ਰੱਖਿਆ ਜੋ ਰਾਗ ਵਿਦਿਆ ਵਿੱਚ ਗ੍ਰੈਜੂਏਟ ਹਨ।




ਦਾਸ ਨੇ ਭੈਣ ਪਰਮਿੰਦਰ ਕੌਰ ਜੀ ਦੇ ਫਿਊਨਲ ਤੇ ਜੋ ਦੇਖਿਆ ਸਾਰੀ ਕਿਰਿਆ ਕਰਮ ਵਾਹਿਗੁਰੂ ਦੇ ਭਾਣੇ ਵਿੱਚ ਗੁਰਮਿਤ ਅਨੁਸਾਰ ਹੋਈ। ਦਸਦੇ ਹਨ ਕਿ ਭੈਣ ਜੀ ਦੇ ਅਕਾਲ ਚਲਾਣੇ ਵੇਲੇ ਰੱਬ ਦੀ ਰਜਾ ਵਿੱਚ ਰਾਜੀ ਪ੍ਰੋ. ਦਲਬੀਰ ਸਿੰਘ ਤੇ ਬੱਚਿਆਂ ਨੇ ਆਪ ਗੁਰਬਾਣੀ ਦਾ ਪਾਠ ਕੀਤਾ। ਫਿਊਨਲ ਤੇ ਭੈਣ ਜੀ ਦੇ ਸਮੂੰਹ ਪ੍ਰਵਾਰ, ਸਿਖਿਆਰਥੀਆਂ ਅਤੇ ਸੰਗੀ ਸਾਥੀ ਦੋਸਤਾਂ ਮਿਤਰਾਂ ਨੇ ਰਲ ਕੇ ਪਾਠ ਤੇ ਕੀਰਤਨ ਕੀਤਾ। ਦਾਸ ਨੇ ਪਹਿਲੀ ਵਾਰ ਜਵਾਨ ਬੱਚੇ ਬੱਚੀਆਂ ਦੀ ਹਾਜਰੀ ਫਿਊਨਲ ਤੇ ਦੇਖੀ।

ਸਭ ਤੋਂ ਵੱਧ ਬੱਚੇ ਬੱਚੀਆਂ ਅਤੇ ਉਨ੍ਹਾਂ ਦੇ ਮਾਤਾ ਪਿਤਾਵਾਂ ਨੇ ਭੈਣ ਜੀ ਨੂੰ ਮਿਸ ਕੀਤਾ। ਫਿਊਨਲ ਹਾਲ ਵਿੱਚ ਬੈਠਣ ਨੂੰ ਜਗ੍ਹਾ ਨਾਂ ਰਹੀ, ਭਾਰੀ ਗਿਣਤੀ ਵਿੱਚ ਗੁਰਸਿੱਖ ਪ੍ਰੇਮੀ ਆਏ ਹੋਏ ਸਨ।

ਅਨੇਕਾਂ ਬੁਲਾਰਿਆਂ ਵੱਲੋਂ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਭੈਣ ਜੀ ਦੇ ਹੋਣਹਾਰ ਬੱਚੇ ਬੀਬੀ ਰਾਗਣੀ ਕੌਰ ਅਤੇ ਕਾਕਾ ਰਾਗਿੰਦਰ ਸਿੰਘ ਜੀ ਨੇ ਰਾਗ ਗਾਇਣ ਰਾਹੀਂ ਅੰਤਮ ਸ਼ਰਧਾਂਜਲੀ ਭੇਟ ਕੀਤੀ। ਕੋਈ ਵੀ ਪ੍ਰਵਾਰਕ ਅਤੇ ਸੰਸਾਰਕ ਸਜਨ ਰੋ ਨਹੀਂ ਸੀ ਰਿਹਾ ਸਾਰੇ ਗੁਰਬਾਣੀ ਦਾ ਜਾਪ ਕਰਦੇ, ਅੰਤਮ ਵਿਦਾਇਗੀ ਦੇ ਜੈਕਾਰੇ ਛੱਡ ਰਹੇ ਸਨ। ਤੇ ਅਖੀਰ ਤੇ ਗੁਰਦੁਆਰਾ ਫਰੀਮਾਂਟ ਵਿਖੇ ਸ਼ਰਧਾਂਜਲੀ ਕੀਰਤਨ ਅਤੇ ਅੰਤਮ ਅਰਦਾਸ ਕੀਤੀ ਗਈ।

ਦਾਸ ਦੀ ਵੀ ਗੁਰਮਤਿ ਪ੍ਰਾਇਣ ਹੋਣ ਕਰਕੇ ਇਸ ਗੁਰਮੁਖ ਦੰਪਤੀ ਨਾਲ ਨੇੜਤਾ ਸੀ। ਜਦ ਵੀ ਗੁਰਦੁਆਰੇ ਸਟਾਲ ਤੇ ਜਾਂ ਗਾਹੇ ਬਗਾਹੇ ਮਿਲਣਾ ਫਤਿਹ ਸਾਂਝੀ ਕਰਨੀ।

ਪ੍ਰੋ. ਦਲਬੀਰ ਸਿੰਘ ਜੀ ਨੇ ਦਾਸ ਨੂੰ ਹਲਾਸ਼ੇਰੀ ਦੇਣੀ ਕਿ ਗੁਰਮਤਿ ਤੇ ਵਧੀਆ ਲਿਖਦੇ ਹੋ, ਕਰੀ ਚੱਲੋ ਗੁਰਮਤਿ ਦੀ ਸੇਵਾ ਲਿਖ ਲਿਖ ਕੇ। ਸੰਸਾਰ ਵਿੱਚ ਅਜਿਹੇ ਗੁਰਮੁਖ ਹੰਸਾਂ ਦੇ ਜੋੜੇ ਵਿਰਲੇ ਹੀ ਹਨ ਜੋ ਖਿੜੇ ਮੱਥੇ ਖਾਲਕ ਦੀ ਖਲਕਤ ਦੀ ਸੇਵਾ ਕਰਨਾ ਹੀ ਜੀਵਨ ਦੀ ਸਫਲਤਾ ਸਮਝਦੇ ਹਨ।

ਅਸੀਂ ਇਸ ਹੁਕਮ ਰਾਜਾਈ ਦੀ ਦੁਖਦਾਈ ਘਟਨਾ ਤੇ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ ਏ ਅਤੇ ਵਰਲਡ ਸਿੱਖ ਫੈਡਰੇਸ਼ਨ ਦੇ ਸਮੂਹ ਸੇਵਕਾਂ ਵੱਲੋਂ ਅਰਦਾਸ ਕਰਦੇ ਹਾਂ ਕਿ ਕਰਤਾ ਕਰਤਾਰ ਅਕਾਲ ਪੁਰਖ ਭੈਣਜੀ ਪਰਮਿੰਦਰ ਕੌਰ ਦੇ ਸਮੂੰਹ ਪ੍ਰਵਾਰ, ਮਿਤਰਾਂ ਦੋਸਤਾਂ, ਸਿਖਿਆਰਥੀਆਂ ਅਤੇ ਖਾਸ ਕਰ ਵਿਛੋੜੇ ਦੀ ਵੱਡੀ ਸੱਟ ਸਹਿਣ ਵਾਲੇ ਉਨ੍ਹਾਂ ਦੇ ਪਤੀ ਪ੍ਰੋ. ਦਲਬੀਰ ਸਿੰਘ, ਬੇਟਾ ਰਾਗਿੰਦਰ ਸਿੰਘ ਅਤੇ ਬੇਟੀ ਰਾਗਣੀ ਕੌਰ ਨੂੰ ਵਰਤੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ ਸਦੀਵ ਚੜ੍ਹਦੀਆਂ ਵਿੱਚ ਵਿਚਰਣ ਅਤੇ ਗੁਰਬਾਣੀ ਕੀਰਤਨ ਗੁਰਮਤਿ ਦੀਆਂ ਦਾਤਾਂ ਵੰਡਦੇ ਰਹਿਣ ਦਾ ਹੋਰ ਉਤਸ਼ਾਹ ਬਖਸ਼ਦਾ ਕਰਦਾ ਰਹੇ।

# ਦਲਿਤਾਂ ਨਾਲ ਵਾਪਰਦੇ ਅਤਿਆਚਾਰਾਂ ਦੇ ਮਾਮਲਿਆਂ ਸਬੰਧੀ ਬਹੁਤੇ ਧਾਰਮਿਕ ਅਦਾਰਿਆਂ ਅਤੇ ਧਾਰਮਿਕ ਆਗੂਆਂ ਦੇ ਚੁੱਪੀ ਕਾਰਨ ਦੇਸ਼ ਵਿੱਚ ਦਲਿਤ ਅਪਣੇ ਆਪ ਨੂੰ ਅਨਾਥ ਮਹਿਸੂਸ ਕਰ ਰਹੇ ਹਨ



**ਕੁਲਦੀਪ ਚੰਦ**

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਇਸ ਦੇਸ਼ ਵਿੱਚ ਵਸਦੇ ਕਰੋੜਾਂ ਸ਼ਾਬਕਾਂ ਸ਼ੂਦਰਾਂ/ ਅਛੂਤਾਂ/ ਦਲਿਤਾਂ ਨੂੰ ਹਰ ਧਰਮ ਨੇ ਅਪਣੇ ਵਿੱਚ ਸ਼ਾਮਲ ਕਰਨ ਦੇ ਦਾਅਵੇ ਕੀਤੇ ਹਨ ਅਤੇ ਅਕਸਰ ਇਨ੍ਹਾਂ ਨੂੰ ਵਿਸ਼ੇਸ਼ ਤੋਰ ਤੇ ਇਨ੍ਹਾਂ ਦੇ ਆਗੂਆਂ ਨੂੰ ਅਪਣੇ ਧਰਮ ਵੱਲ ਆਕਰਸ਼ਿਤ ਕਰਨ ਲਈ ਹਰ ਤਰਾਂ ਦੀਆਂ ਚਾਲਾਂ ਚੱਲੀਆਂ ਹਨ। ਇਹੋ ਕਾਰਨ ਹੈ ਕਿ ਇਸ ਦੇਸ਼ ਵਿੱਚ ਅੱਜ ਵੀ ਇਹ ਲੋਕ ਵੱਖ ਵੱਖ ਧਰਮਾਂ ਨਾਲ ਜੁੜੇ ਹੋਏ ਹਨ। ਸਦੀਆਂ ਤੱਕ ਗੁਲਾਮ ਰਹੇ ਅਤੇ ਹਰ ਤਰਾਂ ਦੇ ਮੂਲ ਅਧਿਕਾਰਾਂ ਤੋਂ ਬਾਂਝੇ ਰਹੇ ਕਰੋੜਾਂ ਲੋਕਾਂ ਨੂੰ ਕੁੱਝ ਧਰਮਾਂ ਦੇ ਆਗੂਆਂ ਨੇ ਅਪਣੇ ਨਾਲ ਜੋੜਣ ਲਈ ਕਈ ਤਰਾਂ ਦੇ ਭਲਾਈ ਪ੍ਰੋਗਰਾਮ ਵੀ ਚਲਾਏ ਹਨ। ਇਹੋ ਕਾਰਨ ਹੈ ਕਿ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਇਹ ਲੋਕ ਵੱਖ ਵੱਖ ਧਰਮਾਂ ਨਾਲ ਜੁੜੇ ਹਨ। ਸਮੇਂ ਸਮੇਂ ਤੇ ਇਨ੍ਹਾਂ ਦਲਿਤਾਂ ਦੀ ਧਰਮ ਤਬਦਿਲੀ ਵੀ ਵੱਡੀ ਬਹਿਸ ਦਾ ਕਾਰਨ ਬਣੀ ਹੈ। ਲੰਬਾ ਸਮਾਂ ਇਹ ਲੋਕ ਹਿੰਦੂ ਧਰਮ ਨਾਲ ਜੁੜੇ ਹੋਏ ਸਨ ਅਤੇ ਅੱਜ ਵੀ ਦੇਸ਼ ਦੇ ਕਈ ਭਾਗਾਂ ਵਿੱਚ ਇਹ ਲੋਕ ਹਿੰਦੂ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਹੀ ਅਪਣੇ ਸਭ ਕੰਮ ਕਰਦੇ ਹਨ। ਸਮੇਂ ਸਮੇਂ ਤੇ ਕਈ ਦਲਿਤ ਆਗੂਆਂ ਨੇ ਹਿੰਦੂ ਧਰਮ ਵਿੱਚ ਇਨ੍ਹਾਂ ਦਲਿਤਾਂ ਨਾਲ ਹੋ ਰਹੇ ਭੇਦਭਾਵ ਦਾ ਵੱਡੇ ਪੱਧਰ ਤੇ ਵਿਰੋਧ ਕੀਤਾ। ਹਿੰਦੂ ਧਰਮ ਦੇ ਕਈ ਆਗੂਆਂ ਨੇ ਵੀ ਦਲਿਤਾਂ ਨਾਲ ਕੀਤੇ ਜਾ ਰਹੇ ਪੱਖਪਾਤ ਦਾ ਵਿਰੋਧ ਕੀਤਾ ਅਤੇ ਇਸ ਬੁਰਾਈ ਖਿਲਾਫ ਅੰਦੋਲਨ ਚਲਾਇਆ।

ਸਮਾਜਿਕ ਬਰਾਬਰੀ ਦੇ ਨਾਮ ਤੇ ਚਲਾਏ ਗਏ ਇਨ੍ਹਾਂ ਅੰਦੋਲਨਾਂ ਕਾਰਨ ਬੇਸ਼ੱਕ ਦਲਿਤਾਂ ਦੇ ਜੀਵਨ ਵਿੱਚ ਕੁੱਝ ਸੁਧਾਰ ਹੋਇਆ ਹੈ ਪਰ ਅਜੇ ਵੀ ਦਲਿਤਾਂ ਨਾਲ ਅਕਸਰ ਹੁੰਦੀਆਂ ਪੱਖਪਾਤ ਦੀਆਂ ਘਟਨਾਵਾਂ ਅਤੇ ਇਨ੍ਹਾਂ ਨਾਲ ਹੁੰਦੇ ਅਤਿਆਚਾਰ ਅਕਸਰ ਚਰਚਾ ਦਾ ਵਿਸ਼ਾ ਬਣਦੇ ਹਨ। ਦੇਸ਼ ਵਿੱਚ ਬਣੇ ਵੱਖ ਵੱਖ ਧਰਮਾਂ ਦੇ ਅਦਾਰੇ ਅਕਸਰ ਅਜਿਹੀਆਂ ਘਟਨਾਵਾਂ ਪ੍ਰਤੀ ਚੁੱਪ ਹੀ ਰਹਿੰਦੇ ਹਨ।

ਪਿਛਲੇ ਕੁੱਝ ਦਹਾਕਿਆਂ ਦੌਰਾਨ ਵਿਸ਼ੇਸ਼ ਤੋਰ ਤੇ ਅਜ਼ਾਦੀ ਤੋਂ ਬਾਦ ਇਨ੍ਹਾਂ ਅਤਿਆਚਾਰਾਂ ਦੀਆਂ ਘਟਨਾਵਾਂ ਵਿੱਚ ਅਥਾਹ ਵਾਧਾ ਹੋਇਆ ਹੈ। ਬਹੁਤੇ ਧਾਰਮਿਕ ਅਦਾਰੇ ਦਲਿਤਾਂ ਦੀ ਬਰਬਾਦੀ ਅਤੇ ਸਦੀਆਂ ਤੱਕ ਇਨ੍ਹਾਂ ਨੂੰ ਗੁਲਾਮ ਰੱਖਣ ਲਈ ਹਿੰਦੂ ਧਰਮ ਦੀਆਂ ਗੱਲਤ ਧਾਰਨਾਵਾਂ ਨੂੰ ਜਿੰਮੇਵਾਰ ਮੰਨਦੇ ਹਨ ਪਰ ਇਨ੍ਹਾਂ ਧਰਮਾਂ ਦੇ ਮੁਖੀਆਂ ਵਲੋਂ ਵੀ ਦਲਿਤਾਂ ਤੇ ਹੋ ਰਹੇ ਅਤਿਆਚਾਰਾਂ ਪ੍ਰਤੀ ਅਕਸਰ ਚੁੱਪੀ ਹੀ ਧਾਰਨ ਕੀਤੀ ਜਾਂਦੀ ਹੈ। ਇਹ ਵੀ ਇੱਕ ਕੋੜਾ ਸੱਚ ਹੈ ਕਿ ਮੌਜੂਦਾ ਸਮੇਂ ਕਰੋੜਾਂ ਦਲਿਤਾਂ ਪ੍ਰਤੀ ਬਹੁਤੇ ਧਾਰਮਿਕ ਆਗੂਆਂ ਦੀ ਸੋਚ ਲੱਗਭੱਗ ਇਕੋ ਜਿਹੀ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਹਿੰਦੂ ਧਰਮ ਦੀਆਂ ਕਈ ਮਾੜੀਆਂ ਰੀਤੀਆਂ ਦੂਜੇ ਧਰਮਾਂ ਨੇ ਵੀ ਅਪਣਾਈਆਂ ਹੋਈਆਂ ਹਨ। ਹੁਣ ਹਿੰਦੂ ਧਰਮ ਤੋਂ ਇਲਾਵਾ ਕਈ ਹੋਰ ਧਰਮਾਂ ਦੇ ਅਦਾਰਿਆਂ ਵਿੱਚ ਦਲਿਤਾਂ ਨਾਲ ਖੁਲੇਆਮ ਪੱਖਪਾਤ ਕੀਤਾ ਜਾਂਦਾ ਹੈ। ਪੰਜਾਬ ਜਿੱਥੇ ਬਹੁਤੇ ਦਲਿਤਾਂ ਵਲੋਂ ਸਿੱਖ ਧਰਮ ਅਪਨਾਇਆ ਗਿਆ ਹੈ ਵਿੱਚ ਵਾਪਰਦੀਆਂ ਘਟਨਾਵਾਂ ਅਤੇ ਸਿੱਖ ਧਰਮ ਦੇ ਆਗੂਆਂ ਵਲੋਂ ਧਾਰੀ ਗਈ ਚੁੱਪ ਦਲਿਤਾਂ ਨੂੰ ਕੰਡਿਆਂ ਵਾਂਗ ਚੁੱਭ ਰਹੀ ਹੈ। ਸਿੱਖ ਧਰਮ ਜਿਸਦਾ ਅਧਾਰ ਹੀ ਬਰਾਬਰਤਾ ਹੈ। ਸਿੱਖ ਧਰਮ ਦਾ ਇਤਿਹਾਸ ਗਵਾਹ ਹੈ ਕਿ ਗੁਰੂ ਮਹਾਰਾਜ ਨੇ ਹਮੇਸ਼ਾ ਹੀ ਇਨ੍ਹਾਂ ਦਲਿਤਾਂ ਨੂੰ ਅਪਣੇ ਨਾਲ ਰੱਖਿਆ ਹੈ ਅਤੇ ਇਨ੍ਹਾਂ ਦਲਿਤਾਂ ਨੇ ਵੀ ਸਮੇਂ ਸਮੇਂ ਤੇ ਕੁਰਬਾਨੀਆਂ ਦਿਤੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਲਿਤਾਂ ਦੇ ਰਹਿਵਰਾਂ ਦੀ ਬਾਣੀ ਨੂੰ ਵਿਸ਼ੇਸ਼ ਥਾਂ ਦਿਤੀ ਗਈ ਹੈ। ਇਸ ਸਭਨੂੰ ਵੇਖਕੇ ਅਤੇ ਅਧਿਅਨ ਕਰਨ ਤੋਂ ਬਾਦ ਹੀ 20ਵੀਂ ਸਦੀ ਦੇ ਦਲਿਤ ਰਹਿਵਰ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਨੇ ਵੀ ਕਰੋੜਾਂ ਅਛੂਤਾਂ ਨਾਲ ਸਿੱਖ ਧਰਮ ਅਪਣਾਉਣ ਦਾ ਫੈਸਲਾ ਕੀਤਾ ਸੀ ਪਰ ਉਸ ਵੇਲੇ ਸਿੱਖ ਧਰਮ ਵਿੱਚ ਬੈਠੇ ਕੁੱਝ ਆਗੂਆਂ ਨੇ ਡਾਕਟਰ ਅੰਬੇਡਕਰ ਨੂੰ ਸਿੱਖ ਧਰਮ ਵਿੱਚ ਨਾਂ ਆਣ ਦਿਤਾ ਨਹੀਂ ਤਾ ਹੁਣ ਦੇਸ਼ ਦੇ ਹਰ ਸੂਬੇ ਵਿੱਚ ਬੈਠੇ ਅਛੂਤ ਸਿੱਖ ਹੋਣੇ ਸਨ।

ਗਦਰੀ ਆਗੂ ਅਤੇ ਆਦਿ ਧਰਮ ਮਿਸ਼ਨ ਦੇ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਵਲੋਂ 1926 ਵਿੱਚ ਸ਼ੁਰੂ ਕੀਤੀ ਗਈ ਆਦਿ ਧਰਮ ਮੁਹਿੰਮ ਕਾਰਨ 1931 ਦੀ ਜਨਗਣਨਾ ਵੇਲੇ ਬਹੁਤੇ ਦਲਿਤਾਂ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਅਤੇ ਆਦਿ ਧਰਮ ਮੰਡਲ ਵਲੋਂ 1937 ਵਿੱਚ ਹੋਈਆ ਵਿਧਾਨ ਸਭਾ ਚੋਣਾਂ ਵਿੱਚ 8 ਰਾਖਵੀਆਂ ਸੀਟਾਂ ਤੋਂ ਅਪਣੇ ਉਮੀਦਵਾਰ ਖੜ੍ਹੇ ਕੀਤੇ ਗਏ ਸਨ ਅਤੇ 07 ਵਿਧਾਇਕ ਬਣੇ ਸਨ। 1946 ਵਿੱਚ ਬਾਬੂ ਮੰਗੂ ਰਾਮ ਜੀ ਆਪ ਵਿਧਾਇਕ ਬਣੇ ਅਤੇ 1952 ਤੱਕ ਵਿਧਾਇਕ ਰਹੇ ਸਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਦਲਿਤਾਂ ਨਾਲ ਹੋਈਆਂ ਅਤਿਆਚਾਰਾਂ ਦੀਆਂ ਘਟਨਾਵਾਂ ਪ੍ਰਤੀ ਵੱਖ ਵੱਖ ਧਾਰਮਿਕ ਆਗੂਆਂ ਦੀ ਚੁੱਪੀ ਕਾਰਨ ਦਲਿਤ ਅਪਣੇ ਆਪ ਨੂੰ ਅਨਾਥ ਮਹਿਸੂਸ ਕਰ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਅਕਸਰ ਕਈ ਵਾਰ ਦਲਿਤ ਸੰਤ ਅਤੇ ਧਾਰਮਿਕ ਆਗੂ ਵੀ ਚੁੱਪ ਹੀ ਰਹਿੰਦੇ ਹਨ। ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਦਾ ਪ੍ਰਚਾਰ ਕਰ ਰਹੇ ਬਾਬਾ ਰਾਮਦੇਵ ਵਲੋਂ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਲੈਕੇ ਦਲਿਤ ਮਹਿਲਾਵਾਂ ਪ੍ਰਤੀ ਕੀਤੀ ਗਈ ਟਿਪਣੀ ਨੂੰ ਲੈਕੇ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਰੋਸ ਪ੍ਰਦਰਸ਼ਨ ਹੋਏ ਹਨ ਜਿਸਤੋਂ ਬਾਦ ਪ੍ਰਸ਼ਾਸਨ ਵਲੋਂ ਉਸ ਖਿਲਾਫ ਕਨੂੰਨੀ ਕਾਰਵਾਈ ਵੀ ਕੀਤੀ ਗਈ ਹੈ। ਇਸ ਰੋਸ ਪ੍ਰਦਰਸ਼ਨ ਵਿੱਚ ਵੀ ਧਾਰਮਿਕ ਅਦਾਰਿਆਂ ਵਿਸ਼ੇਸ਼ ਤੋਰ ਤੇ ਦਲਿਤਾਂ ਨਾਲ ਸਬੰਧਿਤ ਧਾਰਮਿਕ ਅਦਾਰਿਆਂ ਨੇ ਲੰਬਾ ਸਮਾਂ ਚੁੱਪੀ ਧਾਰਕੇ ਰੱਖੀ ਹੈ।

ਜੇਕਰ ਇਨ੍ਹਾਂ ਅਦਾਰਿਆਂ ਅਤੇ ਧਾਰਮਿਕ ਆਗੂਆਂ ਨੇ ਸਮੇਂ ਸਮੇਂ ਤੇ ਦਲਿਤਾਂ ਨੂੰ ਪੇਸ਼ ਆ ਰਹੀਆਂ ਸਮਸਿਆਵਾਂ ਸਬੰਧੀ ਚਿੰਤਨ ਨਾਂ ਕੀਤਾ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਕਦਮ ਨਾਂ ਚੁੱਕੇ ਤਾਂ ਇਸ ਦੇਸ਼ ਦੇ ਕਰੋੜਾਂ ਦਲਿਤ ਅਪਣੇ ਆਪ ਨੂੰ ਅਨਾਥ ਮੰਨਦੇ ਹੋਏ ਅਜਿਹੇ ਅਦਾਰਿਆਂ ਤੋਂ ਮੂੰਹ ਮੋੜ ਸਕਦੇ ਹਨ। (94175-63054)

# ਆਖਿਰ ਮੁੱਕਣ ਜਾ ਰਿਹਾ ਹੈ 16ਵੀਂ ਲੋਕ ਸਭਾ ਲਈ ਚੋਣਾਂ ਦਾ ਸਫਰ

## ਦੇਸ਼ ਨੂੰ ਕਦੋਂ ਨਸੀਬ ਹੋਣਗੇ ਸਾਫ ਅਕਸ਼ ਵਾਲੇ ਰਾਜਨੇਤਾ

ਸਾਡਾ ਦੇਸ਼ ਇੱਕ ਵੱਡਾ ਲੋਕਤੰਤਰ ਹੈ। ਦੇਸ਼ ਦੇ ਸੰਵਿਧਾਨ ਅਨੁਸਾਰ ਅਕਸਰ ਪੰਜ ਸਾਲ ਬਾਦ ਚੋਣਾਂ ਹੁੰਦੀਆਂ ਹਨ ਅਤੇ ਲੋਕ ਨਵੀਂ ਸਰਕਾਰ ਦੀ ਚੋਣ ਕਰਦੇ ਹਨ। 16ਵੀਂ ਲੋਕ ਸਭਾ ਲਈ ਚੋਣਾਂ ਦਾ 5 ਮਾਰਚ, 2014 ਤੋਂ ਸ਼ੁਰੂ ਹੋਇਆ ਸਫਰ 16 ਮਈ ਨੂੰ ਚੋਣ ਨਤੀਜਿਆਂ ਦੇ ਘੋਸ਼ਿਤ ਹੋਣ ਨਾਲ ਖਤਮ ਹੋਣ ਜਾ ਰਿਹਾ ਹੈ। 16ਵੀਂ ਲੋਕ ਸਭਾ ਅਧੀਨ 543 ਲੋਕ ਸਭਾ ਸੀਟਾਂ ਲਈ 7 ਅਪ੍ਰੈਲ ਤੋਂ ਲੈ ਕੇ 12 ਮਈ ਤੱਕ 9 ਗੇੜਾਂ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਵੋਟਾਂ ਪਈਆਂ ਹਨ। ਜਿਵੇਂ-ਜਿਵੇਂ ਚੋਣ ਨਤੀਜਿਆਂ ਦਾ ਦਿਨ ਨੇੜੇ ਆ ਰਿਹਾ ਹੈ ਉਵੇਂ-ਉਵੇਂ ਚੋਣਾਂ ਲੜਨ ਵਾਲੇ ਉਮੀਦਵਾਰਾਂ ਅਤੇ ਰਾਜਨੀਤਕ ਦਲਾਂ ਦੀ ਦਿਲ ਦੀ ਧੜਕਨ ਤੇਜ਼ ਹੁੰਦੀ ਜਾ ਰਹੀ ਹੈ।

ਭਾਰਤੀ ਚੋਣ ਆਯੋਗ ਅਨੁਸਾਰ ਇਸ ਵਾਰ ਵੋਟਰਾਂ ਦੀ ਗਿਣਤੀ 814.5 ਮਿਲੀਅਨ ਸੀ ਜੋ ਕਿ ਦੁਨੀਆਂ ਦੇ ਕਿਸੇ ਵੀ ਦੇਸ਼ ਦੇ ਵੋਟਰਾਂ ਤੋਂ ਵੱਧ ਹੈ। ਇਹਨਾਂ ਵਿੱਚ 100 ਮਿਲੀਅਨ ਨਵੇਂ ਵੋਟਰ ਵੀ ਸ਼ਾਮਿਲ ਹਨ। ਇਹ ਚੋਣਾਂ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਖਰਚੀਲੀਆਂ ਅਤੇ ਲੰਬੀਆਂ ਸਨ। ਇਹਨਾਂ ਚੋਣਾਂ ਤੇ ਸਰਕਾਰੀ ਤੌਰ ਤੇ ਲੱਗਭੱਗ ਲੱਗਭੱਗ 35 ਬਿਲੀਅਨ ਦਾ ਖਰਚ ਆਇਆ ਹੈ। ਇਸਤੋਂ ਇਲਾਵਾ ਵੱਖ-ਵੱਖ ਰਾਜਨੀਤਿਕ ਦਲਾਂ ਨੇ 30500 ਕਰੋੜ ਦੇ ਲਗਭੱਗ ਚੋਣਾਂ ਤੇ ਖਰਚ ਕੀਤਾ ਹੈ। ਇਹ ਖਰਚ ਪਿਛਲੀਆਂ ਲੋਕਸਭਾ ਚੋਣਾਂ ਤੋਂ ਲੱਗਭੱਗ 3 ਗੁਣਾਂ ਵੱਧ ਹੈ। ਇਹ ਖਰਚ ਦੁਨੀਆਂ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਦੀਆਂ 2012 ਵਿੱਚ ਹੋਈਆਂ ਚੋਣਾਂ ਤੋਂ ਬਾਅਦ ਦੂਜੇ ਨੰਬਰ ਤੇ ਸਭਤੋਂ ਵੱਧ ਹੈ। ਇਹ ਚੋਣਾਂ 543 ਸੀਟਾਂ ਲਈ ਲੜੀਆਂ ਗਈਆਂ ਜਿਹਨਾਂ ਵਿੱਚ ਸਭ ਤੋਂ ਵੱਧ ਉਤਰ ਪ੍ਰਦੇਸ਼ ਦੀਆਂ 80 ਸੀਟਾਂ, ਮਹਾਰਾਸ਼ਟਰ ਦੀਆਂ 48, ਆਂਧਰਾ ਪ੍ਰਦੇਸ਼ ਦੀਆਂ 42, ਬਿਹਾਰ ਦੀਆਂ 40, ਤਾਮਿਲਨਾਡੂ ਦੀਆਂ 39 ਸੀਟਾਂ ਅਤੇ ਸਭਤੋਂ ਘੱਟ 01-01 ਸੀਟ ਵਾਲੇ ਸਿਕਿਮ, ਨਾਗਾਲੈਂਡ, ਮਿਜ਼ੋਰਮ ਆਦਿ ਸੂਬੇ ਸ਼ਾਮਲ ਹਨ। ਐਨ ਡੀ ਏ (ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ) ਨੇ ਕੁੱਲ 542 ਸੀਟਾਂ ਤੇ ਚੋਣਾਂ ਲੜੀਆਂ ਜਿਸ ਵਿੱਚ ਮੁੱਖ ਤੋਰ ਤੇ ਭਾਰਤੀ ਜਨਤਾ ਪਾਰਟੀ ਨੇ 427, ਤੇਲਗੂ ਦੇਸ਼ਮ ਪਾਰਟੀ ਨੇ 30, ਸ਼ਿਵ ਸੈਨਾ ਨੇ 20, ਡੀ ਐਮ ਡੀ ਕੇ ਨੇ 14, ਸ਼੍ਰੋਮਣੀ ਅਕਾਲੀ ਦਲ ਨੇ 10 ਅਤੇ ਪੀ ਐਮ ਕੇ ਨੇ 8 ਸੀਟਾਂ ਤੇ ਚੋਣਾਂ ਲੜੀਆਂ ਹਨ। ਯੂ ਪੀ ਏ (ਯੁਨਾਈਟਿਡ ਪ੍ਰੋਗਰੈਸਿਵ ਅਲਾਇੰਸ) ਨੇ ਕੁੱਲ 538 ਸੀਟਾਂ ਤੇ ਚੋਣਾਂ ਲੜੀਆਂ ਜਿਸ ਵਿੱਚ ਮੁੱਖ ਤੋਰ ਤੇ ਕਾਂਗਰਸ ਨੇ 462, ਰਾਸ਼ਟਰੀ ਜਨਤਾ ਦਲ ਨੇ 28, ਨੈਸ਼ਨਲ ਕਾਂਗਰਸ ਪਾਰਟੀ ਨੇ 23, ਰਾਸ਼ਟਰੀ ਲੋਕ ਦਲ ਨੇ 8 ਸੀਟਾਂ ਤੇ ਚੋਣਾਂ ਲੜੀਆਂ ਹਨ। ਇਸਤੋਂ ਇਲਾਵਾ ਕੁੱਝ ਸਮਾਂ ਪਹਿਲਾਂ ਬਣੀ ਆਮ ਆਦਮੀ ਪਾਰਟੀ, ਤੀਜਾ ਮੋਰਚਾ, ਬਹੁਜਨ ਸਮਾਜ ਪਾਰਟੀ, ਆਦਿ ਨੇ ਵੀ ਵੱਖ ਵੱਖ ਸੂਬਿਆਂ ਵਿੱਚ ਚੋਣ ਲੜੀ ਹੈ। ਇਹਨਾਂ ਚੋਣਾਂ ਵਿੱਚ 9,30,000 ਵੋਟਿੰਗ ਕੇਂਦਰ ਬਣਾਏ ਗਏ ਅਤੇ 14,00,000 ਵੋਟਿੰਗ ਮਸ਼ੀਨਾਂ ਦਾ ਇਸਤੇਮਾਲ ਕੀਤਾ ਗਿਆ ਹੈ। ਕੇਂਦਰ ਵਿੱਚ ਕਿਸ ਰਾਜਨੀਤਿਕ ਦਲ ਦੀ ਸਰਕਾਰ ਬਣੇਗੀ ਇਹ ਤਾਂ 16 ਮਈ ਨੂੰ ਚੋਣ ਨਤੀਜਿਆਂ ਤੋਂ ਬਾਦ ਹੀ ਪਤਾ ਲੱਗੇਗਾ ਪਰ ਚੋਣਾਂ ਲੜ ਰਹੇ ਉਮੀਦਵਾਰਾਂ ਵਲੋਂ ਚੋਣ ਆਯੋਗ ਨੂੰ ਦਿਤੇ ਗਏ ਐਫੀਡੇਵਿਟਾਂ ਨੂੰ ਵੇਖ ਕੇ ਪਤਾ ਲੱਗਦਾ ਹੈ ਕਿ ਸਾਡੇ ਦੇਸ਼ ਵਿੱਚ ਸਾਫ ਅਕਸ਼ ਵਾਲੇ ਉਮੀਦਵਾਰਾਂ ਦੀ ਘਾਟ ਹੈ ਅਤੇ ਹਰ ਪਾਰਟੀ ਵਲੋਂ ਅਪਰਾਧੀ ਕਿਸਮ ਦੇ ਅਤੇ ਅਮੀਰ ਉਮੀਦਵਾਰਾਂ ਨੂੰ ਟਿਕਟ ਦੇਣ ਵਿੱਚ ਪਹਿਲ ਕੀਤੀ ਜਾਂਦੀ ਹੈ। ਨੈਸ਼ਨਲ ਇਲੈਕਸ਼ਨ ਵਾਚ ਅਤੇ ਐਸੋਸਿਏਸ਼ਨ ਫਾਰ ਡੈਮੋਕਰੇਟਿਕ ਰਾਇਟਸ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 7 ਅਪ੍ਰੈਲ ਨੂੰ ਪਹਿਲੇ ਦੌਰ ਦੀਆਂ 6 ਲੋਕ ਸਭਾ ਸੀਟਾਂ ਲਈ ਹੋਈ ਚੋਣ ਦੌਰਾਨ 64 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਸ ਵਿੱਚੋਂ 06 ਉਮੀਦਵਾਰ ਅਪਰਾਧੀ ਹਨ, 16 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 5.75 ਕਰੋੜ ਰੁਪਏ ਹੈ। 9 ਅਪ੍ਰੈਲ ਨੂੰ ਦੂਜੇ ਦੌਰ ਦੀਆਂ 7 ਲੋਕ ਸਭਾ ਸੀਟਾਂ ਲਈ ਹੋਈਆਂ ਚੋਣਾਂ ਦੌਰਾਨ 37 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਸ ਵਿੱਚੋਂ 01 ਉਮੀਦਵਾਰ ਅਪਰਾਧੀ ਹੈ, 23 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 9.12 ਕਰੋੜ ਰੁਪਏ ਹੈ। 10 ਅਪ੍ਰੈਲ ਨੂੰ 91 ਲੋਕ ਸਭਾ ਸੀਟਾਂ ਲਈ ਹੋਈਆਂ ਤੀਜੇ ਦੌਰ ਦੀਆਂ ਚੋਣਾਂ ਦੌਰਾਨ 1419 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਹਨਾਂ ਵਿੱਚੋਂ 1395 ਉਮੀਦਵਾਰਾਂ ਦਾ ਵੇਰਵਾ ਘੋਖਿਆ ਗਿਆ ਜਿਹਨਾਂ ਵਿੱਚੋਂ 263 ਉਮੀਦਵਾਰ ਅਪਰਾਧੀ ਹਨ, 397 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 3.04 ਕਰੋੜ ਰੁਪਏ ਹੈ। 12 ਅਪ੍ਰੈਲ ਨੂੰ 7 ਲੋਕਸਭਾ ਸੀਟਾਂ ਲਈ ਚੌਥੇ ਦੌਰ ਦੀਆਂ ਚੋਣਾਂ ਦੌਰਾਨ 74 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਸ ਵਿੱਚੋਂ 09 ਉਮੀਦਵਾਰ ਅਪਰਾਧੀ ਹਨ, 20 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 2.12 ਕਰੋੜ ਰੁਪਏ ਹੈ। 17 ਅਪ੍ਰੈਲ ਨੂੰ 121 ਲੋਕਸਭਾ ਸੀਟਾਂ ਲਈ ਹੋਈਆਂ ਪੰਜਵੇਂ ਦੌਰ ਦੀਆਂ ਚੋਣਾਂ ਦੌਰਾਨ 1761 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਹਨਾਂ ਵਿੱਚੋਂ 1739 ਉਮੀਦਵਾਰਾਂ ਦਾ ਵੇਰਵਾ ਘੋਖਿਆ ਗਿਆ ਜਿਹਨਾਂ ਵਿੱਚੋਂ 279 ਉਮੀਦਵਾਰ ਅਪਰਾਧੀ ਹਨ, 464 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 8.14 ਕਰੋੜ ਰੁਪਏ ਹੈ। 24 ਅਪ੍ਰੈਲ ਨੂੰ 117 ਲੋਕਸਭਾ ਸੀਟਾਂ ਲਈ ਛੇਵੇਂ ਦੌਰ ਦੀਆਂ ਚੋਣਾਂ ਦੌਰਾਨ 2077 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਹਨਾਂ ਵਿੱਚੋਂ 2071 ਉਮੀਦਵਾਰਾਂ ਦਾ ਵੇਰਵਾ ਘੋਖਿਆ ਗਿਆ ਜਿਹਨਾਂ ਵਿੱਚੋਂ 322 ਉਮੀਦਵਾਰ ਅਪਰਾਧੀ ਹਨ, 504 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 2.76 ਕਰੋੜ ਰੁਪਏ ਹੈ। 30 ਅਪ੍ਰੈਲ ਨੂੰ 89 ਲੋਕਸਭਾ ਸੀਟਾਂ ਲਈ ਹੋਈਆਂ ਸੱਤਵੇਂ ਦੌਰ ਦੀਆਂ ਚੋਣਾਂ ਦੌਰਾਨ 1295 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਹਨਾਂ ਵਿੱਚੋਂ 1292 ਉਮੀਦਵਾਰਾਂ ਦਾ ਵੇਰਵਾ ਘੋਖਿਆ ਗਿਆ ਜਿਹਨਾਂ ਵਿੱਚੋਂ 222 ਉਮੀਦਵਾਰ ਅਪਰਾਧੀ ਹਨ, 341 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 3.77 ਕਰੋੜ ਰੁਪਏ ਹੈ। 7 ਮਈ ਨੂੰ 64 ਲੋਕਸਭਾ ਸੀਟਾਂ ਲਈ ਅੱਠਵੇਂ ਦੌਰ ਦੀਆਂ ਹੋਈਆਂ ਚੋਣਾਂ ਦੌਰਾਨ 897 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਹਨਾਂ ਵਿੱਚੋਂ 890 ਉਮੀਦਵਾਰਾਂ ਦਾ ਵੇਰਵਾ ਘੋਖਿਆ ਗਿਆ ਜਿਹਨਾਂ ਵਿੱਚੋਂ 177 ਉਮੀਦਵਾਰ ਅਪਰਾਧੀ ਹਨ, 272 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 5.90 ਕਰੋੜ ਰੁਪਏ ਹੈ। 12 ਮਈ ਨੂੰ 41 ਲੋਕ ਸਭਾ ਸੀਟਾਂ ਲਈ ਹੋਈਆਂ ਨੌਵੇਂ ਦੌਰ ਦੀਆਂ ਚੋਣਾਂ ਦੌਰਾਨ 606 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਹਨਾਂ ਵਿੱਚੋਂ 601 ਉਮੀਦਵਾਰਾਂ ਦਾ ਵੇਰਵਾ ਘੋਖਿਆ ਗਿਆ ਜਿਹਨਾਂ ਵਿੱਚੋਂ 119 ਉਮੀਦਵਾਰ ਅਪਰਾਧੀ ਹਨ, 171 ਉਮੀਦਵਾਰ ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 8.50 ਕਰੋੜ ਰੁਪਏ ਹੈ। ਜੇਕਰ ਦੇਸ਼ ਦੇ ਕੁੱਲ ਉਮੀਦਵਾਰਾਂ ਦੀ ਗੱਲ ਕਰੀਏ ਤਾਂ ਸਾਰੇ ਦੇਸ਼ ਵਿੱਚ ਕੁੱਲ 8230 ਉਮੀਦਵਾਰਾਂ ਨੇ ਚੋਣਾਂ ਲੜੀਆਂ ਜਿਹਨਾਂ ਵਿੱਚੋਂ 8163 ਉਮੀਦਵਾਰਾਂ ਦਾ ਵੇਰਵਾ ਘੋਖਿਆ ਗਿਆ ਜਿਹਨਾਂ ਵਿੱਚੋਂ 1398 ਅਪਰਾਧੀ ਹਨ, 2208 ਕਰੋੜਪਤੀ ਹਨ ਅਤੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਸੰਪਤੀ 3.16 ਕਰੋੜ ਹੈ। ਦਿਲਚਸਪ ਗੱਲ ਇਹ ਹੈ ਕਿ ਜਿੱਥੇ 2009 ਦੀਆਂ ਲੋਕ ਸਭਾ ਚੋਣਾਂ ਵਿੱਚ 1158 ਭਾਵ 15 ਫੀਸਦੀ ਅਪਰਾਧੀ ਉਮੀਦਵਾਰ ਸਨ ਅਤੇ 608 ਤੇ ਗੰਭੀਰ ਕਿਸਮ ਦੇ ਅਪਰਾਧਿਕ ਮਾਮਲੇ ਦਰਜ ਸਨ ਉੱਥੇ ਹੁਣ 2014 ਦੀਆਂ ਲੋਕ ਸਭਾ ਚੋਣਾਂ ਵਿੱਚ 1398 ਭਾਵ 17 ਫੀਸਦੀ ਅਪਰਾਧੀ ਉਮੀਦਵਾਰ ਹਨ ਅਤੇ ਇਹਨਾਂ ਵਿੱਚੋਂ 889 ਤੇ ਗੰਭੀਰ ਕਿਸਮ ਦੇ ਅਪਰਾਧਿਕ ਮਾਮਲੇ ਦਰਜ ਹਨ। ਮਤਲਬ ਸਾਫ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਨਾਲੋਂ ਅਪਰਾਧੀ ਉਮੀਦਵਾਰਾਂ ਵਿੱਚ 2 ਫੀਸਦੀ ਦਾ ਵਾਧਾ ਹੋਇਆ ਹੈ। ਇਸਤੋਂ ਪਤਾ ਲੱਗਦਾ ਹੈ ਕਿ ਚੋਣ ਆਯੋਗ ਵੀ ਅਪਰਾਧੀ ਉਮੀਦਵਾਰਾਂ ਨੂੰ ਚੋਣਾਂ ਲੜਨ ਤੋਂ ਰੋਕ ਨਹੀਂ ਸਕਿਆ ਹੈ। 2009 ਦੀਆਂ ਲੋਕ ਸਭਾ ਚੋਣਾਂ ਲੜਨ ਵਾਲੇ ਕਈ ਉਮੀਦਵਾਰ 2014 ਦੀਆਂ ਲੋਕ ਸਭਾ ਚੋਣਾਂ ਵੀ ਲੜ ਰਹੇ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਇਹਨਾਂ ਦੁਬਾਰਾ ਚੋਣਾਂ ਲੜਨ ਵਾਲੇ ਉਮੀਦਵਾਰਾਂ ਦੀ ਸੰਪਤੀ ਪਿਛਲੇ 5 ਸਾਲਾਂ ਦੌਰਾਨ ਕਈ ਗੁਣਾਂ ਵੱਧ ਗਈ ਹੈ।



ਜਿਸ ਤੋਂ ਪਤਾ ਲੱਗਦਾ ਹੈ ਕਿ ਰਾਜਨੀਤੀ ਲਾਹੇਵੰਦ ਵਪਾਰ ਬਣ ਗਈ ਹੈ। ਦੁਬਾਰਾ ਚੋਣਾਂ ਲੜਨ ਵਾਲੇ ਹਰ ਉਮੀਦਵਾਰਾਂ ਦੀ 2009 ਵਿੱਚ ਔਸਤ ਸੰਪਤੀ 5.82 ਕਰੋੜ ਰੁਪਏ ਸੀ ਜਦਕਿ 2014 ਵਿੱਚ ਵੱਧ ਕੇ 14.29 ਕਰੋੜ ਰੁਪਏ ਹੋ ਗਈ ਹੈ। ਚੋਣ ਲੜ ਰਹੇ 28 ਫੀਸਦੀ ਉਮੀਦਵਾਰਾਂ ਕੋਲ ਪੈਨ ਕਾਰਡ ਨਹੀਂ ਹੈ।

ਕਾਂਗਰਸ ਪਾਰਟੀ ਦੇ ਚੋਣ ਲੜ ਰਹੇ ਕੁੱਲ ਉਮੀਦਵਾਰਾਂ ਵਿੱਚੋਂ 79 ਫੀਸਦੀ ਕਰੋੜਪਤੀ ਹਨ। ਜਦਕਿ ਭਾਜਪਾ ਦੇ 73 ਫੀਸਦੀ, ਡੀ ਐਮ ਕੇ ਦੇ 94 ਫੀਸਦੀ, ਟੀ ਡੀ ਪੀ ਦੇ 93 ਫੀਸਦੀ, ਆਰ ਐਲ ਡੀ ਦੇ 90 ਫੀਸਦੀ, ਆਰ ਜੇ ਡੀ ਦੇ 86 ਫੀਸਦੀ, ਸਮਾਜਵਾਦੀ ਪਾਰਟੀ ਦੇ 56 ਫੀਸਦੀ, ਬਹੁਜਨ ਸਮਾਜ ਪਾਰਟੀ ਦੇ 32 ਫੀਸਦੀ, ਆਮ ਆਦਮੀ ਪਾਰਟੀ ਦੇ 45 ਫੀਸਦੀ ਉਮੀਦਵਾਰ ਕਰੋੜਪਤੀ ਹਨ।

ਹੈਰਾਨੀ ਦੀ ਗੱਲ ਹੈ ਕਿ 16ਵੀਂ ਲੋਕਸਭਾ ਲਈ ਚੋਣ ਲੜਣ ਵਾਲੇ ਉਮੀਦਵਾਰਾਂ ਵਿੱਚੋਂ 2 ਫਿਸਦੀ ਅਨਪੜ੍ਹ ਹਨ, 46 ਫੀਸਦੀ 12ਵੀਂ ਤੱਕ ਪੜ੍ਹੇ ਹਨ, 49 ਫਿਸਦੀ ਗ੍ਰੈਜੂਏਟ ਹਨ। ਅਜ਼ਾਦੀ ਦੇ 66 ਸਾਲਾਂ ਬਾਦ ਅਤੇ 15 ਸਰਕਾਰਾਂ ਬਾਦ ਵੀ ਦੇਸ਼ ਦੀ ਰਾਜਨੀਤੀ ਵਿੱਚ ਇਸ ਤਰਾਂ ਦੇ ਰਾਜਨੇਤਾਵਾਂ ਦਾ ਆਣਾ ਖਤਰਨਾਕ ਰੁਝਾਨ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਕਦੋਂ ਸਾਫ ਅਕਸ਼ ਵਾਲੇ ਰਾਜਨੇਤਾ ਨਸੀਬ ਹੋਣਗੇ ਇਹ ਹਰ ਦੇਸ਼ਵਾਸੀ ਲਈ ਇੱਕ ਵੱਡਾ ਪ੍ਰਸ਼ਨ ਬਣਿਆ ਹੋਇਆ ਹੈ।

**- ਕੁਲਦੀਪ ਚੰਦ** (94175-63054)

## ਭਾਰਤ ਵਿੱਚ ਦਲਿਤਾਂ ਉਤੇ ਵਧਦੇ ਅਤਿਆਚਾਰਾਂ ਨੂੰ ਲੈ ਕੇ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਲੋਕ ਚਿੰਤਿਤ

### ਦਲਿਤਾਂ ਤੇ ਵੱਧ ਰਹੇ ਅਤਿਆਚਾਰਾਂ ਨੂੰ ਸੱਖਤੀ ਨਾਲ ਰੋਕੇ ਸਰਕਾਰ- ਅਮਰਜੀਤ ਗੁਰੂ ਪੈਟਰਨ ਆਲ ਇੰਡੀਆ ਆਦਿ ਧਰਮ ਮਿਸ਼ਨ

ਲੰਡਨ- ਭਾਰਤ ਵਿੱਚ ਦਲਿਤਾਂ ਤੇ ਹੋ ਰਹੇ ਅਤਿਆਚਾਰ ਅਤੇ ਇਨ੍ਹਾਂ ਵਿੱਚ ਆਏ ਦਿਨ ਹੋ ਰਿਹਾ ਵਾਧਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਸਰਕਾਰ ਨੂੰ ਇਨ੍ਹਾਂ ਅਤਿਆਚਾਰਾਂ ਨੂੰ ਰੋਕਣ ਲਈ ਸੱਖਤ ਕਦਮ ਚੁਕਣੇ ਚਾਹੀਦੇ ਹਨ। ਇਨ੍ਹਾਂ ਅਤਿਆਚਾਰਾਂ ਨੂੰ ਲੈਕੇ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਲੋਕ ਚਿੰਤਿਤ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿਸਟਰਡ ਨੰਬਰ 4698 ਦੇ ਆਗੂਆਂ ਪੈਟਰਨ ਅਮਰਜੀਤ ਗੁਰੂ ਯੂ ਕੇ, ਹਰਬੰਸ ਸਿੰਘ ਹੀਰਾ, ਬਲਬੀਰ ਸਿੰਘ ਸੰਧੂ (ਮਾਧੋ ਬਲਬੀਰਾ), ਹਰੀਪਾਲ ਰੰਧਾਵਾ, ਮਾਸਟਰ ਪਿਆਰੇ ਲਾਲ, ਸੰਦੀਪ ਗੁਰੂ, ਰਾਮਜੀ ਦਾਸ ਚੰਦੜ, ਹਰਦੀਪ ਗੁਰੂ, ਧਰਮ ਸਿੰਘ ਪਵਾਰ, ਨਿੰਮਾ ਰਾਮ ਮਹਿਮੀ, ਦਿਲਾਵਗ ਬੰਗਾ, ਹਰਬੰਸ ਲਾਲ ਵਿਰਦੀ, ਮੇਘਨਾਥ, ਨਿਰਮਲ ਮਹੇ, ਆਦਿ ਬਾਬੂ, ਸਟਿਵਨ ਲਾਲ ਨਿਗਾਹ, ਸੁਖਨੰਦਨ ਕੁਮਾਰ ਆਦਿ ਨੇ ਕੀਤਾ।



ਅਮਰਜੀਤ ਗੁਰੂ

ਇਨ੍ਹਾਂ ਆਗੂਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਵਾਪਰੀਆਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰਾਂ ਦਲਿਤਾਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਰੋਕਣ ਲਈ ਠੋਸ ਕਦਮ ਨਹੀਂ ਚੁੱਕ ਰਹੀਆਂ ਹਨ। ਇਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਦਲਿਤ ਲੜਕੀਆਂ ਨਾਲ ਹੋਏ ਬਲਾਤਕਾਰ ਤੋਂ ਬਾਦ ਇਨਸਾਫ ਲਈ ਲੜਾਈ ਲੜ ਰਹੀਆਂ ਲੜਕੀਆਂ ਦੀ ਸੁਣਵਾਈ ਨਹੀਂ ਹੋ ਰਹੀ ਹੈ, ਕਈ ਧਾਰਮਿਕ ਅਦਾਰਿਆਂ ਵਿੱਚ ਅੱਜ ਵੀ ਦਲਿਤਾਂ ਦੇ ਦਾਖਲ ਹੋਣ ਦੀ ਮਨਾਹੀ ਹੈ, ਬਾਬਾ ਰਾਮਦੇਵ ਵਰਗੇ ਵਿਅਕਤੀ ਦਲਿਤ ਮਹਿਲਾਵਾਂ ਦੀ ਸ਼੍ਰੇਆਮ ਬੇਇਜਤੀ ਕਰ ਰਹੇ ਹਨ ਪਰ ਸਰਕਾਰੀ ਤੰਤਰ ਇਨ੍ਹਾਂ ਘਟਨਾਵਾਂ ਲਈ ਜਿੰਮੇਵਾਰ ਲੋਕਾਂ ਖਿਲਾਫ ਬਣਦੀ ਕਾਰਵਾਈ ਕਰਨ ਤੋਂ ਆਨਾਕਾਨੀ ਕਰ ਰਿਹਾ ਹੈ। ਇਨ੍ਹਾਂ ਮੰਗ ਕੀਤੀ ਕਿ ਦਲਿਤਾਂ ਤੇ ਹੋ ਰਹੇ ਅਤਿਆਚਾਰਾਂ ਨੂੰ ਰੋਕਣ ਲਈ ਸਰਕਾਰ ਸੱਖਤ ਕਦਮ ਚੁੱਕੇ ਅਤੇ ਇਨ੍ਹਾਂ ਘਟਨਾਵਾਂ ਲਈ ਦੋਸ਼ੀ ਵਿਅਕਤੀਆਂ ਅਤੇ ਕਾਰਵਾਈ ਵਿੱਚ ਦੇਰੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਸੱਖਤ ਕਾਰਵਾਰਵਾਈ ਕਰੇ ਤਾਂ ਜੋ ਪੀੜ੍ਹਿਤਾਂ ਨੂੰ ਇਨਸਾਫ ਮਿਲ ਸਕੇ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# 'ਬੇਗ਼ਮਪੁਰਾ ਰਿਨੇਸੈਂਸ ਯੂਨੀਵਰਸਿਟੀ' ਜੋ ਵਿੱਦਿਆ, ਖਾਣਾ ਅਤੇ ਰਿਹਾਇਸ਼ ਮੁਫ਼ਤ ਪ੍ਰਦਾਨ ਕਰੇਗੀ



- ਫਤਿਹਜੰਗ ਸਿੰਘ

ਪਠਾਨਕੋਟ ਤੋਂ ਡਲਹੌਜ਼ੀ ਸੜਕ ਉਤੇ 23 ਕਿਲੋਮੀਟਰ ਦੂਰੀ 'ਤੇ ਨੀਮ-ਪਹਾੜੀ, ਅਤਿ ਸੁੰਦਰ, ਹਰਿਆਵਲ ਨਾਲ ਭਰਪੂਰ 70 ਏਕੜ ਦੇ ਰਕਬੇ ਵਿਚ ਉਸਰ ਰਹੀ ਦੁਨੀਆਂ ਦੀ ਅਤਿ ਆਧੁਨਿਕ ਯੂਨੀਵਰਸਿਟੀਆਂ ਵਿਚੋਂ ਇਕ ਹੋਵੇਗੀ 'ਬੇਗ਼ਮਪੁਰਾ ਰਿਨੇਸੈਂਸ ਯੂਨੀਵਰਸਿਟੀ'। ਮਾਨਵ ਸਮਤਾ ਸਥਲ ਚੈਰੀਟੇਬਲ ਸੁਸਾਇਟੀ ਨਵੀਂ ਦਿੱਲੀ ਅਤੇ 'ਡੇਰਾ ਸਵਾਮੀ ਜਗਤਗਿਰੀ ਚੈਰੀਟੇਬਲ ਟਰੱਸਟ -ਪਠਾਨਕੋਟ' ਦੇ ਸਾਂਝੇ ਯਤਨਾਂ ਨਾਲ ਇਹ 350 ਕਰੋੜ ਰੁਪਏ ਦਾ ਪ੍ਰਾਜੈਕਟ ਸ਼ੁਰੂ ਹੋ ਚੁੱਕਾ ਹੈ।ਇਮਾਰਤ ਬਣਨ ਦੀ ਸ਼ੁਰੂਆਤ ਪਿਛਲੇ ਸਾਲ ਹੋਈ ਸੀ ਅਤੇ ਆਸ ਹੈ ਵਿਦਿਅਕ ਸੈਸ਼ਨ 2016 ਤੋਂ ਕਲਾਸਾਂ ਵੀ ਸ਼ੁਰੂ ਹੋ ਜਾਣਗੀਆਂ।

ਯੂਨੀਵਰਸਿਟੀ ਦਾ ਮੁੱਖ ਮੰਤਵ; ਜਿਵੇਂ ਕਿ ਇਸਦੇ ਆਪਣੇ ਨਾਂ ਤੋਂ ਹੀ ਸਵੈ-ਸਪਸ਼ਟ ਹੈ, ਰਵਿਦਾਸ ਜੀ ਦੇ ਆਦਰਸ਼ਕ ਸਮਾਜ 'ਬੇਗ਼ਮਪੁਰਾ' ਦੀ ਸਿਰਜਣਾ ਵਾਸਤੇ ਲਏ ਸੁਫ਼ਨੇ ਦੇ ਆਧਾਰ ਤੇ ਵਿਦਿਆ ਦਾ ਪ੍ਰਸਾਰ ਕਰਨਾ ਹੈ। ਉਹਨਾਂ ਦੇ ਬੇਗ਼ਮਪੁਰਾ ਸ਼ਬਦ ਵਿਚ ਬਿਆਨ ਕੀਤਾ ਸਮਾਜਿਕ ਫਲਸਫਾ, ਕਾਰਲ ਮਾਰਕਸ ਦੇ ਬਹੁ-ਚਰਚਿਤ ਸਮਾਜਵਾਦੀ ਫਲਸਫੇ ਤੋਂ ਵੀ ਸਦੀਆਂ ਪਹਿਲਾਂ ਪ੍ਰਗਟ ਕੀਤਾ ਗਿਆ ਸੀ। ਉਹ ਅਜਿਹਾ ਸਮਾਜ ਲੋਚਦੇ ਸਨ ਜਿਸ ਵਿਚ ਛੋਟੇ-ਵੱਡੇ, ਅਮੀਰ-ਗਰੀਬ, ਤੇ ਊਚ-ਨੀਚ ਦਾ ਫਰਕ ਨਾ ਹੋਵੇ- ਸਭ ਬਰਾਬਰ ਹੋਣ। ਉਸ ਸਮਾਜ ਵਿਚ ਕਿਸੇ ਦੀ ਆਜ਼ਾਦੀ 'ਤੇ ਬੰਦਸ਼ਾਂ ਨਾ ਹੋਣ, ਟੈਕਸਾਂ ਦਾ ਬੋਝ ਨਾ ਹੋਵੇ ਤੇ ਕੋਈ ਦੋ ਨੰਬਰ ਦਾ ਸ਼ਹਿਰੀ ਨਾ ਹੋਵੇ- ਸਭ ਇਕ ਨੰਬਰ ਦੇ ਹੀ ਹੋਣ। ਉਹ ਕਿਆਸ ਕਰਦੇ ਹਨ ਕਿ ਇਸ ਤਰ੍ਹਾਂ ਦੇ ਸਮਾਜ ਵਿਚ ਸਭ ਨੂੰ ਅੰਨ ਮਿਲੇ ਅਤੇ ਕੋਈ ਵੀ ਭੁੱਖਾ-ਨੰਗਾ ਨਾ ਸੌਂਵੇ। ਬਰਾਬਰਤਾ, ਆਜ਼ਾਦੀ ਅਤੇ ਭਾਈਚਾਰਕ ਸਾਂਝ ਵਾਲੇ ਇਸ ਸਮਾਜ ਵਿਚ ਚਾਰੇ ਪਾਸੇ ਖੁਸ਼ੀਆਂ ਹੀ ਖੁਸ਼ੀਆਂ ਹੋਣ।ਇਹ ਯੂਨੀਵਰਸਿਟੀ ਇਸ ਤਰ੍ਹਾਂ ਦੇ ਸਮਾਜ ਦੀ ਸਿਰ-ਜਣਾ ਵੱਲ ਸੇਧਿਤ ਦਿਸ਼ਾ ਵਿਚ ਵਧਾਇਆ ਗਿਆ ਇਕ ਕਦਮ ਸਾਬਤ ਹੋਵੇਗੀ।

ਰਵਿਦਾਸ ਜੀ ਵੱਲੋਂ ਸਮਾਜ ਵਿਚ ਵਿਆਪਕ ਪੱਧਰ ਤੇ ਪ੍ਰਚੱਲਿਤ ਜਿਹਨਾਂ ਊਣਤਾਈਆਂ ਵੱਲ ਇਸ਼ਾਰਾ ਕੀਤਾ ਗਿਆ ਹੈ, ਉਹ ਉਸ ਵੇਲੇ ਦੇ ਸਮਾਜ ਦਾ ਦਰਪਣ ਹਨ।ਇਹ ਸਦੀਆਂ ਤੋਂ ਮੌਜੂਦ ਸਮਾਜ ਵਿਚ ਪ੍ਰਚੱਲਿਤ ਜਾਤ ਪਾਤ ਦੇ ਪਾਏ ਹੋਏ ਟੋਏ-ਟਿੱਬੇ ਹਨ ਜੋ ਅੱਜ ਤੱਕ ਵੀ ਪੱਧਰ ਨਹੀਂ ਕੀਤੇ ਜਾ ਸਕੇ।

ਅਜੋਕੇ ਦਲਿਤ ਸਮਾਜ ਦੀ ਹੋਂਦ ਇਸਦਾ ਸਬੂਤ ਹੈ। ਸਮਾਜ ਦੇ ਇਕ ਵੱਡੇ ਹਿੱਸੇ ਨੂੰ ਰੱਬ ਅਤੇ ਧਰਮ ਦੇ ਡੰਡੇ ਦੇ ਜ਼ੋਰ ਨਾਲ ਵਿਦਿਅਕ, ਧਾਰਮਿਕ, ਆਰਥਿਕ ਤੇ ਦਿਮਾਗੀ ਤੌਰ ਤੇ ਅਜਿਹਾ ਲੁੱਟਿਆ ਅਤੇ ਨਚੋੜਿਆ ਗਿਆ ਕਿ ਉਹ ਸਦੀਆਂ ਤੱਕ ਜਾਨਵਰਾਂ ਤੇ ਪਸ਼ੂਆਂ ਤੋਂ ਵੀ ਭੈੜਾ ਜੀਵਨ ਜਿਊਣ ਲਈ ਮਜਬੂਰ ਹੁੰਦਾ ਰਿਹਾ। ਇਹਨਾਂ ਗ਼ੈਰ-ਸਮਾਜਿਕ ਤੇ ਗ਼ੈਰ-ਇਨਸਾਨੀਅਤ ਵਾਲੀਆਂ ਬਿਖ਼ਮਤਾਵਾਂ ਨੂੰ ਦੂਰ ਕਰਨ ਲਈ ਵਿੱਦਿਆ ਅਤੇ ਗਿਆਨ ਦੀ ਲੋੜ ਸੀ ਜੋ ਇਸ ਸਮਾਜ ਤੋਂ ਕੋਹਾਂ ਦੂਰ ਰੱਖੇ ਗਏ ਜਿਸ ਕਰਕੇ ਇਹ ਸਮਾਜ ਅੱਜ ਵੀ ਬੇਵੱਸ ਤੇ ਲਾਚਾਰ ਨਜ਼ਰ ਆਉਂਦਾ ਹੈ।ਇਸਨੂੰ ਦੂਰ ਕਰਨ ਲਈ ਕੁਝ ਧਾਰਮਿਕ ਤੇ ਸਮਾਜਿਕ ਮਹਾਂਪੁਰਸ਼ਾਂ ਦੀਆਂ ਘਟਨਾਵਾਂ ਸਦਕਾ ਆਈ ਜਾਗ੍ਰਿਤੀ ਤੋਂ ਭਾਵੇਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਵਿੱਦਿਆ ਦਾ ਪਸਾਰ ਨਹੀਂ ਹੋ ਸਕਿਆ ਜੋ ਸਮਾਜ ਦੇ ਉਥਾਨ ਲਈ ਪਹਿਲੀ ਸ਼ਰਤ ਹੈ। ਅੰਗਰੇਜ਼ਾਂ ਦੇ ਆਗਮਨ ਨਾਲ ਇਸ ਸਮਾਜ ਨੂੰ ਕੁਝ ਹੱਦ ਤੱਕ ਵਿੱਦਿਆ ਦਾ ਚਾਨਣ ਪ੍ਰਾਪਤ ਹੋਇਆ। ਫਿਰ ਡਾ. ਅੰਬੇਦਕਰ ਦੇ ਸੰਘਰਸ਼ ਕਾਰਨ ਸੰਵਿਧਾਨ ਦੇ ਲਾਗੂ ਹੋਣ ਨਾਲ ਵਿੱਦਿਆ ਦੇ ਦਰਵਾਜ਼ੇ ਖੁੱਲ੍ਹ ਗਏ ਪਰ ਨਾਲ ਹੀ ਡਾਕਟਰੀ ਤੇ ਤਕਨੀਕੀ ਸਿੱਖਿਆ ਇੰਨੀ ਮਹਿੰਗੀ ਕਰ ਦਿੱਤੀ ਗਈ ਕਿ ਉਹ ਫਿਰ ਇਸ ਸਮਾਜ ਲਈ ਵਰਜਿਤ ਵਰਗੀ ਸਥਿਤੀ ਧਾਰਨ ਕਰ ਗਈ ਹੈ। ਉਦਯੋਗ, ਵਪਾਰ, ਜ਼ਮੀਨ ਆਦਿ ਖੇਤਰ ਤਾਂ ਪਹਿਲਾਂ ਵੀ ਤੇ ਅੱਜ ਵੀ ਇਸ ਸਮਾਜ ਲਈ ਅਛੂਤੇ ਹੀ ਹਨ। ਫਿਰ ਕਿਵੇਂ ਇਹ ਸਮਾਜ ਸਮੇਂ ਦੇ ਹਾਣ ਦਾ ਬਣ ਸਕਦਾ ਸੀ? ਨਹੀਂ ਬਣ ਸਕਿਆ। ਡਾ. ਅੰਬੇਦਕਰ ਨੇ ਇਸੇ ਲਈ ਸਮਾਜ ਦੀ ਪ੍ਰਗਤੀ ਲਈ ਆਪਣੇ ਤ੍ਰੈਸ਼ਬਦੀ ਫਾਰਮੂਲੇ 'ਪੜ੍ਹੋ, ਜੁੜੋ, ਸੰਘਰਸ਼ ਕਰੋ' ਵਿਚ ਵਿੱਦਿਆ ਨੂੰ ਪਹਿਲੇ ਨੰਬਰ ਤੇ ਰੱਖਿਆ ਹੈ।

ਇਸ ਸਾਰੇ ਵਰਤਾਰੇ ਨੂੰ ਮੱਦੇਨਜ਼ਰ ਰੱਖਦਿਆਂ ਸਮਾਜ ਦੇ ਕੁਝ ਦਰਦਮੰਦ, ਸੁਚੇਤ ਪੜ੍ਹੇ-ਲਿਖੇ ਸਾਥੀਆਂ ਦੇ ਸੰਗਠਨ 'ਮਾਨਵ ਸਮਤਾ ਸਥਲ ਚੈਰੀਟੇਬਲ ਸੋਸਾਇਟੀ-ਨਵੀਂ ਦਿੱਲੀ', ਨੇ ਸਮਾਜ ਦੇ ਉਥਾਨ ਲਈ ਵਿੱਦਿਆ ਦੇ ਖੇਤਰ ਵਿਚ ਇਕ ਨਵਾਂ ਤੇ ਮੌਲਿਕ ਤਜਰਬਾ ਕਰਨ ਲਈ ਬੀੜਾ ਉਠਾਇਆ। 'ਡੇਰਾ ਸਵਾਮੀ ਜਗਤਗਿਰੀ ਚੈਰੀਟੇਬਲ ਟਰੱਸਟ ਪਠਾਨਕੋਟ' ਨਾਲ ਰਾਬਤਾ ਕਾਇਮ ਕੀਤਾ ਗਿਆ। ਇਹਨਾਂ ਦੀ ਸਾਲਾਂ ਦੀ ਸਖ਼ਤ ਮਿਹਨਤ ਬਾਅਦ ਹੁਣ ਇਸ ਯੂਨੀਵਰਸਿਟੀ ਨੇ ਅਮਲੀ ਰੂਪ ਅਖ਼ਤਿਆਰ ਕੀਤਾ ਹੈ। ਯੂਨੀਵਰਸਿਟੀ ਦੇ ਸੁਫਨਸਾਜ਼ ਅਤੇ ਘਾੜਿਆਂ ਵਿਚ ਬੜੇ ਤਜਰਬੇਕਾਰ ਰਿਟਾਇਰਡ ਸੀਨੀਅਰ ਅਫਸਰ ਸ਼ਾਮਲ ਹਨ ਜੋ ਆਪਣੇ ਆਪਣੇ ਖੇਤਰ ਵਿਚ ਤਜਰਬਾ ਅਤੇ ਮੁਹਾਰਤ ਰੱਖਦੇ ਹਨ। ਇਹਨਾਂ ਵੱਲੋਂ ਦੁਨੀਆਂ ਭਰ ਦੀਆਂ ਆਹਲਾ ਯੂਨੀਵਰਸਿਟੀਆਂ ਦਾ ਅਧਿਐਨ ਕਰਕੇ ਤੇ ਇਕ ਨਵੀਂ ਸੋਚ ਬਣਾ ਕੇ ਨਵੀਂ ਦਿਸ਼ਾ ਵਿਚ ਕੰਮ ਕੀਤਾ ਜਾ ਰਿਹਾ ਹੈ। ਜਦੋਂ ਵੀ ਇਹ ਯੂਨੀਵਰਸਿਟੀ ਆਪਣੇ ਪੂਰਨ ਰੂਪ ਵਿਚ ਤਿਆਰ ਹੋਵੇਗੀ ਤਾਂ ਨਿਸ਼ਚੇ ਹੀ ਇਕ ਅਜੂਬਾ ਹੋਵੇਗਾ। ਸੰਸਾਰ ਵਿਚ ਇਸ ਤਰ੍ਹਾਂ ਦੀ ਮਿਲਦੀ ਜੁਲਦੀ ਯੂਨੀਵਰਸਿਟੀ ਪਹਿਲਾਂ ਨਾਈਜੀਰੀਆ ਵਿਚ ਕੰਮ ਕਰ ਰਹੀ ਹੈ।

ਯੂਨੀਵਰਸਿਟੀ ਦੇ ਇਸ ਪ੍ਰੋਜੈਕਟ ਵਿਚ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਦੂਜਾ ਸਹਾਇਕ ਸੰਗਠਨ ਬਾਬਾ ਗੁਰਦੀਪ ਗਿਰੀ ਜੀ ਦਾ 'ਡੇਰਾ ਸਵਾਮੀ ਜਗਤ ਗਿਰੀ ਚੈਰੀਟੇਬਲ ਟਰੱਸਟ ਪਠਾਨਕੋਟ' ਹੈ। ਬਾਬਾ ਗੁਰਦੀਪ ਗਿਰੀ ਜੀ ਪਹਿਲਾਂ ਤੋਂ ਹੀ ਰਵਿਦਾਸ ਜੀ ਦੀ ਵਿਚਾਰਧਾਰਾ ਅਧੀਨ ਹੀ ਧਾਰਮਿਕ ਖੇਤਰ ਦੇ ਨਾਲ ਨਾਲ ਵਿਦਿਅਕ ਖੇਤਰ ਵਿਚ ਵੀ ਮਹੱਤਵਪੂਰਨ ਕੰਮ ਕਰ ਰਹੇ ਹਨ। ਉਹਨਾਂ ਦੀ ਰਹਿਨੁਮਾਈ ਵਿਚ ਇਸ ਵੇਲੇ ਆਧੁਨਿਕ ਕਿਸਮ ਦੇ ਅੰਗਰੇਜ਼ੀ ਮਾਧਿਅਮ ਵਾਲੇ ਪੰਜ ਸਕੂਲ ਚੱਲ ਰਹੇ ਹਨ।ਇਹਨਾਂ ਵਿਚੋਂ ਇਕ-ਇਕ ਹਿਮਾਚਲ, ਪੰਜਾਬ, ਹਰਿਆਣਾ ਅਤੇ ਦੋ ਜੰਮੂ-ਕਸ਼ਮੀਰ ਵਿਚ ਹਨ। ਇਕ ਪ੍ਰੋਫੈਸ਼ਨਲ ਕਾਲਜ ਵੀ ਕਾਮਯਾਬੀ ਨਾਲ ਚੱਲ ਰਿਹਾ ਹੈ। ਉਹਨਾਂ ਦਾ ਸੁਪਨਾ ਵੀ ਸਮਾਜ ਨੂੰ ਕੋਈ ਹੋਰ ਵੱਡਾ ਵਿਦਿਅਕ ਅਦਾਰਾ ਦੇਣ ਦਾ ਰਿਹਾ ਹੈ, ਜਿਸਦੇ ਨਤੀਜੇ ਵਜੋਂ ਹੀ ਸਾਂਝੀਆਂ ਕੋਸ਼ਿਸ਼ਾਂ ਨਾਲ ਇਹ ਯੂਨੀਵਰਸਿਟੀ ਹੋਂਦ ਵਿਚ ਆ ਰਹੀ ਹੈ।

ਇਸ ਯੂਨੀਵਰਸਿਟੀ ਦੀ ਖਾਸ ਗੱਲ ਇਹ ਹੈ ਕਿ ਵਿਦਿਆ ਪ੍ਰਾਪਤ ਕਰ ਰਹੇ ਕਿਸੇ ਵੀ ਵਿਦਿਆਰਥੀ ਕੋਲੋਂ ਪੜ੍ਹਾਈ, ਖਾਣਾ ਤੇ ਰਿਹਾਇਸ਼ ਲਈ ਕਿਸੇ ਕਿਸਮ ਦੀ ਕੋਈ ਫੀਸ ਜਾਂ ਹੋਰ ਖਰਚਾ ਨਹੀਂ ਲਿਆ ਜਾਵੇਗਾ।ਇਹ ਕਿਵੇਂ ਸੰਭਵ ਹੈ? ਹਾਂ, ਇਸਨੂੰ ਸੰਭਵ ਬਣਾਉਣ ਲਈ ਹਰ ਵਿਦਿਆਰਥੀ ਇਸਨੂੰ ਆਪਣੀ ਯੂਨੀਵਰਸਿਟੀ ਸਮਝਦਾ ਹੋਇਆ ਆਪਣੀ ਪੜ੍ਹਾਈ ਦੇ ਨਾਲ ਨਾਲ ਇਸਦੇ ਕੰਮਕਾਜ ਵਿਚ ਹਰ ਪੱਧਰ ਤੇ ਆਪਣੀ ਸ਼ਮੂਲੀਅਤ ਯਕੀਨੀ ਕਰੇਗਾ। ਸਟੋਰ, ਸਟੇਸ਼ਨਰੀ, ਸਕਿਊਰਟੀ, ਰਿਸੈਪਸ਼ਨ ਅਤੇ ਕਲਰਕ ਤੋਂ ਅਫਸਰ ਤੱਕ ਦਾ ਸਾਰਾ ਕੰਮ ਵਿਦਿਆਰਥੀ ਖੁਦ ਸੰਭਾਲਣਗੇ। ਹਫਤੇ ਵਿਚ ਇਕ ਦਿਨ ਹਰ ਵਿਦਿਆਰਥੀ ਬਾਬਾ ਗਿਰੀ ਵੱਲੋਂ ਚਲਾਏ ਜਾ ਰਹੇ ਸਕੂਲਾਂ ਵਿਚ ਜਾ ਕੇ ਪੜ੍ਹਾਉਣਗੇ ਤਾਂ ਜੋ ਉਹਨਾਂ ਨੂੰ ਬੱਚਿਆਂ, ਟੀਚਰਾਂ ਤੇ ਸਕੂਲਾਂ ਵਿਚ ਦਰਪੇਸ਼ ਔਕੜਾਂ ਦਾ ਅਮਲੀ ਗਿਆਨ ਪ੍ਰਾਪਤ ਹੋ ਸਕੇ ਤੇ ਨਾਲ ਦੀ ਨਾਲ ਪੜ੍ਹਾਉਣ ਦਾ ਤਜਰਬਾ ਵੀ ਹੋ ਸਕੇ।

ਪੜ੍ਹਾਈ ਕਿੱਤਾ ਮੁਖੀ, ਅਕਾਦਮਿਕ, ਮੈਡੀਕਲ, ਕਾਨੂੰਨ ਆਦਿ ਹਰ ਆਧੁਨਿਕ ਖੇਤਰ ਦੀ ਉਪਲਬਧ ਹੋਵੇਗੀ, ਜਿਸਦਾ ਮੁੱਖ ਮੰਤਵ ਸਮਾਜ ਦੀ ਆਰਥਿਕ, ਸਮਾਜਿਕ, ਸਭਿਆਚਾਰਕ, ਪ੍ਰੋਫੈਸ਼ਨਲ ਅਤੇ ਆਤਮਿਕ ਸੋਚ ਉਭਾਰਨ ਦੇ ਨਾਲ ਨਾਲ ਵਧੀਆ ਜੀਵਨ-ਨਿਰਬਾਹ ਲਈ ਵਧੀਆ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਹੋਵੇਗਾ।


ਇਸਨੂੰ ਮੱਦੇਨਜ਼ਰ ਰੱਖਦਿਆਂ ਅਧਿਐਨ ਦੇ ਪ੍ਰੋਗਰਾਮ ਨੌਕਰੀ, ਮੰਡੀ, ਉਦਯੋਗ, ਕਿੱਤਾ ਅਤੇ ਸਵੈ-ਰੁਜ਼ਗਾਰ ਨੂੰ ਮੁੱਖ ਰੱਖ ਕੇ ਬਣਾਏ ਜਾਣਗੇ। ਅੰਤਰ ਰਾਸ਼ਟਰੀ ਲੋੜਾਂ ਨੂੰ ਮੁੱਖ ਰੱਖਦਿਆਂ ਸਿੱਖਿਆ ਦਾ ਮਾਧਿਅਮ ਭਾਵੇਂ ਨਿਰੋਲ ਅੰਗਰੇਜ਼ੀ ਹੋਵੇਗਾ ਪਰ ਪੰਜਾਬੀ ਨੂੰ ਵੀ ਉਚਿਤ ਸਥਾਨ ਦਿੱਤਾ ਜਾਵੇਗਾ।

ਖੋਜ ਦਾ ਕੰਮ ਵੀ ਹਰ ਖੇਤਰ ਵਿਚ ਉੱਚ ਪਾਏ ਦਾ ਹੋਵੇਗਾ। ਇੰਝ ਜਦੋਂ ਵਿਦਿਆਰਥੀ ਯੂਨੀਵਰਸਿਟੀ ਵਿਚੋਂ ਆਪਣੀ ਪੜ੍ਹਾਈ ਮੁਕੰਮਲ ਕਰਕੇ ਨਿਕਲੇਗਾ ਉਹ ਨਿਰਾ ਅਕਾਦਮਿਕ ਡਿਗਰੀਆਂ ਵਾਲਾ ਪੜ੍ਹਾਕੂ ਬਣ ਕੇ ਨਹੀਂ ਨਿਕਲੇਗਾ ਸਗੋਂ ਇਕ ਪ੍ਰੋਫੈਸ਼ਨਲ ਮਾਹਿਰ, ਚੰਗੀ ਤੇ ਉਸਾਰੂ ਸੋਚ ਵਾਲਾ ਵਧੀਆ ਵਿਅਕਤੀ ਬਣ ਕੇ ਨਿਕਲੇਗਾ, ਜਿਸਨੂੰ ਰੁਜ਼ਗਾਰ ਦੀ ਘਾਟ ਪੇਸ਼ ਨਹੀਂ ਹੋਵੇਗੀ। ਉਹ ਵਧੀਆ ਜੀਵਨ-ਨਿਰਬਾਹ ਦੇ ਨਾਲ ਨਾਲ ਵਧੀਆ ਸਮਾਜ ਦੀ ਉਸਾਰੀ ਵਿਚ ਇਕ ਸਹਾਇਕ ਪੁਰਜ਼ੇ ਦਾ ਕੰਮ ਵੀ ਕਰੇਗਾ। ਇਹੋ ਜਿਹੀ ਆਲੋਕਾਰੀ ਯੂਨੀਵਰਸਿਟੀ ਵਿਚ ਦਾਖ਼ਲੇ ਲਈ ਪਹਿਲੀ ਸ਼ਰਤ ਸਿਰਫ਼ ਮੈਰਿਟ ਦੀ ਹੈ ਤੇ ਘੱਟੋ ਘੱਟ 70 ਫੀਸਦੀ ਨੰਬਰ ਜ਼ਰੂਰ ਲਏ ਹੋਣੇ ਚਾਹੀਦੇ ਹਨ। ਬਾਕੀ ਦੀਆਂ ਸ਼ਰਤਾਂ ਬਾਅਦ ਵਿਚ।

ਯੂਨੀਵਰਸਿਟੀ ਦੇ ਕੰਮਕਾਜ ਵਿਚ ਪੂਰੀ ਪਾਰਦਰਸ਼ਤਾ ਰੱਖੀ ਜਾਵੇਗੀ। ਇਕ 15 ਮੈਂਬਰੀ ਕਮੇਟੀ ਦੀ ਦੇਖ-ਰੇਖ ਵਿਚ ਇਮਾਰਤ ਉਸਾਰੀ ਤੋਂ ਲੈ ਕੇ ਪੜ੍ਹਾਈ ਤੱਕ ਦੇ ਸਾਰੇ ਕਾਰਜ ਸਿਰੇ ਚੜ੍ਹਾਏ ਜਾਣਗੇ।ਇਸ ਵੇਲੇ ਪ੍ਰੀਜ਼ੀਡੀਅਮ ਦੇ ਚੇਅਰਮੈਨ ਬਾਬਾ ਗੁਰਦੀਪ ਗਿਰੀ ਜੀ ਹਨ, ਪ੍ਰਧਾਨ ਸ੍ਰੀ ਆਰ ਐਲ. ਪਰਦੀਪ (ਸੇਵਾ ਮੁਕਤ ਆਈ. ਏ. ਐਸ.) ਅਤੇ ਸਕੱਤਰ ਜਨਰਲ ਸ੍ਰੀ ਡੀ. ਸੀ. ਅੱਤਰੀ ਹਨ। ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਐਕਸ ਆਫਿਸ਼ਿਓ ਮੈਂਬਰ ਹੋਵੇਗਾ। ਇਸ ਪ੍ਰਾਜੈਕਟ ਨੂੰ ਸਿਰੇ ਚੜ੍ਹਾਉਣ ਵਿਚ ਦੇਸ਼ ਅਤੇ ਵਿਦੇਸ਼ ਤੋਂ ਵਿਦਿਅਕ, ਸਮਾਜਿਕ ਅਤੇ ਧਾਰਮਿਕ ਕਿਸਮ ਦੇ ਸ਼ਰਧਾਵਾਨ ਪ੍ਰੇਮੀਆਂ ਵੱਲੋਂ ਅਥਾਹ ਉਤਸ਼ਾਹ ਦਿਖਾਇਆ ਜਾ ਰਿਹਾ ਹੈ ਅਤੇ ਵੱਧ ਚੜ੍ਹ ਕੇ ਯੋਗਦਾਨ ਵੀ ਪਾਇਆ ਜਾ ਰਿਹਾ ਹੈ ਤਾਂ ਜੋ ਉਹ ਇਸ ਹਰਮਨ ਪਿਆਰੇ ਪ੍ਰਾਜੈਕਟ ਨੂੰ ਜਲਦੀ ਤੋਂ ਜਲਦੀ ਮੁਕੰਮਲ ਹੋਇਆ ਵੇਖ ਸਕਣ। ਆਸ ਹੈ ਇਸ ਯੂਨੀਵਰਸਿਟੀ ਨੂੰ ਕੰਮ ਕਰਦਿਆਂ ਵੇਖ ਕੇ ਦੂਜੀਆਂ ਯੂਨੀਵਰਸਿਟੀਆਂ ਵੀ ਕੋਈ ਸਬਕ ਲੈਣਗੀਆਂ, ਜਿਹਨਾਂ ਵਿਚ ਭਾਰੀ ਫੀਸਾਂ ਦੇ ਬੋਝ ਨਾਲ ਵਿਦਿਆਰਥੀਆਂ ਅਤੇ ਮਾਪਿਆਂ ਦਾ ਲੱਕ ਟੁੱਟ ਜਾਂਦਾ ਹੈ ਤੇ ਆਮ ਤੌਰ ਤੇ ਫੀਸਾਂ ਦੇ ਵਾਧੇ ਨੂੰ ਲੈ ਕੇ ਵਿਦਿਆਰਥੀ ਵਿੱਦਿਆ ਗ੍ਰਹਿਣ ਕਰਨ ਦੀ ਥਾਂ ਹੜਤਾਲਾਂ ਤੇ ਬੈਠਣ ਲਈ ਮਜਬੂਰ ਹੋ ਜਾਂਦੇ ਹਨ।

# 255/15-ਏ, ਚੰਡੀਗੜ੍ਹ
(9872670278)

# ਦਲਿਤ ਹੀਰੋ: ਬਾਬਾ ਸਾਹਿਬ ਨੂੰ ਛੱਡ ਕੇ ਹੁਣ ਸੰਘ ਦੀ ਸ਼ਰਨ ਵਿਚ



ਕੇ. ਸੀ. ਸੁਲੇਖ

'ਰਾਜਨੀਤੀ ਆਦਰਸ਼ ਪ੍ਰਾਪਤ ਕਰਨ ਦਾ ਨਹੀਂ ਸਗੋਂ ਸੰਭਾਵਨਾਵਾਂ ਦੀ ਖੇਡ ਹੈ।' ਜਰਮਨੀ ਦੇ ਪ੍ਰਸਿੱਧ ਦਾਰਸ਼ਨਿਕ ਬਿਸਮਾਰਕ ਦਾ ਇਹ ਕਥਨ ਰਾਜਨੀਤੀ ਦੇ ਮੈਦਾਨ ਵਿਚ ਖੁੱਲ੍ਹੇ ਤੌਰ 'ਤੇ ਅਮਲੀ ਰੂਪ ਵਿਚ ਚਲਦਾ ਦੇਖਿਆ ਜਾ ਸਕਦਾ ਹੈ। ਬਲਕਿ ਅੱਗੇ ਚੱਲ ਕੇ ਇਹ ਹੁਣ ਕਮਾਈ ਦਾ ਸਾਧਨ ਬਣ ਗਿਆ ਹੈ। ਅੱਜ ਇਕ ਰਾਜਨੇਤਾ ਜੋ ਇਲੈਕਸ਼ਨੀ ਟਿਕਟ ਨਾ ਮਿਲਣ 'ਤੇ ਨਰਾਜ਼ ਹੋ ਜਾਂਦਾ ਹੈ ਉਸਨੂੰ ਕੋਈ ਨਵੀਂ ਫਾਇਦੇ ਵਾਲੀ ਪਾਰਟੀ ਦੇ ਚਲਦੇ ਛਕੜੇ 'ਤੇ ਚੜ੍ਹ ਜਾਣ 'ਚ ਕੋਈ ਸੰਕੋਚ ਨਹੀਂ ਹੁੰਦਾ। ਨਵੀਂ ਪਾਰਟੀ ਵਿਚ ਵੀ ਉਸਦਾ ਖੁੱਲ੍ਹੀਆਂ ਬਾਹਾਂ ਨਾਲ ਉਸਦੇ ਪਿਛੋਕੜ ਦੀ ਪਛਾਣ ਕੀਤੇ ਬਿਨਾਂ ਸਵਾਗਤ ਕੀਤਾ ਜਾਂਦਾ ਹੈ। ਅੱਜ ਦੀ ਬੇਲਗਾਮ ਸਿਆਸੀ ਦੌੜ ਵਿਚ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਰਹਿ ਗਈ। ਲੇਕਿਨ ਜੇ ਮਾਮਲਾ ਰਾਜਨੀਤੀ ਦੀ ਜਗ੍ਹਾ ਵਿਚਾਰਧਾਰਾ ਨਾਲ ਸਬੰਧਤ ਹੋਵੇ ਤਾਂ ਇਸ 'ਤੇ ਹੈਰਾਨੀ ਦਾ ਹੋਣਾ ਸੁਭਾਵਿਕ ਹੈ। ਉਦਿੱਤ ਰਾਜ ਦਾ ਆਪਣੀ ਜੱਗ ਜ਼ਾਹਿਰ ਪਛਾਣ ਨੂੰ ਛੱਡ ਕੇ ਇਕਦਮ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸ਼ਾਮਲ ਹੋ ਜਾਣਾ ਦਲਿਤ ਸਮਾਜ ਲਈ ਹੈਰਾਨੀ ਦਾ ਹੀ ਨਹੀਂ ਬੜੇ ਅਘਾਤ ਦਾ ਕਾਰਨ ਹੈ। ਸਮਾਜ ਰਾਮਵਿਲਾਸ ਪਾਸਵਾਨ ਦੇ ਭਾਜਪਾ ਵਿਚ ਸ਼ਾਮਲ ਹੋ ਜਾਣ ਨੂੰ ਇੰਨੀ ਅਹਿਮੀਅਤ (ਮਹੱਤਵ) ਨਹੀਂ ਦਿੰਦਾ। ਪਾਸਵਾਨ ਤਾਂ ਸੌ ਫੀਸਦੀ ਇਕ ਰਾਜਨੀਤਿਕ ਵਿਅਕਤੀ ਹੈ, ਜਿਸਦਾ ਇਕੋ ਇਕ ਉਦੇਸ਼ ਰਾਜਸੀ ਤਾਕਤ ਪ੍ਰਾਪਤ ਕਰਨਾ ਅਤੇ ਉਸ ਰਾਜਸੀ ਤਾਕਤ ਦੁਆਰਾ ਕਮਾਈ ਦੌਲਤ ਅਤੇ ਠਾਠ ਬਾਠ ਦਾ ਸੁੱਖ ਮਾਨਣਾ ਹੈ। ਵੀ. ਪੀ. ਸਿੰਘ ਸਰਕਾਰ ਦੇ ਸਮੇਂ ਮੰਡਲ ਕਮਿਸ਼ਨ ਰਿਪੋਰਟ ਦੇ ਖਿਲਾਫ ਉੱਠੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਕਾਰਨ ਉਹ ਦਲਿਤ ਅਤੇ ਪੱ-ਛੜਿਆਂ ਲਈ ਉੱਚ ਕੋਟੀ ਦੇ ਹੀਰੋ ਬਣ ਗਏ। ਲੇਕਿਨ ਰਾਜਸੀ ਤਾਕਤ ਵੀ ਧੁੱਪ ਵਾਂਗ ਛਾਂ ਵਾਂਗ ਚਲਦੀ ਫਿਰਦੀ ਚੀਜ਼ ਹੀ ਹੁੰਦੀ ਹੈ। ਕੁਝ ਦੇਰ ਤਾਕਤ ਤੋਂ ਅਲੱਗ ਹੋ ਜਾਣ ਬਾਅਦ ਅਤੇ 1998 ਵਿਚ ਭਾਜਪਾ ਦੇ ਰਾਜ ਗੱਦੀ ਸੰਭਾਲਣ 'ਤੇ ਉਹ ਵੀ ਐਨ. ਡੀ. ਏ. ਦੀ ਉਹਨਾਂ ਦੀ ਕਮੰਡਲ ਤਾਕਤਾਂ ਦੇ ਸਾਥੀ ਬਣ ਗਏ। ਜਿਸ ਕਮੰਡਲ ਨੇ ਉਹਨਾਂ ਦੇ ਮੰਡਲ ਨੂੰ ਭੋਏਂ ਮੂਧੇ ਮੂੰਹ ਮਾਰ ਦਿੱਤਾ ਸੀ। ਸਮਾਜਿਕ ਨਿਆਂ ਦੀ ਥਾਂ ਹੁਣ ਉਹਨਾਂ ਨੂੰ ਰਾਮ ਮੰਦਰ, ਰਾਮ ਤੇ ਰਾਮ ਰਾਜ ਦੇ ਨਾਅਰੇ ਪਿਆਰੇ ਲੱਗਣ ਲੱਗ ਪਏ। ਮੁਸਲਮਾਨਾਂ ਦੀ 400 ਸਾਲ ਪੁਰਾਣੀ ਬਾਬਰੀ ਮਸਜਿਦ ਢਾਹ ਦਿੱਤੀ ਗਈ। ਦੰਗੇ ਫਸਾਦ ਹੋਏ। ਮਸਜਿਦ ਢਾਹੁਣ ਦੇ ਸਬੰਧ ਵਿਚ ਅਡਵਾਨੀ ਸਮੇਤ ਬੜੇ ਬੜੇ ਹਿੰਦੂਤਵੀ ਨੇਤਾਵਾਂ 'ਤੇ ਮੁਕੱਦਮੇ ਦਰਜ ਹੋਏ ਜੋ ਹਾਲੇ ਵੀ ਚੱਲ ਰਹੇ ਹਨ। ਪਰ ਇਸ ਦਾ ਪਾਸਵਾਨ ਜੀ ਦੀ ਸਿਹਤ 'ਤੇ ਕੋਈ ਅਸਰ ਨਹੀਂ ਸੀ ਅਤੇ ਉਹ ਵਾਜਪਾਈ ਸਰਕਾਰ ਵਿਚ ਮੰਤਰੀ ਬਣ ਕੇ ਸੱਤਾ ਦਾ ਆਨੰਦ ਲੁੱਟਦੇ ਰਹੇ। 2002 ਵਿਚ ਗੁਜਰਾਤ ਵਿਖੇ ਨਰਿੰਦਰ ਮੋਦੀ ਦੀ ਛਤਰ ਛਾਇਆ ਹੇਠ ਹੋਏ ਹੌਲਨਾਕ ਮੁਸਲਿਮ ਕਤਲੇਆਮ ਨੂੰ ਦੇਖ ਕੇ (ਜਾਂ ਇਹ ਵੀ ਉਹਨਾਂ ਦਾ ਕੋਈ ਸਿਆਸੀ ਪੈਂਤੜਾ ਸੀ?) ਉਹਨਾਂ ਨੇ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਅਤੇ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਵਿਚ ਰੁੱਝ ਗਏ। ਕਦੇ ਕਾਂਗਰਸ ਦੇ ਨਾਲ, ਕਦੇ ਉਸਦੇ ਖਿਲਾਫ। ਹੁਣ ਪਤਾ ਨਹੀਂ ਉਸੇ ਨਰਿੰਦਰ ਮੋਦੀ ਵਿਚ ਕਿਹੜੀ ਕ੍ਰਾਂਤੀਕਾਰੀ ਤਬਦੀਲੀ ਦੇਖ ਲਈ ਕਿ ਉਹੀ ਮੋਦੀ ਜਲਾਦ ਤੋਂ ਇਕ ਮਸੀਹਾ ਮੋਦੀ ਬਣ ਗਿਆ ਹੈ। ਅੱਗੇ ਦੇਖੋ ਸਮੇਂ ਦੀ ਬੁੱਕਲ 'ਚ ਕੀ ਹੈ?

ਮਹਾਂਰਾਸ਼ਟਰ ਦੇ ਰਾਮਦਾਸ ਅਠਾਵਲੇ ਬਾਬਾ ਸਾਹਿਬ ਦੀ ਵਿਚਾਰਧਾਰਾ 'ਤੇ ਆਧਾਰਿਤ ਉਸ ਰਾਜਨੀਤਿਕ ਸੰਗਠਨ ਦੇ ਇਕ ਗੁੱਟ ਰਿਪਬਲਿਕਨ ਪਾਰਟੀ ਆਫ ਇੰਡੀਆ (ਆਰ. ਪੀ. ਆਈ.) ਦੇ ਤਥਾ ਕਥਿਤ ਮੁਖੀ ਹਨ, ਜਿਸ ਦਾ ਮੂਲ ਮਕਸਦ ਹੀ ਦਲਿਤ ਸਮਾਜ ਨੂੰ ਬ੍ਰਾਹਮਣੀ ਵਿਵਸਥਾ ਦੇ ਖੂਨੀ ਪੰਜੇ 'ਚੋਂ ਆਜ਼ਾਦ ਕਰਾਉਣਾ ਸੀ। ਲੇਕਿਨ ਕੀ ਅਠਾਵਲੇ ਜੀ ਸ਼ਿਵ ਸੈਨਾ ਵਿਚ ਸ਼ਾਮਲ ਹੋ ਕੇ ਬਾਬਾ ਸਾਹਿਬ ਦੇ ਸੁਪਨੇ ਨੂੰ ਸਾਕਾਰ ਕਰ ਰਹੇ ਹਨ?

ਜੋ ਪਾਰਟੀ ਦੇਸ਼ ਪੱਧਰ 'ਤੇ ਭਾਜਪਾ ਦਾ ਹੀ ਇਕ ਖੇਤਰੀ ਅੰਗ ਹੈ, ਜਿਸ ਦਾ ਦ੍ਰਿੜ੍ਹ ਸੰਕਲਪ ਬੁੱਧ ਹਿੰਦੂ ਰਾਜ ਸਥਾਪਤ ਕਰਨਾ ਹੈ। ਹਿਟਲਰ ਪਾਰਟੀ ਦੇ ਸੰਸਥਾਪਕ ਬਾਲ ਠਾਕਰੇ ਦੇ ਆਦਰਸ਼ ਹੀਰੋ ਰਿਹਾ, ਜਿਸ ਦੇ ਪਦ ਚਿੰਨ੍ਹਾਂ 'ਤੇ ਚੱਲ ਕੇ ਉਹ ਵਿਰੋਧਤਾ ਨੂੰ ਸਖ਼ਤੀ ਨਾਲ ਬਦਲਣ ਦਾ ਹਾਮੀ ਸੀ ਅਤੇ ਉਸਦੀ ਇਕ ਧਮਕੀ ਨਾਲ ਸਾਰਾ ਪ੍ਰਸ਼ਾਸਨ ਕੰਬ ਉੱਠਦਾ ਸੀ। ਇਹ ਉਹੀ ਸ਼ਿਵ ਸੈਨਾ ਹੈ ਜਿਸ ਦੇ ਸੈਨਿਕਾਂ ਨੇ ਪੁਲਿਸ ਨਾਲ ਮਿਲ ਕੇ ਜੁਲਾਈ 1997 ਵਿਚ ਬੰਬਈ ਵਿਖੇ 11 ਨਿਹੱਥੇ ਦਲਿਤਾਂ 'ਤੇ ਗੋਲੀ ਚਲਵਾਈ ਸੀ ਜਦ ਉਹ ਬਾਬਾ ਸਾਹਿਬ ਦੀ ਮੂਰਤੀ ਦੀ ਬੇਹੁਰਮਤੀ ਕੀਤੇ ਜਾਣ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਸਨ।

ਪੜਤਾਲੀਆ ਕਮਿਸ਼ਨ ਦੀ ਜਾਂਚ ਰਿਪੋਰਟ ਵਿਚ ਲਿਪਤ ਪਾਏ ਜਾਣ ਦੇ ਬਾਵਜੂਦ ਬਾਲ ਠਾਕਰੇ ਨੂੰ ਹੱਥ ਪਾਉਣ ਦੀ ਕਿਸੇ ਦੀ ਹਿੰਮਤ ਨਹੀਂ ਹੋਈ। ਮਰਾਠਵਾੜਾ ਯੂਨੀਵਰਸਿਟੀ ਨੂੰ ਬਾਬਾ ਸਾਹਿਬ ਦੇ ਨਾਮ ਨਾਲ ਜੋੜਨ ਦੇ ਸਵਾਲ 'ਤੇ ਹਿੰਦੂ ਜਨੂੰਨੀਆਂ ਨੇ ਗੁੱਸੇ ਅਤੇ ਨਫ਼ਰਤ ਵਿਚ ਪਿੰਡਾਂ ਸ਼ਹਿਰਾਂ ਵਿਚ ਰਹਿ ਰਹੇ ਦਲਿਤ ਲੋਕਾਂ ਦੇ ਘਰ ਝੁੱਗੀਆਂ ਝੌਂਪੜੀਆਂ ਸਾੜ ਦਿੱਤੀਆਂ। ਕਈ ਜਾਨਾਂ ਗਈਆਂ। ਇਸ ਸਾਰੀ ਗੁੰਡਾਗਰਦੀ ਦੇ ਪਿੱਛੇ ਸ਼ਿਵ ਸੈਨਾ ਦਾ ਹੀ ਹੱਥ ਸੀ। ਪਾਰਲੀਮੈਂਟ ਵਿਚ ਜ਼ਬਰਦਸਤ ਪ੍ਰੋਟੈਸਟ ਹੋਣ ਉਪਰੰਤ ਇਕ ਪਾਰਲੀਮੈਂਟਰੀ ਕਮੇਟੀ ਨੇ ਇਸ ਸਾਰੀ ਘਟਨਾ ਦੀ ਮੌਕੇ 'ਤੇ ਜਾ ਕੇ ਪੜਤਾਲ ਕੀਤੀ। ਲੇਕਿਨ ਜਿਵੇਂ ਹੁੰਦਾ ਹੀ ਹੈ ਗੋਗਲੂਆਂ ਤੋਂ ਗਰਦ ਝਾੜ ਦਿੱਤੀ ਗਈ। ਬਾਅਦ ਵਿਚ ਯੂਨੀਵਰਸਿਟੀ ਨਾਲ ਬਾਬਾ ਸਾਹਿਬ ਦਾ ਨਾਮ ਵੀ ਜੁੜ ਗਿਆ। ਸ਼ਿਵ ਸੈਨਾ ਦੇ ਅਜਿਹੇ ਪਿਛੋਕੜ ਅਤੇ ਵਰਤਮਾਨ ਸਮੇਂ ਦੀਆਂ ਕੱਟੜ ਸੰਪਰਦਾਇਕ ਸੋਚ ਅਤੇ ਨੀਤੀਆਂ ਦੇ ਦ੍ਰਿਸ਼ਟੀਗਤ ਕੀ ਬਾਲ ਠਾਕਰੇ ਦੀ ਸ਼ਿਵ ਸੈਨਾ ਦਲਿਤ ਲੋਕਾਂ ਦੀ ਖ਼ੈਰਖਵਾਹ (ਹਿਤੈਸ਼ੀ) ਹੋ ਸਕਦੀ ਹੈ? ਰਾਮਦਾਸ ਅਠਾਵਲੇ ਐਮ. ਪੀ. ਬਣਨ ਲਈ ਇਸ ਪਾਰਟੀ ਦੀ ਸ਼ਰਨ ਵਿਚ ਸੌ ਵਾਰ ਜਾਣ ਪਰ ਉਹ ਬਾਬਾ ਸਾਹਿਬ ਅਤੇ ਆਰ. ਪੀ. ਆਈ. ਦਾ ਨਾਮ ਕਿਉਂ ਬਦਨਾਮ ਕਰ ਰਹੇ ਹਨ?

ਉਦਿੱਤ ਰਾਜ (ਪਹਿਲਾ ਨਾਮ ਰਾਮ ਰਾਜ) ਵੀ ਭਾਵੇਂ ਪਾਸਵਾਨ ਅਤੇ ਅਠਾਵਲੇ ਵਾਂਗ ਕੁਰਸੀ ਦੀ ਲੋਰ ਵਿਚ ਭਾਜਪਾ ਵਿਚ ਸ਼ਾਮਲ ਹੋ ਕੇ ਉਸੇ ਬ੍ਰਾਹਮਣਵਾਦੀ ਮੱਕੜ ਜਾਲ ਵਿਚ ਜਾ ਗਿਰੇ ਹਨ। ਫਿਰ ਵੀ ਉਹਨਾਂ ਦੇ ਪਿਛਲੇ ਟ੍ਰੈਕ ਰਿਕਾਰਡ ਨੂੰ ਦੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੀ ਆਸ਼ਾ ਵਿਪਰੀਤ ਪਲਟੀ ਦਲਿਤ ਸਮਾਜ ਦੀਆਂ ਆਸ਼ਾਵਾਂ ਅਤੇ ਅਕਾਂਖਿਆਵਾਂ ਨਾਲ ਹਰਗਿਜ਼ ਮੇਲ ਨਹੀਂ ਖਾਂਦੀ, ਜਿਸ ਦਾ ਉਹ ਹੁਣ ਤੱਕ ਦਮ ਭਰਦੇ ਰਹੇ ਹਨ ਅਤੇ ਜਿਹਨਾਂ ਨੂੰ ਪੂਰਾ ਕਰਨ ਲਈ ਉਹਨਾਂ ਨੇ ਗਲਤ ਢੰਗ ਤਰੀਕਿਆਂ ਨਾਲ ਰਾਜ ਸੱਤਾ ਹਥਿਆਉਣ ਦੇ ਮੁਕਾਬਲੇ ਵਿਚ ਬਾਬਾ ਸਾਹਿਬ ਦੀ ਸੋਚ ਅਨੁਸਾਰ ਹਮੇਸ਼ਾ ਸਮਾਜਿਕ ਅਤੇ ਸਭਿਆਚਾਰਕ ਇਨਕਲਾਬ (ਪ੍ਰੀਵਰਤਨ) ਨੂੰ ਪਹਿਲ ਦਿੱਤੀ। ਸ਼ੁਰੂ ਸ਼ੁਰੂ ਵਿਚ ਇਨਕਮ ਟੈਕਸ ਮਹਿਕਮੇ 'ਚੋਂ ਰਿਟਾਇਰਮੈਂਟ ਲੈ ਕੇ ਜਿਸ ਮੁੱਦੇ ਨੂੰ ਹੱਥ ਵਿਚ ਲਿਆ ਉਹ ਦਲਿਤ ਰਿਜ਼ਰਵੇਸ਼ਨ ਦਾ ਮੁੱਦਾ ਸੀ।

ਸਰਕਾਰੀ ਮਹਿਕਮਿਆਂ ਵਿਚ ਨੌਕਰੀਆਂ ਦੇ ਮਾਮਲੇ ਵਿਚ ਦਲਿਤ ਕਰਮਚਾਰੀਆਂ ਨਾਲ ਜੋ ਬਦਸਲੂਕੀ ਅਤੇ ਧੱਕਾ ਹੋ ਰਿਹਾ ਸੀ, ਉਸਨੂੰ ਲਗਾਤਾਰ ਜ਼ਬਰਦਸਤ ਮੁਜ਼ਾਹਰਿਆਂ ਅਤੇ ਅੰਦੋਲਨਾਂ ਦੁਆਰਾ ਮੁੱਦਾ ਨੰਬਰ ਇਕ ਬਣਾ ਦਿੱਤਾ। ਇਹ ਉਹਨਾਂ ਦੇ ਲੋਕਾਂ ਦੀਆਂ ਅੱਖਾਂ ਵਿਚ ਆਉਣ ਦਾ ਪਹਿਲਾ ਪਾਇਦਾਨ ਸੀ।

ਸਰਕਾਰ ਦੀ ਨਿੱਜੀਕਰਨ ਨੀਤੀ ਦੇ ਸਿੱਟੇ ਵਜੋਂ ਜਦ ਸਰਕਾਰੀ ਨੌਕਰੀਆਂ ਵੀ ਖ਼ਤਰੇ ਵਿਚ ਪੈਣ ਲੱਗ ਪਈਆਂ ਤਾਂ ਕੁਦਰਤੀ ਤੌਰ 'ਤੇ ਦਲਿਤਾਂ ਦੇ ਨਿੱਜੀ ਖੇਤਰ ਦੇ ਅਦਾਰਿਆਂ ਵਿਚ ਨੌਕਰੀਆਂ ਦੇ ਹੱਕ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਦਿੱਤ ਰਾਜ ਨੇ ਇਸ ਮੁੱਦੇ ਨੂੰ ਵੀ ਖੂਬ ਉਭਾਰਿਆ। ਇੱਥੋਂ ਤੱਕ ਕਿ ਉਹਨਾਂ ਨੇ ਅਮ-ਰੀਕਾ ਜਾ ਕੇ ਉਥੇ ਦੇ ਕਈ ਸੈਨੇਟ ਮੈਂਬਰਾਂ ਦੇ ਅਸਰ ਦੁਆਰਾ ਦਬਾਅ ਪੈਦਾ ਕਰਨ ਦੇ ਯਤਨ ਵੀ ਕੀਤੇ।

ਜਿਹਾ ਕਿ ਪਹਿਲਾਂ ਵੀ ਕਿਹਾ ਗਿਆ ਹੈ, ਉਹਨਾਂ ਦੀ ਸੋਚ ਵਿਚ ਰਾਜ ਸੱਤਾ ਤੋਂ ਵੀ ਪਹਿਲਾਂ ਸਮਾਜ ਵਿਚ ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀ ਲਿਆਉਣਾ ਜ਼ਿਆਦਾ ਜ਼ਰੂਰੀ ਸੀ, ਜਿਸ ਲਈ ਉਹਨਾਂ ਨੇ ਬਾਬਾ ਸਾਹਿਬ ਦੀ ਵਿਚਾਰਧਾਰਾ ਅਤੇ ਸੰਘਰਸ਼ ਦੇ ਰਸਤੇ ਨੂੰ ਹੀ ਤਰਜੀਹ ਦਿੱਤੀ ਅਤੇ ਉਸਨੂੰ ਅਮਲੀ ਰੂਪ ਦਿੱਤਾ। ਖੁਦ ਬੁੱਧ ਧੰਮ ਗ੍ਰਹਿਣ ਕੀਤਾ ਅਤੇ ਨਵੀਂ ਸੰਸਥਾ 'ਲਾਰਡ ਬੁੱਧਾ ਕਲੱਬ' ਦੀ ਸਥਾਪਨਾ ਕਰਕੇ ਬੁੱਧ ਧਰਮ ਦਾ ਪੂਰੇ ਜ਼ੋਰ ਨਾਲ ਪ੍ਰਚਾਰ ਕੀਤਾ। ਇੱਥੋਂ ਤੱਕ ਕਿ ਆਪਣੀ ਵਿਚਾਰਧਾਰਾ ਦਾ ਪ੍ਰਸਾਰ ਕਰਨ ਲਈ ਜਿਸ ਪੰਦਰਵਾੜਾ ਪੱਤ੍ਰਕਾ ਨੂੰ ਆਪਣਾ ਪ੍ਰਵਕਤਾ ਬਣਾਇਆ, ਉਸਦਾ ਨਾਮ ਵੀ 'ਵਾਇਸ ਆਫ ਬੁੱਧਾ' ਰੱਖਿਆ। ਜਾਣੀ ਬੁੱਧ ਦੀ ਆਵਾਜ਼, ਜਾਣੀ 'ਮਾਨਵਤਾ ਦੀ ਆਵਾਜ਼' ਜਾਣੀ ਗ਼ੈਰ ਪ੍ਰਾਕਿਰਤਕ ਅਤੇ ਗ਼ੈਰ ਵਿਗਿਆਨਕ ਧਰਮ ਨੂੰ ਮੰਨਣ ਵਾਲਿਆਂ ਨੂੰ ਖੁੱਲ੍ਹੀ ਚੁਣੌਤੀ। ਵਿਚਾਰਧਾਰਾ ਦੇ ਇਕ ਧਰੁਵ ਤੋਂ ਦੂਜੇ ਧੁਰ ਵਿਰੋਧੀ ਧਰੁਵ 'ਤੇ ਛਾਲ ਮਾਰਨ ਲੱਗਿਆਂ ਕੀ ਉਦਿੱਤ ਰਾਜ ਦੇ ਦਿਲ ਅਤੇ ਜ਼ਮੀਰ ਨੇ ਮੰਨ ਲਿਆ ਹੈ ਕਿ ਚੀਤੇ ਦੇ ਸਰੀਰ ਦੀਆਂ ਧਾਰੀਆਂ ਬਦਲ ਗਈਆਂ ਜਾਂ ਬਘਿਆੜ ਸ਼ਾਕਾਹਾਰੀ ਬਣ ਗਿਆ ਹੈ? ਬਾਬਾ ਸਾਹਿਬ ਨੇ 14 ਅਕਤੂਬਰ 1956 ਵਾਲੇ ਦਿਨ ਬੁੱਧ ਧੰਮ ਦੀ ਦੀਕਸ਼ਾ ਲੈਣ ਉਪਰੰਤ ਕਿਹਾ ਸੀ ਕਿ 'ਮੈਂ ਹੁਣ ਮਹਿਸੂਸ ਕਰਦਾ ਹਾਂ ਕਿ ਮੈਂ ਨਰਕ ਵਿਚੋਂ ਨਿਕਲ ਕੇ ਆਜ਼ਾਦ ਹੋ ਗਿਆ ਹਾਂ'।

(ਬਾਕੀ ਸਫਾ 18 ਤੇ)

## ਜਾਊ ਖਾਲੀ ਘੋੜੀ ਹਿਣਕਦੀ!

ਬੋਲ ਬੋਲ ਕੇ ਜੀਭ ਥਥਲਾਉਣ ਲੱਗੀ
ਲੇਖ ਲਿਖਦਿਆਂ ਕਲਮਾਂ ਵੀ ਥੱਕੀਆਂ ਨੇ।
ਤਨੋ ਮਨੋ ਸਚਿਆਰਾਂ ਨੇ ਤਾਣ ਲਾਇਆ
ਪੂਛਾਂ ਫੇਰ ਵੀ ਝੂਠਿਆਂ ਚੱਕੀਆਂ ਨੇ।
ਸੌ ਦਿਨ ਚੋਰ ਦਾ,ਆਵੇ ਗਾ ਸਾਧ ਵਾਲਾ
ਆਸਾਂ ਦਿਲਾਂ ਦੇ ਵਿਚ ਹੀ ਡੱਕੀਆਂ ਨੇ।
ਜੁਲਮੀ ਤਾਕਤਾਂ ਧੌਂਸ ਦੇ ਨਾਲ਼ ਭਰੀਆਂ
ਸਮੇਂ, ਠੋਕ ਇਤਿਹਾਸ ਵਿਚ ਧੱਕੀਆਂ ਨੇ।
ਦੋਸ਼ ਆਪਣਾ ਆਖਰ ਨੂੰ ਪੁੱਛਣਾ ਈ ਸੀ
ਹੀਰਾਂ ਸੱਸੀਆਂ ਸੋਹਣੀਆਂ ਅੱਕੀਆਂ ਨੇ।
ਅੰਨ੍ਹਾ ਹੋਇਆ ਹੰਕਾਰ ਦੇ ਨਾਲ ਮਿਰਜ਼ਾ
ਮੁੜਨਾ ਖਾਲੀ ਹੀ ਘਰਾਂ ਨੂੰ ਬੱਕੀਆਂ ਨੇ!



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਬਲਬੀਰ ਮਾਧੋਪੁਰੀ ਨੂੰ ਸਾਹਿਤ ਅਕਾਡਮੀ ਅਨੁਵਾਦ ਪੁਰਸਕਾਰ

ਨਵੀਂ ਦਿੱਲੀ- ਸਾਹਿਤ ਅਕਾਡਮੀ ਨੇ ਸਾਲ 2013 ਦੇ ਆਪਣੇ ਅਨੁਵਾਦ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਅਕਾਡਮੀ ਦੇ ਪੰਜਾਬੀ ਭਾਸ਼ਾ ਸਲਾਹਕਾਰ ਬੋਰਡ ਕਨਵੀਨਰ ਡਾ. ਰਵੇਲ ਸਿੰਘ ਅਨੁਸਾਰ ਪੰਜਾਬੀ ਦਾ ਅਨੁਵਾਦ ਪੁਰਸਕਾਰ ਬਲਬੀਰ ਮਾਧੋਪੁਰੀ ਨੂੰ ਉਸ ਵੱਲੋਂ ਅਨੁਵਾਦਿਤ ਪੁਸਤਕ ਰਾਜਕਮਲ ਚੌਧਰੀ ਦੀਆਂ ਚੋਣਵੀਆਂ ਕਹਾਣੀਆਂ ਲਈ ਦਿੱਤਾ ਜਾਵੇਗਾ, ਜੋ ਮੂਲ ਰੂਪ ਵਿਚ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦੀ ਪ੍ਰਕਾਸ਼ਨਾ ਹੈ। ਬਲਬੀਰ ਮਾਧੁਪਰੀ ਹੁਣ ਤੱਕ 27 ਪੁਸਤਕਾਂ ਦਾ ਅੰਗਰੇਜ਼ੀ ਤੇ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਕਰ ਚੁੱਕਾ ਹੈ, ਜਿਹਨਾਂ ਵਿਚ ਐਡਵਿਨਾ ਅਤੇ ਨਹਿਰੂ, ਲੱਜਾ, ਨਾਟਕਾਂ ਦੇ ਦੇਸ਼ ਵਿਚ, ਸ਼ਹੀਦਾਂ ਦੇ ਖ਼ਤ, ਮੇਰਾ ਬਚਪਨ ਮੇਰੇ ਮੋਢੇ' ਖਾਸ ਤੌਰ ਤੇ ਚਰਚਾ ਵਿਚ ਹਨ। ਮਾਧੋਪੁਰੀ ਨੇ ਹੁਣ ਤੱਕ 38 ਪੰਜਾਬੀ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। 14 ਮੌਲਿਕ ਪੁਸਤਕਾਂ ਦੇ ਲੇਖਕ ਬਲਬੀਰ ਮਾਧੁਪਰੀ ਦੀ ਸਵੈਜੀਵਨੀ 'ਛਾਂਗਿਆ ਰੁੱਖ' ਕੁਝ ਭਾਰਤੀ ਭਾਸ਼ਾਵਾਂ ਸਮੇਤ ਅੰਗਰੇਜ਼ੀ ਵਿਚ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਤੇ ਸ਼ਾਹਮੁਖੀ ਵਿਚ 2010 ਵਿਚ ਪਾਕਿਸਤਾਨ ਦੇ ਪੰਚਮ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਹੋ ਚੁੱਕੀ ਹੈ, ਜਿਸ ਉਤੇ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਕੁਝ ਪੀ. ਐਚ. ਡੀ. ਅਤੇ ਐਮ. ਫਿਲ ਹੋ ਚੁੱਕੀਆਂ ਹਨ। ਡਾ. ਸਤਿੰਦਰ ਸਿੰਘ ਨੂਰ ਨੇ 'ਛਾਂਗਿਆ ਰੁੱਖ' ਉਤੇ ਛਾਂਗਿਆ ਰੁੱਖ ਦਾ ਸਾਹਿਤਕ ਤੇ ਸਮਾਜਿਕ ਮੁਲਾਂਕਣ ਨਾਂ ਦੀ ਪੁਸਤਕ ਦਾ ਸੰਪਾਦਨ 2007 ਵਿਚ ਕੀਤਾ ਹੈ। ਸਾਹਿਤ ਅਕੈਡਮੀ ਅਨੁਵਾਦ ਪੁਰਸਕਾਰ ਵਿਚ ਇਕ ਸਨਮਾਨ ਚਿੰਨ੍ਹ, ਇਕ ਸ਼ਾਲ ਤੇ ਪੰਜਾਹ ਹਜ਼ਾਰ ਰੁਪਏ ਨਕਦ ਰਾਸ਼ੀ ਦਿੱਤੀ ਜਾਂਦੀ ਹੈ।



ਇਸ ਤੋਂ ਪਹਿਲਾਂ ਬਲਬੀਰ ਮਾਧੋਪੁਰੀ ਨੂੰ ਸਾਲ 2000 ਵਿਚ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਅਨੁਵਾਦ ਪੁਰਸਕਾਰ ਨਾਲ ਸਨਮਾਨਿਆ ਜਾ ਚੁੱਕਾ ਹੈ। ਮਾਧੁਪੁਰੀ ਨੇ ਟੈਲੀਫੋਨ ਤੇ ਗੱਲਬਾਤ ਵਿਚ ਦੱਸਿਆ ਕਿ ਇਸ ਅਨੁਵਾਦ ਪੁਰਸਕਾਰ ਨਾਲ ਉਸ ਦੇ ਸਾਹਿਤਕ ਤੇ ਅਨੁਵਾਦ ਕਾਰਜਾਂ ਨੂੰ ਮਾਨਤਾ ਮਿਲੀ ਹੈ।

ਉਸ ਨੇ ਹੋਰ ਕਿਹਾ ਕਿ ਉਸ ਦੀ ਮਾਂ ਬੋਲੀ ਪੰਜਾਬੀ ਨੇ ਉਸ ਨੂੰ ਰੋਟੀ-ਰੋਜ਼ੀ ਦਿੱਤੀ ਹੈ ਤੇ ਸ਼ੋਹਰਤ ਵੀ। ਪੇਂਡੂ ਪਿਛੋਕੜ ਦੇ ਬਲਬੀਰ ਮਾਧੋਪੁਰੀ ਦਾ ਜਨਮ ਇਕ ਗਰੀਬ ਤੇ ਮਜ਼ਦੂਰ ਪਰਿਵਾਰ ਵਿਚ ਪਿੰਡ ਮਾਧੋਪੁਰ, ਜ਼ਿਲ੍ਹਾ ਜਲੰਧਰ ਵਿਚ 1955 ਵਿਚ ਹੋਇਆ। ਕਵੀ, ਲੇਖਕ, ਅਨੁਵਾਦਕ ਤੇ ਅਨੁਭਵੀ ਪੱਤਰਕਾਰ ਬਲਬੀਰ ਮਾਧੋਪੁਰੀ ਇਸ ਵੇਲੇ ਯੋਜਨਾ ਪੰਜਾਬੀ (ਮਾਸਿਕ) ਦਾ ਸੰਪਾਦਕ ਹੈ ਤੇ ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਣ ਮੰਤਰਾਲਾ ਵੱਲੋਂ ਪ੍ਰਕਾਸ਼ਿਤ ਹੁੰਦੀਆਂ ਪੰਜਾਬੀ ਪੁਸਤਕਾਂ ਦਾ ਸੰਪਾਦਕ ਵੀ ਹੈ।

## ਅਮਰੀਕੀ ਪੰਜਾਬੀ ਚਿੰਤਕ ਸਮਾਜਿਕ ਬੁਰਾਈਆਂ ਵਿਰੁੱਧ ਆਪਣੀ ਕਲਮ ਅਤੇ ਆਵਾਜ਼ ਉਠਾਉਣਗੇ

ਨਿਊਵਰਕ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ) ਬੀਤੇ ਦਿਨੀਂ ਨਿਊਵਰਕ ਦੇ ਚਾਂਦਨੀ ਰੈਸਤਰਾ ਵਿਖੇ ਪੰਜਾਬੀ ਲੇਖਕਾਂ ਅਤੇ ਗਾਇਕਾਂ ਦੀ ਵਿਸ਼ੇਸ਼ ਸੰਖੇਪ ਇਕੱਤਰਤਾ ਹੋਈ, ਜਿਸ ਵਿਚ ਪੰਜਾਬੀ ਮਾਂ-ਬੋਲੀ ਸਾਹਿਤ ਅਤੇ ਸਭਿਆਚਾਰ ਗਤੀਵਿਧੀਆਂ ਰਾਹੀਂ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਉਠਾਉਣ ਤੇ ਵਿਉਂਤਬੰਦੀ ਕੀਤੀ ਗਈ। ਭਾਈਚਾਰੇ ਨੂੰ ਦਰਪੇਸ਼ ਔਕੜਾਂ ਵਿਚ ਭਰੂਣ ਹੱਤਿਆ ਪਰਿਵਾਰਕ ਝਗੜੇ, ਨਸ਼ੇ, ਭ੍ਰਿਸ਼ਟ ਰਾਜਨੀਤੀ ਅਤੇ ਸਭ ਤੋਂ ਉਪਰ ਪਾਈਰੇਸੀ (ਸਾਹਿਤ ਚੋਰੀ) ਜੋ ਇਕ ਅਪਰਾਧ ਹੈ, ਉਸਨੂੰ ਠੱਲ੍ਹ ਪਾਈ ਜਾਵੇ, ਕਿਉਂਕਿ ਇਸ ਦਾ ਆਉਣ ਵਾਲੇ ਸਮੇਂ ਵਿਚ ਭਿਆਨਕ ਨੁਕਸਾਨ ਹੈ, ਜਿਸਦੀ ਲਪੇਟ ਵਿਚ ਲੇਖਕ ਗੀਤਕਾਰ, ਕਵੀ ਅਤੇ ਸਾਰੇ ਕਲਾ ਖੇਤਰਾਂ ਵਿਚ ਜੁੜੀਆਂ ਜਮਾਤਾਂ ਨੂੰ ਹੋਵੇਗਾ, ਜਿੱਥੇ ਮਾਲੀ ਨੁਕਸਾਨ ਹੈ, ਉਥੇ ਕਲਾਕਾਰਾਂ ਦੇ ਹੁਨਰ ਨੂੰ ਵੀ ਠੇਸ ਪੁੱਜਦੀ ਹੈ। ਅਗਲੀ ਇਕੱਤਰਤਾ ਵਿਚ ਟੀ. ਵੀ. ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਥਾਈ ਰੂਪ ਵਿਚ ਨੇਪਰੇ ਚਾੜ੍ਹਿਆ ਜਾਵੇਗਾ। ਵਿਚਾਰ ਚਰਚਾ ਵਿਚ ਸ਼ਾਮਲ ਸਨ: ਗਾਇਕ ਸੁਖਵੰਤ ਸੁੱਖੀ, ਸੁਲਤਾਨ ਅਖਤਰ, ਡਾ. ਮੰਗਜੀਤ ਮੰਗਾ, ਹਰਜੀਤ ਜੀਤੀ, ਦਰਸ਼ਨ ਸਿੰਘ ਔਜਲਾ, ਗੁਰਦਿਆਲ ਸਿੰਘ ਨੂਰਪੁਰੀ, ਪ੍ਰੋ: ਬਲਜਿੰਦਰ ਸਿੰਘ, ਤਾਰਾ ਸਿੰਘ ਸਾਗਰ ਅਤੇ ਪੰਜਾਬੀ ਲੇਖਕ ਪ੍ਰਮਿੰਦਰ ਸਿੰਘ ਪ੍ਰਵਾਨਾ; ਅਮਰਜੀਤ ਜੌਹਲ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 408-500-7483



## ਅੰਬੇਦਕਰ ਟਾਈਮਜ਼ 6ਵੇਂ ਸਾਲ 'ਚ ਦਾਖਲ


ਜਲੰਧਰ- ਅੰਬੇਦਕਰ ਟਾਈਮਜ਼ 6ਵੇਂ ਸਾਲ ਵਿਚ ਦਾਖਲ ਹੋ ਗਿਆ ਹੈ। ਇਹ ਪੇਪਰ ਪ੍ਰਮੁੱਖ ਦਲਿਤ ਨੇਤਾ ਸਵਰਗੀ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਸਮਰਪਿਤ ਹੈ। ਇਸ ਪੇਪਰ ਦੇ ਮੁੱਖ ਸੰਪਾਦਕ ਇਕ ਪ੍ਰੌਢ ਪੱਤਰਕਾਰ ਸ੍ਰੀ. ਪ੍ਰੇਮ ਕੁਮਾਰ ਚੁੰਬਰ ਹਨ, ਜੋ ਦਲਿਤਾਂ ਨਾਲ ਸਬੰਧਤ ਮਾਮਲਿਆਂ ਦੇ ਮਾਹਿਰ ਹਨ ਅਤੇ ਵਿਦੇਸ਼ਾਂ ਵਿਚ ਦਲਿਤਾਂ ਦੀ ਆਵਾਜ਼ ਹਨ। ਮੀਡੀਆ ਤੋਂ ਬਿਨਾਂ ਸਮਾਜ ਵਿਚ ਜਾਗਰਤੀ ਸੰਭਵ ਨਹੀਂ ਹੈ। ਮਹਾਤਮਾ ਗਾਂਧੀ ਅਤੇ ਡਾ. ਅੰਬੇਦਕਰ ਵਰਗੀਆਂ ਉੱਚ ਸ਼ਖਸੀਅਤਾਂ ਨੇ ਵੀ ਆਪਣੇ ਉਦੇਸ਼ਾਂ ਦੇ ਪ੍ਰਚਾਰ ਲਈ ਆਪਣੀ ਕਿਸਮ ਦੇ ਮੀਡੀਆ ਦੀ ਸਫਲਤਾ ਪੂਰਵਕ ਵਰਤੋਂ ਕੀਤੀ।

ਅੰਬੇਦਕਰ ਟਾਈਮਜ਼ ਨੇ ਅਮਰੀਕਾ ਵਰਗੇ ਵਿਸ਼ਾਲ ਤੇ ਉਨਤ ਦੇਸ਼ ਵਿਚ ਵੀ ਦਲਿਤਾਂ ਵਿਚ ਚੇਤਨਾ ਦਾ ਦੌਰ ਜਾਰੀ ਰੱਖਿਆ ਹੋਇਆ ਹੈ ਅਤੇ ਅਨੇਕਾਂ ਤੰਗੀਆਂ ਤਕਲੀਫ਼ਾਂ ਦੇ ਬਾਵਜੂਦ ਇਹ ਲਗਾਤਾਰ ਸਫਲਤਾ ਦੀਆਂ ਮੰਜ਼ਲਾਂ ਤਹਿ ਕਰਦਾ ਹੋਇਆ ਅੱਗੇ ਵੱਧ ਰਿਹਾ ਹੈ। ਦਲਿਤ ਵਰਗਾਂ ਨੂੰ ਉਨਤ ਕਰਨ ਵਿਚ ਜੋ ਭੂਮਿਕਾ ਸੰਸਾਰ ਭਰ ਤੇ ਇਸਾਈ ਮਿਸ਼ਨਰੀਆਂ ਨੇ ਨਿਭਾਈ ਹੈ, ਉਹ ਬੇਮਿਸਾਲ ਹੈ।

ਇਸ ਲਈ ਦਲਿਤ ਵਰਗਾਂ ਵਿਚ ਚੇਤਨਾ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਵਾਲੇ ਮੀਡੀਆ ਦਾ ਵਿਕਾਸ ਸਾਡੇ ਲਈ ਬਹੁਤ ਖੁਸ਼ੀ ਦੀ ਗੱਲ ਹੈ।

ਅਸੀਂ ਇਸ ਪੱਤਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੂੰ ਵਧਾਈ ਦਿੰਦੇ ਹਾਂ ਤੇ ਕਾਮਨਾ ਕਰਦੇ ਹਾਂ ਕਿ ਇਹ ਪੇਪਰ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ। ਇਸਦੇ ਨਾਲ ਹੀ ਸਾਡੀ ਦੱਬੇ ਕੁਚਲੇ ਵਰਗ ਨੂੰ ਵੀ ਅਪੀਲ ਹੈ ਕਿ ਦਲਿਤ ਗਫਲਿਤ ਦੀ ਨੀਂਦ ਵਿਚੋਂ ਉਠਣ ਤੇ ਆਪਣੀ ਮੀਡੀਆ ਦੀ ਅਹਿਮੀਅਤ ਨੂੰ ਸਮਝਣ ਤੇ ਇਸ ਨੂੰ ਸਹਿਯੋਗ ਦੇਣ।

ਸਿੱਖਾਂ ਦੀ ਵਿਸ਼ਵ ਪੱਧਰ ਤੇ ਤਰੱਕੀ ਦਾ ਰਾਜ਼ ਉਨ੍ਹਾਂ ਦੀ ਮੀਡੀਆ ਪ੍ਰਤੀ ਜਾਗਰੂਕਤਾ ਹੀ ਹੈ। ਸਿੱਖ ਜਿਸ ਦੇਸ਼ ਵਿਚ 100 ਪਰਿਵਾਰ ਵੀ ਹਨ, ਉਹਨਾਂ ਨੇ ਵੀ ਆਪਣਾ ਅਖ਼ਬਾਰ ਚਲਾਇਆ ਹੋਇਆ ਹੈ। ਇਸ ਸਮੇਂ ਲੱਗਭੱਗ 1000 ਸਿੱਖ ਪੇਪਰ ਦੁਨੀਆਂ ਭਰ ਵਿਚ ਚੱਲ ਰਹੇ ਹਨ।



ਫਰੈਡੀ ਜੋਜ਼ਫ

## ਕਾਵਿ ਕਿਆਰੀ

ਕਾਵਿ ਕਿਆਰੀ

### ਇਨਸਾਨ ਬਣੇਂ ਤੈਨੂੰ ਤਾਂ

ਇਨਸਾਨ ਬਣੇਂ ਤੈਨੂੰ ਤਾਂ ਜਾਣਾਂ
ਕੋਈ ਹਿੰਦੂ ਐ ਕੋਈ ਮੁਸਲਿਮ ਹੈ
ਕੋਈ ਸਿੱਖ ਈਸਾਈ ਬਣ ਬੈਠਾ
ਕੋਈ ਚਾਲਬਾਜ਼ ਵੜ ਇਹਨਾਂ ਵਿੱਚ
ਵਿਦਵਾਨ ਕਸਾਈ ਬਣ ਬੈਠਾ
ਇਹਨਾਂ ਦੀਆਂ ਚਾਲਾਂ ਸਮਝਣ ਦਾ
ਬੁੱਧਵਾਨ ਬਣੇ ਤੈਨੂੰ ਤਾਂ ਜਾਣਾਂ
ਡੱਬ ਲੱਗੀਆਂ ਭੇਡਾਂ ਕਿਉਂ ਬਣਦੈਂ
ਇਨਸਾਨ ਬਣੇ ਤੈਨੂੰ ਤਾਂ ਜਾਣਾਂ....
ਪੈਸਾ ਤੇ ਸ਼ੋਹਰਤ ਭੁੱਖਿਆਂ ਦੇ
ਕਿਉਂ ਪਿੱਛੇ ਦੌੜ ਲਗਾਈ ਏ
ਹਰ ਜੁੱਗ ਵਿੱਚ ਸ਼ਕੁੰਨੀ ਲਾਣੇ ਨੇ
ਬੱਸ ਕੁੱਟਲ ਨੀਤੀ ਅਪਣਾਈ ਏ
ਸ਼ਤਰੰਜ ਖਿਡਾਰੀ ਲੋਕਾਂ ਲਈ
ਇਮਤਿਹਾਨ ਬਣੇ ਤੈਨੂੰ ਤਾਂ ਜਾਣਾਂ
ਡੱਬ ਲੱਗੀਆਂ ਭੇਡਾਂ....
ਇਹਨਾਂ ਹੀ ਬਾਬੇ ਨਾਨਕ ਨੂੰ
ਜਿਹਨਾਂ ਵਿੱਚ ਬੰਦ ਕਰਵਾਇਆ ਸੀ
ਇਹਨਾਂ ਹੀ ਜੀਜਸ ਸੂਲੀ ਤੇ
ਧੱਕੇ ਨਾਲ ਚੜ੍ਹਾਇਆ ਸੀ
ਤੈਨੂੰ ਮੂਰਖ ਸਮਝਣ ਵਾਲਿਆਂ ਲਈ
ਸ਼ੈਤਾਨ ਬਣੇ ਤੈਨੂੰ ਤਾਂ ਜਾਣਾਂ
ਡੱਬ ਲੱਗੀਆਂ ਭੇਡਾਂ....
ਜਿਹੜਾ ਲਾਰਾ ਵੇਚੇ ਮੁਕਤੀ ਦਾ
ਉਹ ਖੁਦ ਵੀ ਮੁਕਤ ਨਹੀਂ ਹੋ ਸਕਿਆ
ਜਿਹੜੀ ਗੱਲ ਦਾ ਦੇਵੇ ਤੈਨੂੰ ਡਰ ਦੇਵੇ
ਉਹ ਖੁਦ ਵੀ ਉਸੇ ਵਿੱਚ ਫਸਿਆ
ਇਹ ਗੋਰਖ ਧੰਦਾ ਸਮਝਣ ਲਈ
ਬੁੱਧਵਾਨ ਬਣੇ ਤੈਨੂੰ ਤਾਂ ਜਾਣਾਂ
ਡੱਬ ਲੱਗੀਆਂ ਭੇਡਾਂ....
ਜਿਸ ਰੱਬ ਦੇ ਨਾ ਤੇ ਰੱਬ ਬਣਦੇ
ਉਹਨੂੰ ਸੋਚ ਭਲਾ ਕੀ ਚਾਹੀਦਾ
ਉਹਨੂੰ ਕੋਈ ਵੀ ਕੁਛ ਨਹੀਂ ਦੇ ਸਕਦਾ
ਜੋ ਮਾਲਕ ਕੁੱਲ ਖੁਦਾਈ ਦਾ
ਸੁਲਤਾਨ ਹਕੀਕਤ ਸਮਝਣ ਦਾ
ਮਹਿਮਾਨ ਬਣੇ ਤੈਨੂੰ ਤਾਂ ਜਾਣਾਂ
ਡੱਬ ਲੱਗੀਆਂ ਭੇਡਾਂ ਕਿਉਂ ਬਣਦਾ
ਇਨਸਾਨ ਬਣੇ ਤੈਨੂੰ ਤਾਂ ਜਾਣਾਂ...



ਸੁਲਤਾਨ ਅਖਤਰ
510-300-4736

### ਡੇਰਾ ਚੱਕ ਤੇ ਹਕੀਮ ਵਿੱਚ ਲਾ ਗਿਆ

ਡੇਰਾ ਚੱਕ ਤੇ ਹਕੀਮ ਵਿੱਚ ਲਾ ਗਿਆ,
ਗੁਰੂ ਰਵਿਦਾਸ ਆਣ ਕੇ।
ਦੁੱਖ, ਦੁਖੀਆਂ ਦੇ ਦੂਰ ਸੀ ਭਜਾ ਗਿਆ।
ਗੁਰੂ ਰਵਿਦਾਸ ਆਣ ਕੇ।

ਬੇਗਮਪੁਰੇ ਦਾ ਵਾਸੀ, ਯਾਤਰਾ 'ਤੇ ਆਇਆ ਸੀ,
ਥਾਂ-ਥਾਂ 'ਤੇ ਜਾ ਕੇ, ਸਾਨੂੰ ਬਾਣੀ ਲੜ ਲਾਇਆ ਸੀ।
ਉਚ-ਨੀਚ ਵਾਲਾ ਭੇਦ ਮਿਟਾ ਗਿਆ।
ਗੁਰੂ ਰਵਿਦਾਸ ਆਣ ਕੇ।
ਡੇਰਾ ਚੱਕ ਤੇ ਹਕੀਮ ਵਿੱਚ ਲਾ ਗਿਆ।

ਮਨਾਂ ਦੀ ਸੁਧਾਈ ਵਾਲਾ, ਬੀੜਾ ਆਪੇ ਚੁੱਕਿਆ,
ਸੱਚ ਦਾ ਪੁਜਾਰੀ, ਝੂਠ ਅੱਗੇ ਨਾ ਸੀ ਝੁਕਿਆ।
ਸੱਚ ਵਾਲਾ ਉਹ ਤਾਂ ਸੰਖ ਵਜਾ ਗਿਆ।
ਗੁਰੂ ਰਵਿਦਾਸ ਆਣ ਕੇ।
ਡੇਰਾ ਚੱਕ ਤੇ ਹਕੀਮ ਵਿੱਚ ਲਾ ਗਿਆ।

ਝੂਠ ਤੇ ਕਪਟ ਵਾਲਾ ਬੜਾ ਬੋਲ-ਬਾਲਾ ਸੀ,
ਬੰਦਾ ਜੋ ਕਪਟ ਵਿੱਚ ਹੋਇਆ ਮਤਵਾਲਾ ਸੀ।
ਸਿੱਧੇ ਰਸਤੇ 'ਤੇ ਉਸ ਤਾਈਂ ਪਾ ਗਿਆ।
ਗੁਰੂ ਰਵਿਦਾਸ ਆਣ ਕੇ।
ਡੇਰਾ ਚੱਕ ਤੇ ਹਕੀਮ ਵਿੱਚ ਲਾ ਗਿਆ।

ਦਵਾਈ ਦਾਰੂ ਵਾਲਾ ਇਹ ਤਾਂ ਬਣ ਗਿਆ ਗੜ੍ਹ ਜੀ,
ਦੁੱਖ ਦੂਰ ਹੋਏ, ਆਇਆ ਹੋਇਆ ਪਹਿਲਾਂ ਹੜ੍ਹ ਸੀ।
ਮਨਾਂ-ਸਰੀਰਾਂ ਦੇ ਉਹ ਦੁੱਖੜੇ ਮਿਟਾ ਗਿਆ।
ਗੁਰੂ ਰਵਿਦਾਸ ਆਣ ਕੇ।
ਡੇਰਾ ਚੱਕ ਤੇ ਹਕੀਮ ਵਿੱਚ ਲਾ ਗਿਆ।

ਖੂਹੀ ਸਾਹਿਬ ਵਾਲਾ ਕੀਤਾ ਗਿਆ ਨਿਰਮਾਣ ਏ,
ਪਰਸ਼ੋਤਮ ਨੂੰ ਉਥੋਂ ਦਿਆਂ ਸੇਵਕਾਂ 'ਤੇ ਮਾਣ ਏ।
ਸਰੋਏ ਨੂੰ ਤਾਂ ਉਥੋਂ ਦਿਆਂ ਸੇਵਕਾਂ 'ਤੇ ਮਾਣ ਏ।
ਬਾਣੀ ਵਾਲਾ ਵੀ ਖਜ਼ਾਨਾ ਉੱਥੇ ਆ ਗਿਆ।
ਗੁਰੂ ਰਵਿਦਾਸ ਆਣ ਕੇ।
ਡੇਰਾ ਚੱਕ ਤੇ ਹਕੀਮ ਵਿੱਚ ਲਾ ਗਿਆ।



ਪਰਸ਼ੋਤਮ ਲਾਲ ਸਰੋਏ
92175-44348

### ਮਾਧੋਪੁਰ ਦੀ ਧਰਤੀ

ਮਾਧੋਪੁਰ ਦੀ ਧਰਤੀ ਦਾ, ਚਲੋ ਕਰੀਏ ਜਾ ਦੀਦਾਰ,
ਮੰਦਰ ਸੋਹਣਾ ਸਤਿਗੁਰਾਂ ਦਾ ਜਿੱਥੇ ਹੁੰਦਾ ਹੈ ਪ੍ਰਚਾਰ।

ਸੁਣਿਆ ਮੈਂ ਤਾਂ ਨੂਰ ਇਲਾਹੀ,
ਸੀ ਇਸ ਧਰਤੀ 'ਤੇ ਆਇਆ,
ਪਿਤਾ ਸੰਤੋਖ ਦਾ ਲਾਡਲਾ ਸੀ,
ਜੋ ਮਾਂ ਕਲਸਾਂ ਦਾ ਜਾਇਆ।
ਸ਼ਰਨਾਂ ਤਾਈ ਮੇਰਾ ਸਤਿਗੁਰ ਦਿੰਦਾ,
ਝੋਲੀਆਂ ਭਰ ਪਿਆਰ।
ਮਾਧੋਪੁਰ ਦੀ ਧਰਤੀ ਦਾ, ਚਲੋ ਕਰੀਏ ਜਾ ਦੀਦਾਰ।

ਜਲੰਧਰ ਫਗਵਾੜਾ ਮੇਨ ਰੋਡ ਤੋਂ,
ਰਸਤਾ ਇਸ ਵੱਲ ਜਾਂਦਾ,
ਦਰਸ਼ਨ ਕਰ ਕੇ ਆਵੇ, ਜਿਸ ਦੇ ਵੀ,
ਹੈ ਮਨ ਨੂੰ ਭਾਉਂਦਾ।

ਨਾਂਅ ਹੈ ਇਹਦਾ ਗਿਣਿਆ ਜਾਂਦਾ,
ਵਿੱਚ ਸਾਰੇ ਸੰਸਾਰ।
ਮਾਧੋਪੁਰ ਦੀ ਧਰਤੀ ਦਾ, ਚਲੋ ਕਰੀਏ ਜਾ ਦੀਦਾਰ।

ਚੱਕ-ਹਕੀਮ ਤੋਂ ਫੇਰਾ ਪਾ ਕੇ, ਸਤਿਗੁਰੂ ਏਥੇ ਆਏ,
ਉਪਦੇਸ਼ ਦਿੱਤਾ ਉਨ੍ਹਾਂ ਸ਼ਭਨਾਂ ਨੂੰ,
ਸ਼ਭਨਾਂ ਦੇ ਮਨ ਸੀ ਭਾਏ। 2।
ਸ਼ਭਨਾਂ ਦੇ ਦਿਲਾਂ ਵਿੱਚ ਵੱਸਦਾ,
ਹੈ ਉਨ੍ਹਾਂ ਲਈ ਸਤਿਕਾਰ। 2।
ਮਾਧੋਪੁਰ ਦੀ ਧਰਤੀ ਦਾ, ਚਲੋ ਕਰੀਏ ਜਾ ਦੀਦਾਰ।

ਪਰਸ਼ੋਤਮ ਦੇਖੋ ਸਤਿਗੁਰਾਂ ਦੀ, ਕੇਡੀ ਵੱਡੀ ਮਾਇਆ,
ਲਾਇਬ੍ਰੇਰੀ ਵੀ ਖੁੱਲ੍ਹ ਗਈ, ਹੁਣ ਤਾਂ ਬਦਲ ਗਈ ਹੈ ਕਾਇਆ।
ਸਤਿਗੁਰਾਂ ਦੀ ਬਾਣੀ ਦਾ, ਏਥੋਂ ਮਿਲਣ ਲੱਗਾ ਭੰਡਾਰ।
ਮਾਧੋਪੁਰ ਦੀ ਧਰਤੀ ਦਾ, ਚਲੋ ਕਰੀਏ ਜਾ ਦੀਦਾਰ।

### 'ਕਾਂਸ਼ੀ ਰਾਮ ਦੇ ਨੇ ਸਹੀ ਵਿਚਾਰ ਲੋਕੋ!'

'ਕਾਂਸ਼ੀ ਰਾਮ ਦੇ ਨੇ ਸਹੀ ਵਿਚਾਰ ਲੋਕੋ!'
ਜ਼ਾਤ ਅਸੀ ਨਾ ਬਣਾਈ ਨਾ ਫੈਲਾਂਵਦੇ ਹਾਂ,
ਅਸੀ ਹਾਂ ਇਹਦੇ ਸ਼ਿਕਾਰ ਲੋਕੋ!
ਸਾਨੂੰ ਝੂਠ ਦੇ ਸਹਾਰੇ ਦੀ ਲੋੜ ਕੀਆ,
ਸਾਡੇ ਕੋਲ ਹੈ ਸੱਚ ਬੇ-ਸ਼ੁਮਾਰ ਲੋਕੋ!
ਅਸੀਂ ਸਮਤਾ-ਸਮਾਨਤਾ ਭਾਈਚਾਰਾ,
ਚਾਹੁੰਦੇ ਹਾਂ ਲੋਕਾਂ ਵਿਚਕਾਰ ਲੋਕੋ!
ਅਸੀਂ ਆਪਣੇ ਦਿਮਾਗ,ਪੈਸੇ,ਜ਼ੋਰ ਉਤੇ,
ਅੱਗੇ ਵਧਣਾ ਹੈ ਸ਼ਰੇ ਬਜ਼ਾਰ ਲੋਕੋ!
'ਬੰਦੇ' ਦਾ ਪੁੱਤ' ਬਣਾਉਣ ਲਈ ਜ਼ਾਲਮਾ ਨੂੰ,
ਬਣੋ 'ਬੰਦੇ' ਕਮਜ਼ੋਰੀਆਂ ਮਾਰ ਲੋਕੋ!
ਚਿਹਰਾ ਕਿਸਦਾ ਬੋਲਦਾ ਕੌਣ ਇੱਥੇ,
ਵੇਖਣਾ ਹੋਵੇਗਾ ਲੰਮੀ ਨਿਗਾਹ ਮਾਰ ਲੋਕੋ!
ਸੂਝ-ਬੂਝ ਨਾਲ ਫੈਂਸਲੇ ਲਊ ਤੁਸੀਂ,
ਚੰਗੀ ਤਰਾਂ ਸੋਚ-ਵਿਚਾਰ ਲੋਕੋ!"
ਮੇਜਰ' ਪੜ੍ਹੋ-ਸੁਣੋ ਨਾਲ ਧਿਆਨ ਤੁਸੀਂ,
ਕਾਂਸ਼ੀ ਰਾਮ ਦੇ ਨੇ ਸਹੀ ਵਿਚਾਰ ਲੋਕੋ!



ਮੇਜਰ ਸਿੰਘ ਬੁਢਲਾਡਾ
94176 - 42327
90414- 06713

### 'ਲੋਕੋ ਸਹਿਬ ਕਾਂਸ਼ੀ ਰਾਮ ਜੀ'

ਲੋਕੋ ਸਹਿਬ ਕਾਂਸ਼ੀ ਰਾਮ ਜੀ, ਗਏ ਜੱਗ ਤੇ ਨਾਂ ਚਮਕਾਅ।
ਉਹ ਭਟਕੇ ਹੋਏ ਸਮਾਜ ਨੂੰ, ਗਏ ਸਿੱਧੇ ਰਾਹੇ ਪਾ।
ਉਹ ਤੋੜੇ ਗਏ ਲੋਕਾਂ ਨੂੰ ਜੋੜਕੇ, ਰਿਹਾ ਸੀ ਇਕ ਸਮਾਜ ਬਣਾਅ।
ਉਹਨੇ ਬ੍ਰਹਮਣਵਾਦੀ ਲੋਕਾਂ ਨੂੰ,ਦਿਤਾ ਸੀ ਚਿੰਤਾ ਦੇ ਵਿਚ ਪਾ।
ਛੱਡ ਕੇ 1965 ਵਿਚ ਨੌਕਰੀ, ਨਾਲੇ ਘਰ-ਬਾਰ ਭੈਣ-ਭਰਾਅ।
ਮਾਂ-ਪਿਉ ਤਿਆਗਕੇ ਰਿਸ਼ਤੇਦਾਰੀਆਂ, 'ਕਫ਼ਨ' 'ਸਿਹਰੇ' ਦੀ ਥਾਂ ਬੰਨ ਲਿਆ।
ਉਹਨੇ ਕੌਮ ਦੀ ਖ਼ਾਤਰ ਦੋਸਤੋ! ਦਿਤੀ ਸੀ ਜ਼ਿੰਦਗੀ ਦਾਅ ਤੇ ਲਾ।
ਇਕੱਠਾ ਕਰ ਸਮਾਜ ਆਪਣਾ, ਉਹਨੇ ਦਿਤਾ ਸੀ ਇਤਿਹਾਸ ਸਮਝਾ।
ਤੁਸੀਂ ਮਾਲਕ ਸੀ ਕਦੇ ਦੇਸ਼ ਦੇ, ਕਿਉਂ ਬੈਠੇ ਆਪਣਾ ਆਪ ਭੁਲਾਅ।
ਸਾਨੂੰ ਜ਼ਾਤਾ-ਪਾਤਾਂ ਵਿਚ ਵੰਡਕੇ, 'ਮਨੂੰਆਂ' ਰੱਖਿਆ ਗੁਲਾਮ ਬਣਾਅ।
ਤੁਸੀਂ ਜ਼ਾਤਾਂ-ਪਾਤਾਂ ਨੂੰ ਤੋੜਕੇ, ਦਿਉ ਦੂਈ-ਦਵੈਤ ਮਿਟਾਅ।
ਇਕੱਠੇ ਹੋ ਜੋ ਮੂਲ ਨਿਵਾਸੀਓ! ਮੁੜਕੇ ਵੇਲਾ ਗਿਆ ਫਿਰ ਆ।
ਰਾਜ-ਭਾਗ ਹੱਥਾਂ ਵਿਚ ਲੈ ਲਵੋ, ਨਾ ਦਿਉ ਵਕਤ ਲੰਘਾਅ।
ਮੁੜਕੇ ਆਵੇ ਨਾ ਆਵੇ ਮੇਜਰਾ! ਵੇਲਾ ਜੇ ਹੁਣ ਖੁੰਝ ਗਿਆ।

ਦੇਸ਼ ਦੁਆਬਾ

11 ਮਈ ਦਾ ਦਿਨ ਪੂਰੇ ਵਿਸ਼ਵ ਵਿਚ 'ਮਦਰ ਡੇਅ' (ਮਾਂ ਦਾ ਦਿਨ) ਵਜੋਂ ਮਨਾਇਆ ਗਿਆ ਤੇ ਹਾਲੇ ਵੀ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਨਾਲ-ਨਾਲ ਸਾਹਿਤ ਸਭਾਵਾਂ ਮਨਾ ਰਹੀਆਂ ਹਨ। ਮਾਂ ਸ਼ਬਦ ਬੜਾ ਮਹਾਨ ਹੈ, ਉਹ ਇਸ ਕਰਕੇ ਕਿ ਮਾਂ ਬਹੁਤ ਮਹਾਨ ਹੈ। ਇਸ ਕਰਕੇ ਪੁਰਾਤਨ ਕਾਲ ਤੋਂ ਹੁਣ ਤੱਕ ਭਾਰਤ ਵਿਚ ਆਪਣੀ ਜਨਮ ਭੂਮੀ ਨੂੰ ਮਾਤਰ ਭੂਮੀ (ਮਦਰ ਲੈਂਡ) ਤੇ ਉਥੋਂ ਦੀ ਭਾਸ਼ਾ ਜੋ ਜਨਮ ਤੋਂ ਬੱਚਾ ਸਿੱਖਦਾ ਹੈ ਉਸਨੂੰ ਮਾਂ ਬੋਲੀ ਕਿਹਾ ਜਾਂਦਾ ਹੈ।

ਪਿਤਾ ਅਤੇ ਮਾਤਾ ਮਿਲਾਪ ਰਾਹੀਂ ਹਰ ਇਨਸਾਨ ਇਸ ਸੰਸਾਰ ਵਿਚ ਆਇਆ, ਪ੍ਰੰਤੂ ਮਾਂ ਦਾ ਆਪਣੇ ਬੱਚੇ ਨਾਲ ਜਾਂ ਬੱਚੇ ਦਾ ਆਪਣੀ ਮਾਂ ਨਾਲ ਜੋ ਮੋਹ ਹੁੰਦਾ ਹੈ, ਉਤਨਾ ਬਾਪ ਦਾ ਨਹੀਂ ਨਜ਼ਰ ਆਉਂਦਾ ਹੈ।

ਮਾਂ ਦੀ ਬੱਚੇ ਨੂੰ ਗਰਭ 'ਚ ਰੱਖਣ ਤੋਂ ਜਨਮ ਤੱਕ ਦੀ ਪੀੜਾ ਅਤੇ ਉਸ ਉਪਰੰਤ ਉਮਰ ਭਰ ਆਪਣੇ ਬੱਚੇ ਪ੍ਰਤੀ ਬਚਪਨ ਤੋਂ ਬੁਢੇਪੇ ਤੱਕ ਉਸਦਾ ਮੋਹ/ ਮਮਤਾ ਦਾ ਅਸੀਂ ਮੁੱਲ ਨਹੀਂ ਚੁਕਾ ਸਕਦੇ। ਇਸੇ ਲਈ ਤਾਂ ਸੱਚੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਨੇ ਤਾਂ ਸ਼ਬਦ ਉਚਾਰਨ ਕੀਤਾ ਹੈ ਕਿ 'ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ'। ਭਗਵਾਨ ਵਾਲਮੀਕ ਜੀ ਦਾ ਕਹਿਣਾ ਹੈ ਕਿ 'ਜਨਨੀ ਅਤੇ ਜਨਮ ਭੂਮੀ ਸਵਰਗ ਤੋਂ ਵੀ ਉੱਤਮ ਹੈ'। ਇਸ ਤੋਂ ਸਿੱਧਾ ਭਾਵ ਇਹ ਨਿਕਲਦਾ ਹੈ ਕਿ ਜਿਸ ਸਵਰਗ 'ਚ ਰਿਸ਼ੀ ਮੁਨੀ, ਅਵਤਾਰ, ਦੇਵੀ-ਦੇਵਤੇ ਖੁਦ ਜਾਣ ਲਈ ਤਰਸਦੇ ਜਾਂ ਪਾਖੰਡੀ ਬਾਬੇ ਭੋਲੇ ਭਾਲੇ ਲੋਕਾਂ ਨੂੰ ਸਵਰਗ ਨਰਕ ਦੀਆਂ ਪੁੱਠੀਆਂ ਕਹਾਣੀਆਂ ਸੁਣਾ-ਸੁਣਾ ਕੇ ਬੇਵਕੂਫ ਬਣਾ ਰਹੇ ਹਨ, ਉਹ ਲੋਕ ਆਪਣੀ ਮਾਂ ਦੀ ਅਹਿਮੀਅਤ ਤੋਂ ਨਾਵਾਕਫ ਲੱਗਦੇ ਹਨ।

ਜੋ ਜਨਣੀ (ਮਾਂ, ਜਿਸ ਦੀ ਕੁੱਖੋਂ ਅਸੀਂ ਪੈਦਾ ਹੋਏ ਹਾਂ) ਅਤੇ ਜਨਮ ਭੂਮੀ ਜਿਸ ਧਰਤੀ ਤੇ ਪੈਦਾ ਹੋਏ ਹਾਂ, ਉਹ ਸਵਰਗ ਤੋਂ ਵੀ ਉੱਤਮ ਹੈ। ਗੁਰਬਾਣੀ ਵੀ ਵਾਰ-ਵਾਰ ਪੁਕਾਰ ਕੇ ਕਹਿੰਦੀ ਹੈ ਕਿ ਮਾਤਾ-ਪਿਤਾ ਦੀ ਸੇਵਾ ਉੱਤਮ ਹੈ।ਕਿਸੇ ਵੀ ਬਿਪਤਾ ਵੇਲੇ ਜਾਂ ਕੋਈ ਸੱਟ ਚੋਟ ਲੱਗਣ ਵੇਲੇ ਹਰ ਵਿਅਕਤੀ ਦੇ ਅੰਦਰੋਂ ਹਾਏ ਮਾਂ ਦੀ ਆਵਾਜ਼ ਨਿਕਲਦੀ ਹੈ। ਉਸ ਤੋਂ ਬਾਅਦ 'ਹਾਏ ਓ ਰੱਬਾ' ਦੀ ਆਵਾਜ਼ ਆਉਂਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬੱਚੇ ਨੂੰ ਜਨਮ ਦੇਣਾ ਮਾਂ ਦਾ ਦੂਸਰਾ ਜਨਮ ਹੁੰਦਾ ਹੈ, ਭਾਵ ਕਿ ਉਸ ਦੀ ਪੀੜਾ ਅਕਹਿ ਹੈ।

ਪ੍ਰੰਤੂ ਕੁਝ ਸ਼ਰਾਰਤੀ ਅਨਸਰ ਧਾਰਮਿਕ ਬਾਣਿਆਂ 'ਚ ਔਰਤ ਵਰਗ ਨਾਲ ਖਿਲਵਾੜ ਕਰਦੇ ਆਏ ਤੇ ਕਰ ਰਹੇ ਹਨ। ਇਹੋ ਜਿਹੇ ਧਾਰਮਿਕ ਬਾਬਿਆਂ, ਧਾਰਮਿਕ ਆਗੂਆਂ ਨੇ ਜਿੱਥੇ ਇਨਸਾਨ-ਇਨਸਾਨ ਵਿਚ ਵੰਡੀਆਂ ਪਾਈਆਂ, ਉਥੇ ਬੇਜ਼ੁਬਾਨ ਜਾਨਵਰਾਂ 'ਚ ਵੀ ਵੰਡੀਆਂ ਪਾ ਦਿੱਤੀਆਂ। ਇਸੇ ਲਈ ਤਾਂ ਸਤਿਗੁਰੂ ਕਬੀਰ ਸਾਹਿਬ ਜੀ ਦਾ ਕਹਿਣਾ ਹੈ:

ਕਿਆ ਬਕਰੀ ਕਿਆ ਗਾਇ, ਕਿਆ ਅਪਨਾ ਜਾਇਆ।
ਸਭ ਕਾ ਲੋਹੂ ਏਕ ਹੈ।

ਸਾਡਾ ਸ਼ੁਰੂ ਤੋਂ ਹੁਣ ਤੱਕ ਕਿਸੇ ਵੀ ਧਰਮ ਜਾਂ ਜਾਤੀ ਵਿਰੁੱਧ ਕੁਝ ਵੀ ਲਿਖਣ/ ਬੋਲਣ ਦੀ ਮਨਸ਼ਾ ਨਹੀਂ ਰਹੀ ਹੈ ਬਲਕਿ ਸਾਡੇ ਅੰਦਰ ਸਾਡੇ ਸਮਾਜ ਅੰਦਰ ਜੋ ਕੁਰੀਤੀਆਂ ਹਨ, ਨੂੰ ਦੁਰਕਾਰਨ ਦੀ ਲੋੜ ਹੁੰਦੀ ਹੈ। ਅੱਜ ਦਾ ਸਾਡਾ ਇਹ ਸੰਪਾਦਕੀ ਨੋਟ 'ਮਦਰ ਡੇਅ' ਨਾਲ ਸਬੰਧਤ ਹੈ। ਪਿਛਲੇ ਦਿਨੀਂ ਅਖੌਤੀ ਬਾਬਾ ਰਾਮਦੇਵ ਨੇ ਜੋ ਦਲਿਤ ਭਾਈਚਾਰੇ ਪ੍ਰਤੀ ਆਪਣਾ ਕਮੀਨਾਪਣ ਜ਼ਾਹਿਰ ਕਰਦਿਆਂ ਜੋ ਬਿਆਨ ਦਿੱਤਾ ਹੈ, ਉਸ ਦੀ ਵਿਰੋਧਤਾ ਨੂੰ ਲੈ ਕੇ ਭਾਰਤ ਅਤੇ ਭਾਰਤ ਤੋਂ ਬਾਹਰ ਜਿੱਥੇ-ਜਿੱਥੇ ਵੀ ਦਲਿਤ ਭਾਈਚਾਰੇ ਨਾਲ ਸਬੰਧਤ ਲੋਕ/ਸੰਸਥਾਵਾਂ ਹਨ, ਨੇ ਪੁਰਜ਼ੋਰ ਰਾਮਦੇਵ ਦੇ ਬਿਆਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਉਸ ਉਪਰ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਭਾਰਤ ਸਰਕਾਰ ਨੂੰ ਸਨਿਮਰ ਬੇਨਤੀ ਕੀਤੀ ਗਈ ਹੈ।

ਪਰ ਦੁੱਖ ਇਸ ਗੱਲ ਦਾ ਹੈ ਕਿ ਰਾਮਦੇਵ ਦੇ ਬਿਆਨ ਦੀ ਵਿਰੋਧਤਾ ਸਿਰਫ਼ ਦਲਿਤ ਭਾਈਚਾਰੇ ਵੱਲੋਂ ਹੀ ਕਿਉਂ ਤੇ ਬਾਕੀ ਭਾਈਚਾਰਿਆਂ ਵੱਲੋਂ ਕਿਉਂ ਨਹੀਂ ਕੀਤੀ ਗਈ। ਉਸ ਦੀ ਵਜ੍ਹਾ ਇਹੀ ਹੈ ਕਿ ਰਾਮਦੇਵ ਦੇ ਬਿਆਨ ਦਲਿਤ ਭਾਈਚਾਰੇ ਪ੍ਰਤੀ ਸੀ ਨਾ ਕਿ ਗੈਰ ਦਲਿਤ ਭਾਈਚਾਰੇ ਪ੍ਰਤੀ। ਕਿਸੇ ਵਿਰਲੇ ਹੀ ਗੈਰ ਦਲਿਤ ਨੇ ਨਿਖੇਧੀ ਕੀਤੀ ਹੋਵੇਗੀ ਪਰ ਅਸੀਂ ਉਸ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਪ੍ਰੰਤੂ ਕਿੰਨੇ ਉਹ ਲੋਕ ਹਨ ਜੋ ਇਹ ਗੱਲ ਸਮਝਦੇ ਹਨ ਕਿ ਰਾਮਦੇਵ ਦੀ ਸ਼ਰਮਨਾਕ ਬਿਆਨਬਾਜ਼ੀ ਦਲਿਤਾਂ ਪ੍ਰਤੀ ਨਹੀਂ ਬਲਕਿ ਔਰਤਾਂ ਪ੍ਰਤੀ ਹੈ। ਹੁਣ ਇੱਥੇ ਫਿਰ ਇਹ ਸਵਾਲ ਉਠਦਾ ਹੈ ਕਿ ਇਹ ਕਮੀਨੀ ਬਿਆਨਬਾਜ਼ੀ ਦਲਿਤ ਔਰਤਾਂ ਬਾਰੇ ਹੈ ਨਾ ਕਿ ਗੈਰ-ਦਲਿਤ ਔਰਤਾਂ ਬਾਰੇ। ਪਰ ਔਰਤ ਤਾਂ ਔਰਤ ਹੈ, ਉਹ ਚਾਹੇ ਕਿਸੇ ਧਰਮ/ ਵਰਗ, ਜਾਤ ਦੀ ਹੀ ਕਿਉਂ ਨਾ ਹੋਵੇ। ਕੀ ਸੱਚੇ ਮਹਾਂਪੁਰਸ਼/ ਗੁਰੂਆਂ ਨੇ ਕਿਸੇ ਖਾਸ ਵਿਸ਼ੇਸ਼ ਵਰਗ ਦੀਆਂ ਔਰਤਾਂ ਦੇ ਭਲੇ ਦੀ ਗੱਲ ਕੀਤੀ ਸੀ? ਉਹਨਾਂ ਨੇ ਤਾਂ ਸਮੂਹ ਔਰਤ ਵਰਗ ਦਾ ਭਲਾ ਚਾਹਿਆ ਸੀ। ਦੁੱਖ ਵਿਚ ਦੁੱਖ ਦਾ ਹੋਰ ਵਾਧਾ ਤਾਂ ਉਦੋਂ ਵੀ ਹੋਰ ਹੋ ਜਾਂਦਾ ਹੈ, ਜਦੋਂ ਗੈਰ ਦਲਿਤ ਵਰਗ ਦੀਆਂ ਔਰਤਾਂ ਸ਼ਾਇਦ ਇਹ ਸੋਚ ਕੇ ਆਵਾਜ਼ ਨਹੀਂ ਉਠਾ ਰਹੀਆਂ ਕਿ ਇਹ ਤਾਂ ਗਲਤ ਬਿਆਨਬਾਜ਼ੀ ਦਲਿਤ ਔਰਤਾਂ ਪ੍ਰਤੀ ਹੈ, ਨਾ ਕਿ ਉਹਨਾਂ ਵਾਸਤੇ।

ਅਦਾਰਾ ''ਦੇਸ਼ ਦੁਆਬਾ'' ਸਮੂਹ ਇਨਸਾਨ, ਇਨਸਾਫ ਪ੍ਰੇਮੀਆਂ ਖਾਸ ਕਰਕੇ ਸਮੂਹ ਔਰਤ ਵਰਗ ਦੀਆਂ ਮਾਤਾਵਾਂ, ਭੈਣਾਂ, ਬੱਚੀਆਂ ਨੂੰ ਸਨਿਮਰ ਬੇਨਤੀ ਕਰਦਾ ਹੈ ਕਿ ਇਹੋ ਜਿਹੇ ਰਾਮਦੇਵ ਵਰਗੇ ਅਖੌਤੀ ਬਾਬਿਆਂ ਦਾ ਮੂੰਹ ਤੋੜ ਜਵਾਬ ਦੇਣ ਦੇ ਨਾਲ-ਨਾਲ ਉਸ ਉਪਰ ਕਾਨੂੰਨੀ ਕਾਰਵਾਈ ਕਰਨ ਲਈ ਭਾਰਤ ਸਰਕਾਰ ਨੂੰ ਸਨਿਮਰ ਬੇਨਤੀ ਕਰੀਏ ਅਤੇ ਜਦੋਂ ਕਦੇ ਵੀ ਅਜਿਹੇ ਢੌਂਗੀ ਬਾਬੇ ਬਾਹਰਲੇ ਮੁਲਕਾਂ ਵਿਚ ਆਉਂਦੇ ਹਨ ਤਾਂ ਉਥੋਂ ਦੀਆਂ ਸਰਕਾਰਾਂ ਨੂੰ ਵੀ ਕਾਨੂੰਨ ਵਿਚ ਰਹਿੰਦਿਆਂ ਸਨਿਮਰ ਬੇਨਤੀ ਕਰੀਏ ਕਿ ਇੱਥੋਂ ਦੇ ਬਣਦੇ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇ ਤਾਂ ਕਿ ਕੋਈ ਸ਼ਖਸ ਕਿਸੇ ਵੀ ਧੀ-ਭੈਣ, ਮਾਂ ਦੀ ਇੱਜ਼ਤ ਦਾ ਇਸ ਤਰ੍ਹਾਂ ਮਜ਼ਾਕ ਨਾ ਉਡਾ ਸਕੇ। ਅਜਿਹਾ ਸਾਡਾ ਮਦਰ ਡੇਅ 'ਤੇ ਪ੍ਰਣ ਹੋਣਾ ਚਾਹੀਦਾ ਹੈ। ਇਕ ਵਾਰ ਫਿਰ ਅਦਾਰਾ ''ਦੇਸ਼ ਦੁਆਬਾ'' ਅਤੇ ''ਅੰਬੇਦਕਰ ਟਾਈਮਜ਼'' ਮਦਰ ਡੇਅ ਉਤੇ ਸਭਨਾਂ ਸਤਿਕਾਰਯੋਗ ਮਾਤਾਵਾਂ ਨੂੰ ਕੋਟਿਨ ਕੋਟਿ ਪ੍ਰਣਾਮ ਕਰਦਾ ਹੈ।

– ਤਰਸੇਮ ਜਲੰਧਰੀ

# ਬੁੱਧ ਧਰਮ ਤੇ ਭਾਰਤੀ ਸਮਾਜ

ਭੰਤੇ ਆਨੰਦ ਕੌਸ਼ੱਲਿਆਨ

ਬਹੁਤ ਸਾਰੇ ਲੋਕ ਅੱਜਕਲ੍ਹ ਇਹ ਕਹਿਣ ਲੱਗ ਪਏ ਹਨ ਕਿ ਧਰਮ ਆਦਮੀ ਦੀ ਨਿੱਜੀ ਮਾਮਲਾ ਹੈ। ਧਰਮ ਨੂੰ ਆਮ ਜੀਵਨ ਵਿਚ ਦਖਲ ਨਹੀਂ ਦੇਣਾ ਚਾਹੀਦਾ। ਇਹ ਗੱਲ ਦੂਜੇ ਧਰਮਾਂ ਬਾਰੇ ਤਾਂ ਠੀਕ ਵੀ ਹੋ ਸਕਦੀ ਹੈ ਅਤੇ ਨਹੀਂ ਵੀ ਹੋ ਸਕਦੀ, ਠੀਕ ਹੋਣ ਦੀ ਹੀ ਵੱਧ ਸੰਭਾਵਨਾ ਹੈ, ਪਰ ਬੁੱਧ ਧਰਮ ਉਤੇ ਇਹ ਬਿਲਕੁਲ ਲਾਗੂ ਨਹੀਂ ਹੁੰਦੀ, ਕਿਉਂਕਿ ਬੁੱਧ ਧਰਮ ਅਸਲ ਵਿਚ ਅਤੇ ਲਾਜ਼ਮੀ ਤੌਰ ਤੇ ਹੈ ਹੀ ਇਕ ਸਮਾਜਿਕ ਧਰਮ ਹੈ। ਭਗਵਾਨ ਬੁੱਧ ਦਾ ਧਰਮ ਜੇਕਰ ਸ਼ੀਲ (ਸਦਾਚਾਰ) ਦਾ ਸਾਕਾਰ ਰੂਪ ਨਹੀਂ ਤਾਂ ਕੁਝ ਵੀ ਨਹੀਂ ਹੈ। ਭਗਵਾਨ ਬੁੱਧ ਦੇ ਧਰਮ ਦਾ ਮਤਲਬ ਹੈ ਮਨੁੱਖੀ ਜੀਵਨ ਦੇ ਸਾਰੇ ਖੇਤਰਾਂ ਵਿਚ ਆਦਮੀ ਦੇ ਆਦਮੀ ਵਿਚਕਾਰ ਚੰਗੇ ਸਬੰਧ ਕਾਇਮ ਕਰਨਾ।

ਆਦਮੀ ਜੇ ਇਕੋ ਹੀ ਥਾਂ ਤੇ ਇਕੱਲਾ ਹੀ ਰਹਿੰਦਾ ਹੈ ਤਾਂ ਉਸ ਨੂੰ ਧਰਮ ਦੀ ਬਿਲਕੁਲ ਲੋੜ ਨਹੀਂ। ਪਰ ਜੇ ਇਕ ਤੋਂ ਵੱਧ ਆਦਮੀ ਕਿਸੇ ਇਕੋ ਥਾਂ ਰਹਿੰਦੇ ਹੋਣ ਤਾਂ ਉਹਨਾਂ ਵਿਚਾਲੇ ਆਪਸੀ ਰਿਸ਼ਤਾ ਕਾਇਮ ਕਰਨ ਲਈ ਧਰਮ ਜ਼ਰੂਰੀ ਹੈ। ਉਹ ਇਸ ਤੋਂ ਬਚ ਨਹੀਂ ਸਕਦੇ। ਧਰਮ ਇਕ ਸਮਾਜੀ ਲੋੜ ਹੀ ਨਹੀਂ, ਸੁਲਝੇ ਹੋਏ ਸਮਾਜ ਦੀ ਲਾਜ਼ਮੀ ਜ਼ਿੰਮੇਵਾਰੀ ਵੀ ਹੈ। ਇਸ ਲਈ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਬੁੱਧ ਧਰਮ ਨੂੰ ਧਰਮ ਕਹਿੰਦਾ ਹੈ ਜਾਂ ਨਹੀਂ ਕਹਿੰਦਾ। ਮਹੱਤਤਾ ਦੀ ਗੱਲ ਤਾਂ ਇਹ ਸਮਝਣਾ ਹੈ ਕਿ ਕਿਸੇ ਵੀ ਸੁਲਝੇ ਹੋਏ ਸਮਾਜ ਦਾ ਕੋਈ ਬਿਨਾਂ ਧਰਮ (ਨੈਤਿਕਤਾ) ਤੋਂ ਚੱਲ ਹੀ ਨਹੀਂ ਸਕਦਾ।

ਜਦੋਂ ਭਗਵਾਨ ਬੁੱਧ ਆਪਣੇ ਵੇਲੇ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਂਦੇ ਸਨ ਤਾਂ ਉਨ੍ਹਾਂ ਦੀ ਸਭ ਤੋਂ ਵੱਧ ਖ਼ਤਰਨਾਕ ਆਲੋਚਨਾ, ਜਿਹੜੀ ਕੁਝ ਬ੍ਰਾਹਮਣ ਕਰਦੇ ਸਨ, ਉਹ ਇਹੋ ਸੀ ਕਿ ਇਹ ਸ਼੍ਰਮਣ ਗੌਤਮ ਪਿੰਡ ਪਿੰਡ ਜਾ ਕੇ ਇਹੋ ਆਖਦਾ ਫਿਰਦਾ ਹੈ ਕਿ ਸਾਰੇ ਵਰਣ ਸਮਾਨ ਰੂਪ ਨਾਲ ਸ਼ੁੱਧ ਹਨ ਜਾਂ ਉਹਨਾਂ ਵਿਚ ਸ਼ੁੱਧ ਹੋਣ ਦੀ ਸਮਾਨ ਹੈਸੀਅਤ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਬ੍ਰਾਹਮਣ ਨਾ-ਬਰਾਬਰੀ ਦੇ ਪੱਖੀ ਰਹੇ ਹਨ ਅਤੇ ਹੁਣ ਵੀ ਹਨ ਅਤੇ ਤਥਾਗਤ (ਭਗਵਾਨ ਬੁੱਧ) ਸੰਮਤਾ (ਬਰਾਬਰੀ) ਦੇ ਹਿਮੈਤੀ।

ਹਿੰਦੂ ਸਮਾਜ ਦਾ ਚਾਰ-ਵਰਣ ਸਿਸਟਮ ਨਾ ਸਿਰਫ ਨਾ ਬਰਾਬਰੀ ਤੇ ਹੀ ਕਾਇਮ ਰਿਹਾ ਹੈ ਬਲਕਿ ਉਸਦੀ ਨੀਂਹ ਦਰਜਾ ਵਾਰ ਨਾ-ਬਰਾਬਰੀ ਹੀ ਹੈ। ਦਰਜਾ ਵਾਰ ਨਾ-ਬਰਾਬਰੀ ਦਾ ਮਤਲਬ ਹੈ ਕਿ ਬ੍ਰਾਹਮਣ ਦੀ ਥਾਂ ਸਭ ਤੋਂ ਉੱਚੀ ਰਹੀ ਹੈ ਤੇ ਹੁਣ ਵੀ ਹੈ। ਖਤਰੀ ਦਾ ਦਰਜਾ ਬ੍ਰਾਹਮਣ ਤੋਂ ਨੀਵਾਂ ਪਰ ਵੈਸ਼ ਤੋਂ ਉੱਚਾ, ਵੈਸ਼ ਦਾ ਦਰਜਾ ਸ਼ੂਦਰ ਤੋਂ ਉੱਚਾ ਪਰ ਬ੍ਰਾਹਮਣ ਅਤੇ ਖਤਰੀ ਤੋਂ ਨੀਵਾਂ। ਸ਼ੂਦਰ ਵਿਚਾਰਾ ਸਦਾ ਹੀ ਇਸ ਹਿੰਦੂ ਸਮਾਜ ਦੀ ਪੌੜੀ ਦਾ ਆਖਰੀ ਤੇ ਸਭ ਤੋਂ ਹੇਠਲਾ ਪੌਡਾ ਬਣਿਆ ਰਿਹਾ ਹੈ। ਇਸ ਚੌਂਹ-ਵਰਨੇ ਸਮਾਜ ਦਾ ਇਕ ਖ਼ਤਰਨਾਕ, ਦੁਸ਼ਟਤਾ ਅਤੇ ਕਪਟ ਭਰਿਆ ਨਜ਼ਰੀਆ ਰਿਹਾ ਹੈ- ਸ਼ੂਦਰਾਂ ਨੂੰ ਸਿੱਖਿਆ ਤੋਂ ਵਾਂਝੇ ਰੱਖਿਆ ਜਾਏ। ਕੋਈ ਵੀ ਬ੍ਰਾਹਮਣ ਹਰ ਤਰ੍ਹਾਂ ਦੀ ਸਿੱਖਿਆ ਲੈ ਸਕਦਾ ਸੀ। ਖਤਰੀ ਮੁੱਖ ਰੂਪ ਵਿਚ ਯੁੱਧ-ਹਥਿਆਰਾਂ ਬਾਰੇ ਸਿੱਖਿਆ ਲੈ ਸਕਦਾ ਸੀ। ਵੈਸ਼ ਵਪਾਰਕ ਸਿੱਖਿਆ ਲੈ ਸਕਦਾ ਸੀ। ਪਰ ਜਿੱਥੋਂ ਤੱਕ ਸ਼ੂਦਰ ਦਾ ਸਬੰਧ ਸੀ, ਉਹ ਕਿਸੇ ਵੀ ਤਰ੍ਹਾਂ ਦੀ ਸਿੱਖਿਆ ਨਹੀਂ ਲੈ ਸਕਦਾ ਸੀ।

ਸਿਰਫ ਸ਼ੂਦਰਾਂ ਨੂੰ ਹੀ ਸਿੱਖਿਆ ਤੋਂ ਵਾਂਝਾ ਨਹੀਂ ਰੱਖਿਆ ਗਿਆ ਸੀ ਜਾਤ, ਨਿਰਪੱਖ ਸਾਰੀਆਂ ਔਰਤਾਂ ਨੂੰ ਵੀ ਵਿੱਦਿਆ ਹਾਸਲ ਕਰਨ ਤੋਂ ਵਾਂਝਾ ਰੱਖਿਆ ਗਿਆ ਸੀ। ਇਹੋ ਕਾਰਨ ਹੈ ਕਿ ਹਿੰਦੂ ਸਮਾਜ ਦੇ ਚੌਂਹ-ਵਰਣ ਆਦਰਸ਼ ਮੁਤਾਬਕ ਭਾਰਤ ਦੀ ਜਨਤਾ ਦਾ ਅੱਧੇ ਨਾਲੋਂ ਕਿਤੇ ਵੱਧ ਹਿੱਸਾ ਸਿੱਖਿਆ ਤੋਂ ਬਿਲਕੁਲ ਵਾਂਝਾ ਰਿਹਾ; ਹਿੰਦੂ ਸਮਾਜ ਦੀ ਇਸ ਚੌਂਹ-ਵਰਣੀ ਵੰਡ ਦੀ ਸਭਤੋਂ ਵੱਧ ਖ਼ਤਰਨਾਕ ਗੱਲ ਇਹ ਹੈ ਕਿ ਇਹ ਜਨਮ ਤੋਂ ਮਰਨ ਤੱਕ ਜਾਰੀ ਰਹਿਣ ਵਾਲੀ ਵੰਡ ਹੈ। ਇਕ ਵਾਰ ਬ੍ਰਾਹਮਣ ਦੇ ਘਰ ਜੰਮ ਪਿਆ, ਮਰਨ ਤੱਕ ਬ੍ਰਾਹਮਣ ਭਾਵੇਂ ਕਿੰਨਾ ਵੀ ਭਿਆਨਕ ਪਾਪ ਕਿਉਂ ਨਾ ਕਰੇ। ਇਕ ਵਾਰ ਸ਼ੂਦਰ ਹਮੇਸ਼ਾ ਲਈ ਸ਼ੂਦਰ, ਭਾਵੇਂ ਉਹ ਕਿੰਨਾ ਵੀ ਵੱਡਾ ਪੁੰਨ ਦਾ ਕੰਮ ਕਿਉਂ ਨਾ ਕਰੇ, ਸ਼ੂਦਰ ਹੀ ਰਹੇਗਾ।

ਭਾਰਤੀ ਸਮਾਜ ਦੀ ਅਜਿਹੀ ਨਾ-ਬਰਾਬਰੀ ਦੀ ਹਾਲਤ ਵਿਚ ਭਗਵਾਨ ਬੁੱਧ ਦਾ ਧਰਮ ਹੀ ਮਹਾਨ ਸੇਵਾ ਕਰ ਸਕਦਾ ਹੈ। ਬੁੱਧ ਧਰਮ ਵਿਅਕਤੀ ਦੇ ਸਵੈ-ਵਿਕਾਸ ਲਈ ਮਾਨਵ ਵੱਲੋਂ ਮਿੱਥਿਆ ਗਿਆ ਸਭ ਤੋਂ ਵਧੀਆ ਸਾਧਨ ਹੈ। ਜੇ ਆਦਮੀ ਇਸ ਨੂੰ ਅਪਣਾ ਲਵੇ ਤਾਂ ਉਸ ਨੂੰ ਫਿਰ ਕਿਸੇ ਚੀਜ਼ ਦੀ ਲੋੜ ਨਹੀਂ ਰਹਿੰਦੀ।

# ਦਲਿਤ ਮੁਕਤੀ ਦਾ ਸਵਾਲ



– ਨਿਰਮਲ ਚੌਹਾਨ
91-94631- 61691

ਭਾਰਤੀ ਸਮਾਜ ਵਿਚ ਦਲਿਤ ਤਬਕੇ ਦੇ ਲਈ ਰਿਜ਼ਰਵੇਸ਼ਨ ਸਭ ਨਾਲੋਂ ਵੱਧ ਝਗੜੇ ਦਾ ਮੁੱਦਾ ਹੈ। ਸ਼ਾਇਦ ਹੀ ਕੋਈ ਦੂਸਰਾ ਮੁੱਦਾ ਹੋਵੇ, ਜਿਸ 'ਤੇ ਐਨੀ ਵੱਧ ਬਹਿਸ ਹੁੰਦੀ ਹੋਵੇ। ਇਸ ਮੁੱਦੇ 'ਤੇ ਸਿਰਫ ਬਹਿਸ ਹੀ ਨਹੀਂ ਹੁੰਦੀ, ਬਲਕਿ ਇਹ ਦਲਿਤਾਂ ਅਤੇ ਉੱਚੀ ਜਾਤੀ ਵਾਲਿਆਂ ਦੇ ਵਿਚਾਲੇ ਨਫ਼ਰਤ ਅਤੇ ਤਣਾਅ ਦੀ ਵਜ੍ਹਾ ਵੀ ਹੈ।

ਇਹੋ ਜਿਹੀ ਹਾਲਤ ਦੋ ਕਾਰਨਾਂ ਤੋਂ ਪੈਦਾ ਹੁੰਦੀ ਹੈ। ਪਹਿਲਾ ਕਾਰਨ ਇਹ ਹੈ ਕਿ ਦਲਿਤ ਮੁਕਤੀ ਦੇ ਸਵਾਲ ਤੇ ਦਲਿਤਾਂ ਨੂੰ ਕਮਜ਼ੋਰ ਜਾਤੀਆਂ ਦੀ ਮੁਕਤੀ ਦੇ ਰੂਪ ਵਿਚ ਅਤੇ ਇਕ ਸਮਾਜਿਕ ਕ੍ਰਾਂਤੀ ਦੇ ਰੂਪ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ, ਜੋ ਭਾਰਤ ਅਤੇ ਲੋਕਤੰਤਰ ਦੀ ਮਹਾਨ ਸੇਵਾ ਹੈ।

ਦੂਸਰਾ ਕਾਰਨ ਇਹ ਹੈ ਕਿ ਵੋਟ ਦੀ ਰਾਜਨੀਤੀ ਨੇ ਇਸ ਨੂੰ ਜਾਤੀ ਰੰਗ ਦੇ ਕੇ ਦਲਿਤ ਬੇਨਾਮ ਉੱਚੀ ਜਾਤ ਦਾ ਮੁੱਦਾ ਬਣਾ ਦਿੱਤਾ। ਇਹੀ ਰਾਜਨੀਤੀ ਰਿਜ਼ਰਵੇਸ਼ਨ ਦੇ ਸਵਾਲ ਤੇ ਲੋਕਤੰਤਰਿਕ ਬਹਿਸ ਦੀ ਜਨਮਦਾਤਾ ਹੈ।

ਦਲਿਤ ਰਿਜ਼ਰਵੇਸ਼ਨ ਦੇ ਸਵਾਲ ਨੂੰ ਲੋਕਤੰਤਰਿਕ ਨਜ਼ਰੀਏ ਨਾਲ ਸਮਝਣ ਦੀ ਜ਼ਰੂਰਤ ਹੈ। ਕੀ ਹਜ਼ਾਰਾਂ ਸਾਲਾਂ ਤੋਂ ਬਰਾਬਰੀ ਦੇ ਹੱਕਾਂ ਅਤੇ ਹਰ ਪ੍ਰਕਾਰ ਦੀ ਆਜ਼ਾਦੀ ਤੋਂ ਦੂਰ ਕਰਕੇ ਰੱਖੀ ਗਈ ਦਲਿਤ ਜਾਤੀਆਂ ਦੀ ਮੁਕਤੀ ਸਰਕਾਰ ਦੀ ਮਦਦ ਦੇ ਬਿਨਾਂ ਮੁਮਕਿਨ ਹੋ ਸਕਦੀ ਸੀ? ਰਾਜ ਦੀ ਸਰਪ੍ਰਸਤੀ ਦੀ ਜ਼ਰੂਰਤ ਕਮਜ਼ੋਰ ਲੋਕਾਂ ਨੂੰ ਹੀ ਹੁੰਦੀ ਹੈ, ਪਰ ਇਸੇ ਗੱਲ ਦੇ ਆਧਾਰ 'ਤੇ ਅੱਜ ਰਿਜ਼ਰਵੇਸ਼ਨ ਵਿਰੋਧੀ ਲੋਕ ਗਰੀਬੀ ਦਾ ਸਵਾਲ ਉਠਾਉਂਦੇ ਹਨ ਅਤੇ ਜਾਤੀ ਦੇ ਆਧਾਰ 'ਤੇ ਦਲਿਤਾਂ ਦੇ ਰਿਜ਼ਰਵੇਸ਼ਨ ਦਾ ਵਿਰੋਧ ਕਰਦੇ ਹਨ।

ਯਕੀਨਨ, ਉਹ ਲੋਕ ਆਪਦੇ ਤਰਕ ਵਿਚ ਸਹੀ ਹਨ, ਪਰ ਇੱਥੇ ਇਸ ਗੱਲ ਨੂੰ ਭੁਲਾ ਦਿੱਤਾ ਜਾਂਦਾ ਹੈ ਕਿ ਦਲਿਤ ਜਾਤੀਆਂ ਗਰੀਬੀ ਦੀ ਵਜ੍ਹਾ ਨਾਲ ਬਰਾਬਰੀ ਦੇ ਹੱਕਾਂ ਅਤੇ ਸਹੂਲਤਾਂ ਤੋਂ ਦੂਰ ਨਹੀਂ ਸਨ। ਬਹੁਤ ਸਾਰੀਆਂ ਦਲਿਤ ਜਾਤੀਆਂ ਤਾਂ ਉਤਪਾਦਨ ਨਾਲ ਜੁੜੀਆਂ ਸਨ ਅਤੇ ਉਹਨਾਂ ਦੇ ਕੋਲ ਪੈਸਾ ਸੀ। ਉਹ ਲੋਕ ਪੈਸਾ ਦੇ ਕੇ ਪੜ੍ਹ ਸਕਦੇ ਸਨ, ਪਰ ਉਹਨਾਂ ਦੇ ਲਈ ਤਾਲੀਮ ਦੇ ਦਰਵਾਜ਼ੇ ਬੰਦ ਸਨ। ਉਨ੍ਹਾਂ ਦੀ ਐਨੀ ਹੈਸੀਅਤ ਸੀ ਕਿ ਉਹ ਸੋਨੇ ਦੇ ਗਹਿਣੇ ਖਰੀਦ ਸਕਦੇ ਸਨ ਅਤੇ ਆਪਣੇ ਪੱਕੇ ਘਰ ਬਣਾ ਸਕਦੇ ਸਨ, ਪਰ ਉਹਨਾਂ ਨੂੰ ਸਾਫ ਕੱਪੜੇ ਅਤੇ ਗਹਿਣੇ ਪਹਿਨਣ ਦੀ ਮਨਾਹੀ ਸੀ। ਪੱਕੇ ਘਰ ਬਣਾਉਣ ਦੀ ਮਨਾਹੀ ਸੀ। ਮੰਦਰਾਂ ਵਿਚ ਜਾਣ ਅਤੇ ਸੜਕਾਂ 'ਤੇ ਤੁਰਨ ਤੱਕ ਦੀ ਪਾਬੰਦੀ ਸੀ।

ਇੱਥੋਂ ਤੱਕ ਕਿ ਉਹਨਾਂ ਨੂੰ ਗੰਦੇ ਅਤੇ ਸਖ਼ਤ ਕੰਮ ਕਰਨ ਦੇ ਬਿਨਾਂ ਸਾਫ-ਸੁਥਰੇ ਅਤੇ ਇੱਜ਼ਤ ਵਾਲੇ ਕਾਰੋਬਾਰ ਕਰਨ ਦੀ ਵੀ ਆਜ਼ਾਦੀ ਨਹੀਂ ਸੀ। ਉਹ ਭਾਰਤੀ ਸਮਾਜ ਵਿਵਸਥਾ ਵਿਚ ਅਛੂਤ ਸਨ ਜਿਹਨਾਂ ਨੂੰ ਛੂਹਣਾ ਤਾਂ ਦੂਰ ਉੱਚੀ ਜਾਤੀ ਦੇ ਹਿੰਦੂ ਉਹਨਾਂ ਦੇ ਪਰਛਾਵੇਂ ਤੋਂ ਵੀ ਬਚ ਕੇ ਤੁਰਦੇ ਸਨ। ਉਹ ਭਾਰਤ ਦੇ ਇਹੋ ਜਿਹੇ ਸਪੂਤ ਸਨ, ਜੋ ਸਾਰਾ ਦਿਨ ਮਾਂ ਦੀ ਸਖ਼ਤ ਸੇਵਾ ਕਰਦੇ ਸਨ, ਪਰ ਮਾਂ ਦੀ ਮਮਤਾ ਦਾ ਹੱਥ ਉਨ੍ਹਾਂ ਦੇ ਸਿਰ 'ਤੇ ਨਹੀਂ ਸੀ। ਇਤਿਹਾਸ ਵਿਚ ਪਹਿਲੀ ਵਾਰ ਉਹਨਾਂ ਦੇ ਇਨਸਾਨੀ ਅਧਿਕਾਰਾਂ ਦੀ ਆਵਾਜ਼ ਡਾ. ਭੀਮ ਰਾਓ ਅੰਬੇਦਕਰ ਨੇ ਚੁੱਕੀ ਸੀ।

ਇਹ ਭਾਰਤ ਦੇ ਇਤਿਹਾਸ ਵਿਚ ਦਲਿਤ ਮੁਕਤੀ ਦੀ ਪਹਿਲੀ ਲੜਾਈ ਸੀ। ਇਹ ਦੇਸ਼ ਦੀ ਆਜ਼ਾਦੀ ਨਾਲੋਂ ਵੀ ਵੱਡੀ ਲੜਾਈ ਸੀ, ਕਿਉਂਕਿ ਇਹ ਦੇਸ਼ ਦੇ ਉਹਨਾਂ ਕਰੋੜਾਂ ਲੋਕਾਂ ਦੀ ਆਜ਼ਾਦੀ ਦੀ ਲੜਾਈ ਸੀ, ਜੋ ਹਜ਼ਾਰਾਂ ਸਾਲਾਂ ਤੋਂ ਆਜ਼ਾਦ ਇਨਸਾਨ ਹੋਣ ਦੀ ਬਜਾਏ ਗੁਲਾਮ ਬਣ ਕੇ ਜੀ ਰਹੇ ਸਨ। ਇਸੇ ਲੜਾਈ ਦੀ ਬਦੌਲਤ ਦਲਿਤਾਂ ਦੇ ਲਈ ਤਾਲੀਮ ਦੇ ਦਰਵਾਜ਼ੇ ਖੁੱਲ੍ਹੇ ਅਤੇ ਉਹਨਾਂ ਨੂੰ ਨੌਕਰੀਆਂ ਅਤੇ ਵਿਧਾਇਕਾਂ ਵਿਚ ਰਿਜ਼ਰਵੇਸ਼ਨ ਮਿਲਿਆ।

ਇਹ ਕਹਿਣਾ ਬਿਲਕੁਲ ਵੀ ਸਹੀ ਨਹੀਂ ਹੋਵੇਗਾ ਕਿ ਰਿਜ਼ਰਵੇਸ਼ਨ ਨਾਲ ਦਲਿਤਾਂ ਨੂੰ ਫਾਇਦਾ ਨਹੀਂ ਪਹੁੰਚਿਆ ਸੀ। ਜੋ ਦਲਿਤ ਜਾਤੀਆਂ ਨੀਵੇਂ ਤੋਂ ਨੀਵੇਂ ਤਬਕਿਆਂ ਵਿਚ ਸਨ, ਉਹਨਾਂ 'ਚੋਂ ਅੱਜ ਜੇਕਰ ਇਕ ਮਧਿਅਮ ਤਬਕਾ ਪੈਦਾ ਹੋਇਆ ਹੈ ਤਾਂ ਉਸ ਦੀ ਵਜ੍ਹਾ ਰਿਜ਼ਰਵੇਸ਼ਨ ਹੀ ਹੈ। ਅੱਜ ਉਹ ਸ਼ਾਸਨ ਤੋਂ ਲੈ ਕੇ ਪ੍ਰਸ਼ਾਸਨ ਤੱਕ ਹਰ ਖੇਤਰ ਵਿਚ ਆਪਣੀ ਮੌਜੂਦਗੀ ਦਰਜ ਕਰਾਉਂਦੇ ਹਨ। ਇਹ ਇਕ ਵੱਡੀ ਸਮਾਜਿਕ ਤਬਦੀਲੀ ਹੈ, ਜੋ ਰਿਜ਼ਰਵੇਸ਼ਨ ਦੀ ਵਜ੍ਹਾ ਨਾਲ ਹੀ ਇਸ ਦੇਸ਼ ਵਿਚ ਹੋਈ ਹੈ।

ਇੱਥੇ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਉਹਨਾਂ ਦੇ ਲਈ ਤਾਲੀਮ ਦੇ ਸਿਰਫ ਦਰਵਾਜ਼ੇ ਖੁੱਲ੍ਹੇ ਸਨ, ਸਾਰਾ ਕੁਝ ਮੁਫ਼ਤ ਨਹੀਂ ਸੀ। ਵਜ਼ੀਫਾ ਮਿਲਦਾ ਸੀ, ਜੋ ਬੜਾ ਤੁੱਛ ਸੀ। ਫੀਸ ਵੀ ਦੇਣੀ ਪੈਂਦੀ ਸੀ ਅਤੇ ਕਾਪੀਆਂ-ਕਿਤਾਬਾਂ ਵੀ ਖੁਦ ਹੀ ਮੁੱਲ ਲੈਣੀਆਂ ਪੈਂਦੀਆਂ ਸਨ ਪਰ ਸੱਚ ਇਹ ਹੈ ਕਿ ਵਜ਼ੀਫੇ ਨੇ ਦਲਿਤਾਂ ਦੀ ਪੜ੍ਹਾਈ ਲਿਖਾਈ ਵਿਚ ਕੋਈ ਭੂਮਿਕਾ ਨਹੀਂ ਨਿਭਾਈ ਸੀ। ਉਹਨਾਂ ਦੇ ਲਈ ਖਾਸ ਸਿਰਫ ਇਹ ਸੀ ਕਿ ਉਹ ਹੁਣ ਪੜ੍ਹ ਸਕਦੇ ਸਨ। ਪਰ ਉਸ ਵਕਤ ਫੀਸ ਦੇ 10-20 ਪੈਸੇ ਵੀ ਦੇਣ ਦੀ ਔਕਾਤ ਉਹਨਾਂ ਲੋਕਾਂ ਦੀ ਨਹੀਂ ਹੁੰਦੀ ਸੀ। ਇਸ ਲਈ ਕਾਫੀ ਸਾਰੇ ਬੱਚੇ ਤੀਸਰੀ-ਚੌਥੀ ਜਮਾਤ ਅਤੇ ਬਹੁਤਾ ਹੋਇਆ ਤਾਂ 8ਵੀਂ ਜਮਾਤ ਦੇ ਬਾਅਦ ਹੀ ਪੜ੍ਹਾਈ ਛੱਡ ਦਿੰਦੇ ਸਨ।

ਸਰਕਾਰ ਨੇ ਜੇਕਰ ਉਸ ਸਮੇਂ ਤਾਲੀਮ ਅਤੇ ਮੁਫ਼ਤ ਕਿਤਾਬਾਂ ਦਾ ਪ੍ਰਬੰਧ ਕੀਤਾ ਹੁੰਦਾ, ਤਾਂ ਦਲਿਤ ਸਮਾਜ ਦੀ ਪੜ੍ਹਾਈ- ਲਿਖਾਈ ਵਿਚ ਇਕ ਬਹੁਤ ਵੱਡੀ ਤਬਦੀਲੀ ਹੁੰਦੀ ਪਰ ਸਰਕਾਰ ਦਲਿਤਾਂ ਦੀ ਤਾਲੀਮ ਦੇ ਪ੍ਰਤੀ ਗੰਭੀਰ ਨਹੀਂ ਸੀ। ਇਸ ਸਭ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਜਿਸ ਸਕੂਲ ਵਿਚ ਮੇਰੀ ਪ੍ਰਾਇਮਰੀ ਪੜ੍ਹਾਈ ਹੋਈ, ਉਹ ਇਕ ਪੁਰਾਣੀ ਬਦਸੂਰਤ ਇਮਾਰਤ ਵਿਚ ਟਾਟਪੱਟੀਆਂ ਵਾਲਾ ਸਕੂਲ ਸੀ, ਜਿਸਨੂੰ ਨਗਰ ਪਾਲਿਕਾ ਚਲਾਉਂਦੀ ਸੀ।

ਇਹ ਇਮਾਰਤ ਜਦ ਹੋਰ ਵੀ ਬਦਹਾਲ ਹੁੰਦੀ ਗਈ, ਤਦ ਉਪਰਲੇ ਕਮਰੇ ਬੰਦ ਕਰ ਦਿੱਤੇ ਗਏ। ਜਮਾਤਾਂ ਵਿਹੜੇ ਵਿਚ ਲੱਗਣ ਲੱਗੀਆਂ। ਇੱਥੋਂ ਤੱਕ ਕਿ ਇਕ ਕਮਰੇ ਵਿਚ 2-2 ਜਮਾਤਾਂ ਦੇ ਬੱਚੇ ਬਿਠਾਏ ਜਾਣ ਲੱਗੇ ਸਨ। ਹੁਣ ਤਾਂ ਇੱਥੋਂ ਬਾਜ਼ਾਰ ਬਣਿਆ ਹੋਇਆ ਹੈ। ਸਕੂਲ ਪਤਾ ਨਹੀਂ ਕਿੱਥੇ ਚਲਾ ਗਿਆ?

ਉਤਰ ਪ੍ਰਦੇਸ਼ ਰਾਜ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਦੀ ਹਾਲਤ ਅੱਜ ਵੀ ਪਹਿਲਾਂ ਵਰਗੀ ਹੀ ਹੈ। ਪਰ ਇਹ ਤਾਂ ਸੱਚ ਹੈ ਕਿ ਜੇਕਰ ਇਹ ਸਕੂਲ ਵੀ ਨਾ ਖੁੱਲ੍ਹਦੇ, ਤਾਂ ਗਰੀਬ ਦਲਿਤ ਕੋਈ ਤਰੱਕੀ ਨਹੀਂ ਕਰ ਸਕਦੇ ਸਨ। ਮੇਰੇ ਲਈ ਇਹ ਸਿਆਸੀ ਮਾਮਲਾ ਹੈ ਪਰ ਹਾਂ, ਇਹ ਸੱਚ ਹੈ ਕਿ ਇਹ ਹੁਣ ਵੋਟ ਦੀ ਸਿਆਸਤ ਨਾਲ ਜੁੜ ਗਿਆ ਹੈ। ਹੋਰ ਕੋਈ ਵੀ ਪਾਰਟੀ ਇਸਦੇ ਵਿਰੋਧ ਵਿਚ ਨਹੀਂ ਆ ਸਕਦੀ। ਪਰ ਸਿਆਸਤ ਇਸ ਗੱਲ ਨੂੰ ਲੈ ਕੇ ਹੁੰਦੀ ਹੈ ਕਿ ਉਹਨਾਂ ਲੋਕਾਂ ਨੂੰ ਰਿਜ਼ਰਵੇਸ਼ਨ ਦੇ ਘੇਰੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ, ਜੋ ਇਸ ਦਾ ਲਗਾਤਾਰ ਫਾਇਦਾ ਲੈ ਰਹੇ ਹਨ ਜਾਂ ਹੁਣ ਜੋ ਐਨੇ ਰੱਜੇ ਪੁੱਜੇ ਹਨ ਕਿ ਉਹਨਾਂ ਦੀ ਗਿਣਤੀ ਇਕ ਖਾਸ ਤਬਕੇ ਵਿਚ ਹੋਣ ਲੱਗੀ ਹੈ।

ਓ ੍ ਹ ਅਮੀਰ ਹਨ ਅਤੇ ਆਪਣੇ ਬੱਚਿਆਂ ਨੂੰ ਵਧੀਆ ਅਤੇ ਉੱਚੀ ਤਾਲੀਮ ਦਿਵਾਉਣ ਦੀ ਹੈਸੀਅਤ ਰੱਖਦੇ ਹਨ। ਇਸ ਲਈ ਇਹ ਮੰਗ ਵੀ ਗਲਤ ਨਹੀਂ ਹੈ ਕਿ ਦੂਸਰੇ ਜ਼ਰੂਰਤਮੰਦ ਗਰੀਬ ਦਲਿਤਾਂ ਦੇ ਫਾਇਦੇ ਦੇ ਲਈ ਅਮੀਰ ਦਲਿਤ ਤਬਕੇ ਨੂੰ ਰਿਜ਼ਰਵੇਸ਼ਨ ਦੇ ਘੇਰੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ।

ਸਿਆਸੀ ਮਾਮਲਾ ਇਸ ਗੱਲ ਨੂੰ ਲੈ ਕੇ ਵੀ ਹੈ ਕਿ ਰਿਜ਼ਰਵੇਸ਼ਨ ਨੂੰ ਕਦੋਂ ਤੱਕ ਜਾਰੀ ਰੱਖਿਆ ਜਾਵੇ, ਜਦਕਿ ਨਿੱਜੀਕਰਨ ਦੀ ਵਜ੍ਹਾ ਨਾਲ ਸਰਕਾਰੀ ਇਲਾਕਿਆਂ ਵਿਚ ਨੌਕਰੀਆਂ ਲਗਾਤਾਰ ਘੱਟ ਹੁੰਦੀਆਂ ਜਾ ਰਹੀਆਂ ਹਨ, ਇਸ ਲਈ ਕੁਝ ਦਲਿਤ ਸੰਗਠਨ ਨਿੱਜੀ ਖੇਤਰ ਵਿਚ ਵੀ ਰਿਜ਼ਰਵੇਸ਼ਨ ਦੇ ਲਈ ਅੰਦੋਲਨ ਕਰ ਰਹੇ ਹਨ। ਨਿੱਜੀ ਖੇਤਰ ਵਾਲੇ ਇਸ ਦੇ ਵਿਰੋਧ ਵਿਚ ਇਸ ਲਈ ਹਨ ਕਿਉਂਕਿ ਉਹ ਦਲਿਤਾਂ ਨੂੰ ਨਾਕਾਬਲ ਮੰਨਣ ਦੀ ਆਪਣੀ ਅਮੀਰੀ ਸੋਚ ਨਾਲ ਪੀੜਤ ਹਨ।

ਹੁਣ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਕੀ ਦਲਿਤ ਸਮਾਜ ਰਿਜ਼ਰਵੇਸ਼ਨ ਦੇ ਸਹਾਰੇ ਅੱਗੇ ਵਧੇਗਾ? ਮੌਜੂਦਾ ਦਲਿਤ ਰਾਜਨੀਤੀ ਅਤੇ ਸੰਗਠਨ ਇਸੇ ਵਿਚਾਰ ਨੂੰ ਲੈ ਕੇ ਚੱਲ ਰਹੇ ਹਨ। ਪਰ ਇਹ ਰਿਜ਼ਰਵੇਸ਼ਨ ਹੁਣ ਦਲਿਤ ਜਾਤੀਆਂ ਦੇ ਉਹਨਾਂ ਕਰੋੜਾਂ ਲੋਕਾਂ ਦੇ ਲਈ ਜੋ ਬੇਰੁਜ਼ਗਾਰ ਹਨ। ਗਰੀਬ ਅਤੇ ਪੜ੍ਹਾਈ-ਲਿਖਾਈ ਤੋਂ ਕੋਹਾਂ ਦੂਰ ਹਨ, ਕੋਈ ਅਰਥ ਨਹੀਂ ਰੱਖਦਾ ਹੈ ਕਿਉਂਕਿ ਰਿਜ਼ਰਵੇਸ਼ਨ ਦਾ ਲਾਭ ਲੈਣ ਦੇ ਲਈ ਪੜ੍ਹਾਈ-ਲਿਖਾਈ ਜ਼ਰੂਰੀ ਹੈ ਅਤੇ ਪੜ੍ਹਾਈ-ਲਿਖਾਈ ਦੇ ਸਾਰੇ ਸੰਸਥਾਨ ਵਧਦੀ ਮਹਿੰਗਾਈ ਅਤੇ ਨਿੱਜੀਕਰਨ ਦੀ ਵਜ੍ਹਾ ਨਾਲ ਗਰੀਬ ਦਲਿਤਾਂ ਦੀ ਪਹੁੰਚ ਤੋਂ ਦੂਰ ਹੁੰਦੇ ਜਾ ਰਹੇ ਹਨ।

ਮਿੱਡ ਡੇ ਮੀਲ ਅਤੇ ਮਨਰੇਗਾ ਜਿਹੀਆਂ ਯੋਜਨਾਵਾਂ ਦੇ ਜ਼ੋਰ 'ਤੇ ਉਹ ਆਪਣੇ ਬੱਚਿਆਂ ਦਾ ਭਵਿੱਖ ਨਹੀਂ ਬਣਾ ਸਕਦੇ, ਇਸ ਲਈ ਰਿਜ਼ਰਵੇਸ਼ਨ ਦੀ ਰਾਜਨੀਤੀ ਸਿਰਫ ਅਮੀਰ ਦਲਿਤ ਤਬਕੇ ਦੀ ਰਾਜਨੀਤੀ ਦੇ ਬਗੈਰ ਕੁਝ ਨਹੀਂ ਹੈ। ਬਿਹਤਰ ਤਾਂ ਇਹੀ ਹੋਵੇਗਾ ਕਿ ਭਾਰਤ 'ਚੋਂ ਜਾਤੀਵਾਦ ਖਤਮ ਹੋਵੇ ਅਤੇ ਬਿਨਾਂ ਕਿਸੇ ਭੇਦਭਾਵ ਦੇ ਸਾਰੇ ਲੋਕਾਂ ਨੂੰ ਤਾਲੀਮ ਅਤੇ ਨੌਕਰੀਆਂ ਦੇ ਬਰਾਬਰ ਮੌਕੇ ਮਿਲਣ, ਪਰ ਇਹ ਖਤਮ ਇਸ ਲਈ ਨਹੀਂ ਹੋ ਰਿਹਾ ਹੈ, ਕਿਉਂਕਿ ਜਿੱਥੇ ਇਸ ਨੂੰ ਧਰਮ ਅਤੇ ਜਾਤੀ ਦੀ ਰਾਜਨੀਤੀ ਪਾਲਪਲੋਸ ਰਹੀ ਹੈ, ਉਥੇ ਹਿੰਦੂ ਭਾਈਚਾਰਾ ਵੀ ਬ੍ਰਾਹਮਣਵਾਦ ਅਤੇ ਬ੍ਰਾਹਮਣ ਸ਼ਾਸਤਰਾਂ ਵਿਚ ਜਨਤਾ ਦੇ ਅੰਧ ਵਿਸ਼ਵਾਸ ਨੂੰ ਲਗਾਤਾਰ ਮਜ਼ਬੂਤ ਕਰ ਰਹੇ ਹਨ। ਸਾਡੇ ਲੋਕਤੰਤਰ ਵਿਚ ਅੱਜ ਵੀ ਇਹ ਇਕ ਬਹੁਤ ਵੱਡੀ ਸਮੱਸਿਆ ਹੈ ਕਿ ਬ੍ਰਾਹਮਣਵਾਦ ਦਾ ਖਾਤਮਾ ਕਿਵੇਂ ਹੋਵੇਗਾ? ਜਦ ਤੱਕ ਬ੍ਰਾਹਮਣਵਾਦ ਜਿੰਦਾ ਰਹੇਗਾ, ਉਦੋਂ ਤੱਕ ਦਲਿਤਾਂ ਦੇ ਪ੍ਰਤੀ ਹਿੰਦੂ ਸਮਾਜ ਦੀ ਨਫ਼ਰਤ ਮਿਟਣ ਵਾਲੀ ਨਹੀਂ ਹੈ ਅਤੇ ਰਿਜ਼ਰਵੇਸ਼ਨ ਇਕ ਸਿਆਸੀ ਮਾਮਲਾ ਬਣਿਆ ਰਹੇਗਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138



HAPPY TRAVELS AGENCY



Harjit (Happy)
Agency Owner
HappyTravels Agency

Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
1743 GRAND CANAL BLVD
12 STOCKTON, CA 95207



Mikasa HOMES & FUNDING

Rakesh Chander

Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com




AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

Harmandeep Singh

510- 733- 2222
1421 Industrial PKWY West#F Hayward, CA 94544



TANDOOR Indian Restaurant

27167 Mission Blvd. Hayward, CA 95544






ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO
3:00 PM.

WE ARE OPEN
SEVEN DAYS
11AM TO 10PM



ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

Contact Us:
Ph. 510-885-1212,
Fax 510-885-1532



Surinder Koka
www.haywardtandoor.com

# 'ਇਨਕਲਾਬ' ਦਾ ਦੂਸਰਾ ਨਾਮ ਸ਼ਹੀਦੇ-ਆਜ਼ਮ-ਸਰਦਾਰ ਭਗਤ ਸਿੰਘ



ਐਚ.ਐਲ.ਕਪੂਰ
1 (289)-401-0728

ਭਾਰਤ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਦੇ ਅੱਗੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਇਨਕਲਾਬੀ ਜਾਂ ਕ੍ਰਾਂਤੀਕਾਰੀ ਕਹਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦੇ-ਆਜ਼ਮ- ਸਰਦਾਰ ਭਗਤ ਸਿੰਘ ਜੀ ਦਾ ਨਾਮ ਹੀ ਲਿਆ ਜਾਂਦਾ ਹੈ।

ਸ਼ਹੀਦੇ-ਆਜ਼ਮ- ਸਰਦਾਰ ਭਗਤ ਸਿੰਘ ਜੀ ਨੇ ਦੇਸ਼ ਦੇ ਨੌਜਵਾਨਾਂ ਵਿਚ ਊਰਜਾ ਦਾ ਅਜਿਹਾ ਗੁਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾ ਕੇ,ਅੱਗ ਨਾਲ ਟੱਕਰ ਲੈ ਕੇ, ਆਜ਼ਾਦੀ ਦੀ ਲੜਾਈ ਲਈ ਕੁੱਦਣ ਵਾਲੇ ਭਗਤ ਸਿੰਘ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਜੇਕਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਭਗਤ ਸਿੰਘ ਤੇ ਉਨ੍ਹਾਂ ਦੇ ਇਨਕਲਾਬੀ ਸਾਥੀਆਂ ਦਾ ਸਹਿਯੋਗ ਦਿੰਦੇ ਤਾਂ ਦੇਸ਼ ਸਮੇਂ ਤੋਂ ਪਹਿਲਾਂ ਆਜ਼ਾਦ ਹੋ ਜਾਂਦਾ ਤੇ ਉਸ ਸਮੇਂ ਅਸੀਂ ਹੋਰ ਮਾਣ ਮਹਿਸੂਸ ਕਰਦੇ ਪ੍ਰੰਤੂ ਦੇਸ਼ ਦੇ ਇਕ ਨੌਜਵਾਨ ਕ੍ਰਾਂਤੀਕਾਰੀ ਨੂੰ ਫਾਂਸੀ ਦੇ ਦਿੱਤੀ, ਲੇਕਿਨ ਮਰਨ ਤੋਂ ਬਾਅਦ ਵੀ ਭਗਤ ਸਿੰਘ ਜੀ ਨਹੀਂ ਨਹੀਂ ਮਰੇ। ਅੱਜ ਦੇ ਨੇਤਾਵਾਂ ਵਿਚ ਜਿੱਥੇ ਅਸੀਂ ਛੱਲ ਅਤੇ ਕਪਟ ਦੀ ਭਾਵਨਾ ਦੇਖਦੇ ਹਾਂ, ਜਿਹੜੇ ਮੁੰਬਈ ਹਮਲੇ ਤੋਂ ਬਾਅਦ ਵੀ ਆਪਣੇ ਸਵੈਮਾਣ ਅਤੇ ਗੁੱਸੇ ਨੂੰ ਤਾਕ ਤੇ ਰੱਖ ਕੇ ਬੈਠੇ ਹਨ, ਉਹਨਾਂ ਲਈ ਭਗਤ ਸਿੰਘ ਜੀ ਇਕ ਆਦਰਸ਼ ਸ਼ਖਸੀਅਤ ਹੈ, ਜਿਹਨਾਂ ਨੂੰ ਉਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਸ਼ਹੀਦੇ-ਆਜ਼ਮ- ਸਰਦਾਰ ਭਗਤ ਸਿੰਘ ਜੀ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਭਗਤ ਸਿੰਘ ਜੀ ਦਾ ਜਨਮ 28 ਦਸੰਬਰ, 1907 ਈਸਵੀ ਨੂੰ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਬੰਗਾ ਪਿੰਡ (ਹੁਣ ਪਾਕਿਸਤਾਨ ਵਿਚ) ਵਿਖੇ ਹੋਇਆ। ਭਗਤ ਸਿੰਘ ਜੀ ਦੇ ਪਿਤਾ ਦਾ ਨਾਮ ਸਰਦਾਰ ਕਿਸ਼ਨ ਸਿੰਘ ਜੀ ਅਤੇ ਮਾਤਾ ਦਾ ਨਾਮ ਸਰਦਾਰਨੀ ਵਿਦਿਆਵਤੀ ਕੌਰ ਸੀ। ਉਨ੍ਹਾਂ ਦੇ ਪਿਤਾ ਤੇ ਚਾਚਾ ਅਜੀਤ ਸਿੰਘ ਜੀ ਤੇ ਸਵਰਨ ਸਿੰਘ ਜੀ ਵੀ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਦੀ ਲੜਾਈ ਦਾ ਇਕ ਅਹਿਮ ਹਿੱਸਾ ਸਨ। ਜਿਸ ਦਿਨ ਭਗਤ ਸਿੰਘ ਜੀ ਦਾ ਜਨਮ ਹੋਇਆ, ਉਸੇ ਦਿਨ ਹੀ ਉਹਨਾਂ ਦੇ ਪਿਤਾ ਤੇ ਚਾਚੇ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ। ਭਗਤ ਸਿੰਘ ਜੀ ਦੀ ਦਾਦੀ ਜੀ ਨੇ ਬੱਚੇ ਦਾ ਨਾਂ ਭਾਗਾਂ ਵਾਲਾ ਰੱਖਿਆ। ਬਾਅਦ ਵਿਚ ਉਹਨਾਂ ਨੂੰ ਭਗਤ ਸਿੰਘ ਕਿਹਾ ਜਾਣ ਲੱਗਿਆ। ਇਕ ਦੇਸ਼ ਭਗਤ ਪਰਿਵਾਰ ਵਿਚ ਜਨਮ ਲੈਣ ਕਰਕੇ ਇਕ ਤਰ੍ਹਾਂ ਨਾਲ ਦੇਸ਼ ਭਗਤੀ ਦਾ ਪਾਠ ਉਹਨਾਂ ਨੂੰ ਵਿਰਾਸਤ ਵਿਚ ਹੀ ਮਿਲਿਆ।

ਭਗਤ ਸਿੰਘ ਜੀ ਜਦੋਂ ਚਾਰ-ਪੰਜ ਸਾਲ ਦੇ ਹੋਏ ਤਾਂ ਉਹਨਾਂ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਦਾਖਲ ਕਰਵਾ ਦਿੱਤਾ। ਭਗਤ ਸਿੰਘ ਜੀ ਆਪਣੇ ਦੋਸਤਾਂ ਵਿਚ ਬਹੁਤ ਹਰਮਨ ਪਿਆਰੇ ਸਨ। ਉਹਨਾਂ ਨੂੰ ਸਕੂਲ ਦੀ ਚਾਰ ਦੀਵਾਰੀ ਵਿਚ ਬੈਠਣਾ ਚੰਗਾ ਨਹੀਂ ਲੱਗਦਾ ਸੀ, ਸਗੋਂ ਉਸ ਦਾ ਮਨ ਹਮੇਸ਼ਾ ਖੁੱਲ੍ਹੇ ਮੈਦਾਨਾਂ ਵਿਚ ਲੱਗਦਾ ਸੀ।

ਪ੍ਰਾਇਮਰੀ ਤੱਕ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਭਗਤ ਸਿੰਘ ਜੀ ਨੂੰ 1916-17 ਵਿਚ ਅਗਲੀ ਪੜ੍ਹਾਈ ਕਰਨ ਲਈ ਲਾਹੌਰ ਦੇ ਡੀ. ਏ. ਵੀ. ਸਕੂਲ ਵਿਚ ਦਾਖਲ ਕਰਾ ਦਿੱਤਾ। ਉਥੇ ਉਨ੍ਹਾਂ ਦਾ ਸੰਕਲਪ ਲਾਲਾ ਲਾਜਪਤ ਰਾਏ ਅਤੇ ਅੰਬਾ ਪ੍ਰਸਾਦ ਵਰਗੇ ਮਹਾਨ ਕ੍ਰਾਂਤੀਕਾਰੀ ਦੇਸ਼ ਭਗਤਾਂ ਨਾਲ ਹੋਇਆ। ਸੰਨ 1919 ਈ: ਵਿਚ 'ਰੌਲਟ ਐਕਟ' ਦੇ ਖਿਲਾਫ ਸਾਰੇ ਦੇਸ਼ ਵਿਚ ਪ੍ਰਦਰਸ਼ਨ ਹੋ ਰਹੇ ਸਨ ਤੇ ਇਸੇ ਸਾਲ ਹੀ ਵਿਸਾਖੀ ਵਾਲੇ ਦਿਨ 13 ਅਪ੍ਰੈਲ ਨੂੰ ਜਲ੍ਹਿਆਂ ਵਾਲਾ ਬਾਗ ਕਾਂਡ ਹੋਇਆ।

1920 ਵਿਚ ਮਹਾਤਮਾ ਗਾਂਧੀ ਜੀ ਦੇ 'ਅਸਹਿਯੋਗ ਅੰਦੋਲਨ' ਤੋਂ ਪ੍ਰਭਾਵਿਤ ਹੋ ਕੇ 1921 ਵਿਚ ਭਗਤ ਸਿੰਘ ਜੀ ਨੇ ਸਕੂਲ ਛੱਡ ਦਿੱਤਾ। 'ਅਸਹਿਯੋਗ ਅੰਦੋਲਨ' ਤੋਂ ਪ੍ਰਭਾਵਿਤ ਵਿਦਿਆਰਥੀਆਂ ਲਈ ਲਾਲਾ ਲਾਜਪਤ ਰਾਏ ਜੀ ਨੇ ਲਾਹੌਰ ਵਿਚ 'ਨੈਸ਼ਨਲ ਕਾਲਜ' ਦੀ ਸਥਾਪਨਾ ਕੀਤੀ। ਇਸ ਕਾਲਜ ਵਿਚ ਭਗਤ ਸਿੰਘ ਜੀ ਨੇ ਵੀ ਦਾਖਲਾ ਲਿਆ। ਉਹ ਲਾਲਾ ਲਾਜਪਤ ਰਾਏ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ। 'ਪੰਜਾਬ ਨੈਸ਼ਨਲ ਕਾਲਜ' ਵਿਚ ਭਗਤ ਸਿੰਘ ਜੀ ਦੀ ਦੇਸ਼ ਪ੍ਰੇਮ ਦੀ ਭਾਵਨਾ ਵਧਣ-ਫੁੱਲਣ ਲੱਗੀ। ਇਸੇ ਕਾਲਜ ਵਿਚ ਹੀ ਉਸ ਦਾ ਜਸ਼ਪਾਲ, ਭਗਵਤੀ ਚਰਨ, ਸੁਖਦੇਵ, ਤੀਰਥ ਰਾਮ, ਠੰਡਾ ਸਿੰਘ ਆਦਿਕ ਕ੍ਰਾਂਤੀਕਾਰੀਆਂ ਨਾਲ ਸੰਪਰਕ ਹੋਇਆ। ਕਾਲਜ ਵਿਚ ਇਕ ਨੈਸ਼ਨਲ ਨਾਟਕ ਕਲੱਬ ਵੀ ਸੀ। ਇਸ ਕਲੱਬ ਦੇ ਮਾਧਿਅਮ ਦੁਆਰਾ ਹੀ ਭਗਤ ਸਿੰਘ ਨੇ ਨਾਟਕਾਂ ਵਿਚ ਆਪਣੀ ਕਲਾ ਦੇ ਜੌਹਰ ਵੀ ਦਿਖਾਏ।

1923 ਵਿਚ ਜਦੋਂ ਵੱਡੇ ਭਰਾ ਦੀ ਮੌਤ ਤੋਂ ਬਾਅਦ ਉਹਨਾਂ ਤੇ ਸ਼ਾਦੀ ਕਰਨ ਦਾ ਦਬਾਅ ਵੀ ਪਾਇਆ ਗਿਆ ਤਾਂ ਉਹ ਘਰ ਤੋਂ ਦੌੜ ਗਏ। ਇਸ ਸਮੇਂ ਦੌਰਾਨ ਉਹਨਾਂ ਨੇ ਦਿੱਲੀ ਵਿਚ 'ਅਰਜਨ' ਦੇ ਸੰਪਾਦਕੀ ਵਿਭਾਗ ਵਿਚ 'ਅਰਜਨ ਸਿੰਘ' ਦੇ ਨਾਮ ਤੇ ਕੁਝ ਸਮਾਂ ਕੰਮ ਕੀਤਾ ਅਤੇ ਆਪਣੇ ਆਪ ਨੂੰ 'ਨੌਜਵਾਨ ਭਾਰਤ ਸਭਾ' ਨਾਲ ਵੀ ਜੋੜੀ ਰੱਖਿਆ।

1924 ਵਿਚ ਭਗਤ ਸਿੰਘ ਨੇ ਕਾਨ੍ਹਪੁਰ ਦੇ ਦੈਨਿਕ ਪੱਤਰ 'ਪ੍ਰਤਾਪ' ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਨਾਲ ਮੁਲਾਕਾਤ ਕੀਤੀ। ਇਸ ਭੇਟ ਦੇ ਮਾਧਿਅਮ ਨਾਲ ਉਹ ਬਟੂਕੇਸ਼ਵਰ ਦੱਤ ਤੇ ਚੰਦਰ ਸ਼ੇਖਰ ਆਜ਼ਾਦ ਨੂੰ ਮਿਲੇ। ਚੰਦਰ ਸ਼ੇਖਰ ਆਜ਼ਾਦ ਨਾਲ ਹੋਈ ਮੁਲਾਕਾਤ ਨਾਲ ਭਗਤ ਸਿੰਘ ਪੂਰਨ ਇਨਕਲਾਬੀ ਬਣ ਗਿਆ। ਚੰਦਰ ਸ਼ੇਖਰ ਆਜ਼ਾਦ ਭਗਤ ਸਿੰਘ ਨੂੰ ਸਭ ਤੋਂ ਕਾਬਲ ਤੇ ਆਪਣਾ ਬਹੁਤ ਨਜ਼ਦੀਕੀ ਪ੍ਰੇਮੀ ਮੰਨਦੇ ਸਨ। ਦੋਹਾਂ ਨੇ ਮਿਲ ਕੇ ਕਈ ਵਾਰ, ਕਈ ਮੌਕਿਆਂ ਤੇ ਅੰਗਰੇਜ਼ਾਂ ਦੇ ਨੱਕ ਵਿਚ ਦਮ ਕੀਤਾ।

ਭਗਤ ਸਿੰਘ ਨੇ ਲਾਹੌਰ ਵਿਚ 1926 ਨੂੰ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਕੀਤੀ। ਇਹ ਸਭਾ ਧਰਮ ਨਿਰਪੇਖ ਸਭਾ ਸੀ ਤੇ ਇਸ ਦੇ ਹਰ ਮੈਂਬਰ ਨੂੰ ਸੌਗੰਧ ਲੈਣੀ ਪੈਂਦੀ ਸੀ ਕਿ ਅਸੀਂ ਦੇਸ਼ ਦੇ ਹਿੱਤਾਂ ਨੂੰ ਆਪਣੇ ਜਾਤੀ ਤੇ ਆਪਣੇ ਧਾਰਮਿਕ ਹਿੱਤਾਂ ਤੋਂ ਉਪਰ ਮੰਨਾਂਗੇ ਪਰ ਮਈ, 1930 ਵਿਚ ਇਸ ਸਭਾ ਨੂੰ ਸਰਕਾਰ ਨੇ ਗੈਰ ਕਾਨੂੰਨੀ ਐਲਾਨ ਕਰ ਦਿੱਤਾ।



ਸਾਲ 1919 ਤੋਂ ਲਾਗੂ 'ਸ਼ਾਸਨ ਸੁਧਾਰ ਨਿਯਮਾਂ' ਦੀ ਜਾਂਚ ਲਈ ਫਰਵਰੀ 1928 ਵਿਚ 'ਸਾਈਮਨ ਕਮਿਸ਼ਨ' ਬੰਬਈ ਪਹੁੰਚਿਆ। ਦੇਸ਼ ਭਰ ਵਿਚ ਇਸ ਕਮਿਸ਼ਨ ਦਾ ਬਹੁਤ ਵਿਰੋਧ ਹੋਇਆ ਤੇ 'ਸਾਈਮਨ ਕਮਿਸ਼ਨ' ਵਾਪਿਸ ਜਾਓ' ਦੇ ਨਾਅਰਿਆਂ ਨਾਲ ਦੇਸ਼ ਗੂੰਜ ਉਠਿਆ। ਅਕਤੂਬਰ 30, 1928 ਨੂੰ ਸਾਈਮਨ ਕਮਿਸ਼ਨ ਲਾਹੌਰ ਪਹੁੰਚਿਆ। ਲਾਲਾ ਲਾਜਪੱਤ ਰਾਏ ਜੀ ਦੀ ਅਗਵਾਈ ਵਿਚ ਸਾਈਮਨ ਕਮਿਸ਼ਨ ਦੇ ਵਿਰੋਧ ਵਿਚ ਸ਼ਾਂਤੀਪੂਰਵਕ ਜਲੂਸ ਨਿਕਲਿਆ ਤੇ ਇਸ ਪ੍ਰਦਰਸ਼ਨ ਵਿਚ ਭੀੜ ਵਧਦੀ ਗਈ ਤੇ ਇਤਨੀ ਭੀੜ ਦੇਖ ਕੇ ਤੇ ਵਿਰੋਧ ਦੇਖ ਕੇ ਸਹਾਇਕ ਅਧਿਅਕਸ਼ ਸਾਂਡਰਸ ਨੇ ਸ਼ਾਂਤੀਪੂਰਵਕ ਤਰੀਕੇ ਨਾਲ ਵਿਰੋਧ ਕਰ ਰਹੇ ਪ੍ਰਦਰਸ਼ਨ ਕਾਰੀਆਂ ਤੇ ਬੜਾ ਜ਼ਬਰਦਸਤ ਲਾਠੀਚਾਰਜ ਕੀਤਾ। ਇਸ ਲਾਠੀਚਾਰਜ ਨਾਲ ਲਾਲਾ ਲਾਜਪਤ ਰਾਏ ਜੀ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਤੇ 17 ਨਵੰਬਰ, 1928 ਨੂੰ ਲਾਲਾ ਜੀ ਦੀ ਮੌਤ ਹੋ ਗਈ।

ਲਾਲਾ ਲਾਜਪਤ ਰਾਏ ਜੀ ਭਗਤ ਸਿੰਘ ਜੀ ਦੇ ਆਦਰਸ਼ ਪੁਰਸ਼ਾਂ ਵਿਚੋਂ ਇਕ ਸਨ। ਇਸ ਲਈ ਭਗਤ ਸਿੰਘ ਜੀ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ ਪੱਕੀ ਠਾਣ ਲਈ। ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਨੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਤੇ ਜੈਗੁਪਾਲ ਦੀ ਜ਼ਿੰਮੇਵਾਰੀ ਲਾਈ। ਕ੍ਰਾਂਤੀਕਾਰੀਆਂ ਨੇ ਸਾਂਡਰਸ ਨੂੰ ਮਾਰ ਕੇ ਲਾਲਾ ਜੀ ਦੀ ਮੌਤ ਦਾ ਬਦਲਾ ਲਿਆ। ਸਾਂਡਰਸ ਦੀ ਹੱਤਿਆ ਨੇ ਸਰਦਾਰ ਭਗਤ ਸਿੰਘ ਜੀ ਦੀ ਸਾਰੇ ਭਾਰਤ ਦੇਸ਼ ਵਿਚ ਇਕ ਇਨਕਲਾਬੀ ਦੀ ਪਛਾਣ ਬਣਾ ਦਿੱਤੀ।

ਸਾਂਡਰਸ ਦੀ ਹੱਤਿਆ ਨਾਲ ਅੰਗਰੇਜ਼ ਸਰਕਾਰ ਪੂਰੀ ਤਰ੍ਹਾਂ ਨਾਲ ਬੁਖਲਾ ਗਈ। ਹਾਲਾਤ ਇਸ ਤਰ੍ਹਾਂ ਦੇ ਹੋ ਗਏ ਕਿ ਸਿੱਖ ਹੋਣ ਦੇ ਬਾਵਜੂਦ ਵੀ ਭਗਤ ਸਿੰਘ ਨੂੰ ਆਪਣੀ ਦਾੜ੍ਹੀ ਅਤੇ ਕੇਸ ਕਟਵਾਉਣੇ ਪਏ। ਇਸ ਤਰ੍ਹਾਂ ਭਗਤ ਸਿੰਘ ਜੀ ਨੇ ਅਲੱਗ ਪਹਿਚਾਣ ਬਣਾ ਕੇ ਅੰਗਰੇਜ਼ਾਂ ਦੀ ਅੱਖਾਂ ਵਿਚ ਧੂੜ ਝੋਕ ਦਿੱਤੀ।

ਉਨ੍ਹਾਂ ਦਿਨਾਂ ਵਿਚ ਹੀ ਅੰਗਰੇਜ਼ ਸਰਕਾਰ ਦਿੱਲੀ ਦੀ ਅਸੈਂਬਲੀ ਵਿਚ 'ਪਬਲਿਕ ਸੇਫਟੀ ਬਿਲ' ਅਤੇ 'ਟ੍ਰੇਡ ਡਿਸਪਿਊਟਸ ਬਿੱਲ' ਲਿਆਉਣ ਦੀ ਤਿਆਰੀ ਵਿਚ ਸੀ। ਇਹ ਲੋਕਾਂ ਲਈ ਬਹੁਤ ਹੀ ਦਮਨਕਾਰੀ ਕਾਨੂੰਨ ਸਨ ਅਤੇ ਸਰਕਾਰ ਇਨ੍ਹਾਂ ਨੂੰ ਪਾਸ ਕਰਨ ਲਈ ਮਨ ਬਣਾ ਚੁੱਕੀ ਸੀ। ਸਰਕਾਰ ਦਾ ਇਸ ਬਿਲ ਨੂੰ ਪਾਸ ਕਰਨ ਪਿੱਛੇ ਮਨਸ਼ਾ ਸੀ ਕਿ ਜਨਤਾ ਵਿਚ ਜਿਹੜਾ ਬੀਜ ਕ੍ਰਾਂਤੀ ਦਾ ਪਣਪ ਰਿਹਾ ਹੈ, ਉਸਨੂੰ ਵਧਣ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤਾ ਜਾਵੇ। ਪਰ ਚੰਦਰ ਸ਼ੇਖਰ ਆਜ਼ਾਦ ਤੇ ਉਸਦੇ ਸਾਥੀਆਂ ਨੂੰ ਇਹ ਹਰਗਿਜ਼ ਮਨਜ਼ੂਰ ਨਹੀਂ ਸੀ। ਇਸ ਲਈ ਉਨ੍ਹਾਂ ਨੇ ਫੈਸਲਾ ਲਿਆ ਕਿ ਸੰਸਦ ਵਿਚ ਇਹ ਧਮਾਕਾ ਕਰਾਂਗੇ, ਜਿਸ ਨਾਲ ਬੋਲੀ ਹੋ ਚੁੱਕੀ ਅੰਗਰੇਜ਼ ਸਰਕਾਰ ਨੂੰ ਇਨਕਲਾਬੀਆਂ ਦੀ ਆਵਾਜ਼ ਸੁਣਾਈ ਦੇਵੇ। ਇਸ ਕੰਮ ਲਈ ਭਗਤ ਸਿੰਘ ਦੇ ਨਾਲ ਬਟੂਕੇਸ਼ਵਰ ਦੱਤ ਨੂੰ ਜ਼ਿੰਮੇਵਾਰੀ ਦਿੱਤੀ ਗਈ। ਅਪ੍ਰੈਲ 8, 1929 ਨੂੰ ਜਿਸ ਤਰ੍ਹਾਂ ਹੀ ਬਿਲ ਸਬੰਧੀ ਐਲਾਨ ਹੋਇਆ, ਠੀਕ ਉਸ ਸਮੇਂ ਹੀ ਭਗਤ ਸਿੰਘ ਨੇ ਅਸੈਂਬਲੀ ਵਿਚ ਬੰਬ ਸੁੱਟਿਆ ਤੇ ਭਗਤ ਸਿੰਘ ਨੇ ਨਾਅਰਾ ਲਾਇਆ 'ਇਨਕਲਾਬ ਜ਼ਿੰਦਾਬਾਦ' ਸਾਮਰਾਜ ਦਾ ਨਾਸ਼ ਹੋਵੇ। ਇਸ ਦੇ ਨਾਲ ਕਈ ਪਰਚੇ ਵੀ ਅਸੈਂਬਲੀ ਵਿਚ ਸੁੱਟੇ ਗਏ। ਜਿਹਨਾਂ ਉਤੇ ਅੰਗਰੇਜ਼ੀ ਸਾਮਰਾਜ ਦੇ ਪ੍ਰਤੀ ਆਮ ਜਨਤਾ ਦਾ ਗੁੱਸਾ ਤੇ ਵਿਰੋਧ ਪ੍ਰਗਟ ਕੀਤਾ ਹੋਇਆ ਸੀ। ਇਸ ਤੋਂ ਬਾਅਦ ਕ੍ਰਾਂਤੀਕਾਰੀਆਂ ਨੂੰ ਗ੍ਰਿਫਤਾਰ ਕਰਨ ਦਾ ਦੌਰ ਚੱਲਿਆ। ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਤੇ 'ਲਾਹੌਰ ਸਾਜਿਸ਼' ਦਾ ਕੇਸ ਵੀ ਉਹਨਾਂ ਦੇ ਜੇਲ੍ਹ ਵਿਚ ਹੁੰਦਿਆਂ ਹੀ ਚੱਲਿਆ, ਰੂਪੋਸ਼ ਹੋਏ ਇਨਕਲਾਬੀਆਂ ਵਿਚੋਂ ਮੁੱਖ ਇਨਕਲਾਬੀ ਰਾਜਗੁਰੂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ ਅਤੇ ਵਿਚ ਫੈਸਲਾ ਇਹੀ ਹੋਇਆ, ਜਿਸ ਦੀ ਪਹਿਲਾਂ ਹੀ, ਇਹੀ ਉਮੀਦ ਸੀ।

ਕਈ ਲੋਕ ਮੰਨਦੇ ਹਨ ਕਿ ਜੇਕਰ ਗਾਂਧੀ ਜੀ ਚਾਹੁੰਦੇ ਤਾਂ ਭਗਤ ਸਿੰਘ ਜੀ ਨੂੰ ਬਚਾਇਆ ਜਾ ਸਕਦਾ ਸੀ। ਜੇਕਰ ਗਾਂਧੀ ਜੀ ਨੇ ਭਗਤ ਸਿੰਘ ਜੀ ਦਾ ਸਾਥ ਦਿੱਤਾ ਹੁੰਦਾ ਤਾਂ ਉਸ ਦੀ ਰਿਹਾਈ ਲਈ ਆਵਾਜ਼ ਉਠਾਈ ਹੁੰਦੀ ਤਾਂ ਇਹ ਯਕੀਨਨ ਹੈ ਕਿ ਅੱਜ ਦੇਸ਼ ਦਾ ਇਕ ਹੋਣਹਾਰ ਇਨਕਲਾਬੀ ਯੋਧਾ ਨਾ ਖੋਹਿਆ ਹੁੰਦਾ।

ਭਗਤ ਸਿੰਘ ਜੀ ਦੀ ਮੌਤ ਸਮੇਂ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ, 'ਮੈਨੇ ਕਿਸੀ ਕੀ ਜ਼ਿੰਦਗੀ ਕੋ ਲੇਕਰ ਇਤਨਾ ਮੋਮਾਂਚ ਨਹੀਂ ਦੇਖਾ ਜਿਤਨਾ ਕੇ ਭਗਤ ਸਿੰਘ ਕੇ ਬਾਰੇ ਮੇਂ। ਹਾਲਾਂਕਿ ਮੈਨੇ ਲਾਹੌਰ ਮੇਂ ਉਸੇ ਏਕ ਸ਼ਾਤਰ ਕੇ ਰੂਪ ਮੇਂ ਕਈ ਵਾਰ ਦੇਖਾ ਹੈ, ਮੁਝੇ ਭਗਤ ਸਿੰਘ ਕੀ ਵਿਸ਼ੇਸ਼ਤਾਏ ਯਾਦ ਨਹੀਂ ਹੈਂ, ਲੇਕਿਨ ਪਿਛਲੇ ਏਕ ਮਹੀਨੇ ਮੇਂ ਭਗਤ ਸਿੰਘ ਕੀ ਦੇਸ਼ ਭਗਤੀ, ਉਸ ਕੇ ਸਾਹਸ ਔਰ ਭਾਰਤੀਯ ਮਾਨਵਤਾ ਕੇ ਲੀਏ ਉਸਕੇ ਪ੍ਰੇਮ ਕੀ ਕਹਾਨੀ ਸੁਨਨਾ ਮੇਰੇ ਲੀਏ ਗੌਰਵ ਕੀ ਬਾਤ ਹੈ।'' ਲੇਕਿਨ ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ, ''ਮੈਂ ਦੇਸ਼ ਕੇ ਯੁਵਾਓਂ ਕੋ ਆਗਾਹ ਕਰਤਾ ਹੂੰ ਕਿ ਵੇ ਉਨ ਕੇ ਉਦਾਹਰਣ ਕੇ ਰੂਪ ਸੇ ਹਿੰਸਾ ਕਾ ਅਨੁਕਰਣ ਨਹੀਂ ਕਰੇਂ।''

ਗਾਂਧੀ ਜੀ ਦੇ ਇਸ ਬਿਆਨ ਤੋਂ ਬਾਅਦ ਇਹ ਸਵਾਲ ਲੱਗਭੱਗ ਹਰ ਰਾਜ ਵਿਚ ਗੂੰਜਿਆ ਕਿ ਆਖਿਰ ਕਿਉਂ ਗਾਂਧੀ ਜੀ ਨੇ ਦੇਸ਼ ਦੇ ਇਸ ਮਹਾਨ ਕ੍ਰਾਂਤੀਕਾਰੀ ਨੂੰ ਬਚਾਉਣ ਲਈ ਇਸ ਦਿਸ਼ਾ 'ਚ ਕੋਈ ਕਦਮ ਕਿਉਂ ਨਹੀਂ ਚੁੱਕਿਆ ਅਤੇ ਕਿਉਂ ਗਾਂਧੀ ਜੀ ਨੇ ਭਗਤ ਸਿੰਘ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ?

ਇਸ ਸਵਾਲ ਦੇ ਜਵਾਬ ਵਿਚ ਕਈ ਲੋਕ ਇਹ ਆਖਦੇ ਹਨ ਕਿ ਅਗਰ ਮਹਾਤਮਾ ਗਾਂਧੀ ਜੀ ਨੇ ਭਗਤ ਸਿੰਘ ਜੀ ਦਾ ਸਮਰਥਨ ਕੀਤਾ ਹੁੰਦਾ ਤਾਂ ਉਹਨਾਂ ਦੀ ਖੁਦ ਦੀ ਵਿਚਾਰਧਾਰਾ ਤੇ ਪ੍ਰਸ਼ਨ ਖੜ੍ਹੇ ਹੁੰਦੇ ਅਤੇ ਜਿਸ ਅਹਿੰਸਾ ਦੇ ਰਸਤੇ ਤੇ ਉਹ ਬਹੁਤ ਅੱਗੇ ਵੱਧ ਚੁੱਕੇ ਸਨ, ਉਸ ਤੋਂ ਪਿੱਛੇ ਨਹੀਂ ਮੁੜ ਸਕਦੇ ਸੀ। ਇਸ ਗੱਲ ਤੋਂ ਸਾਫ ਹੈ ਕਿ ਗਾਂਧੀ ਜੀ ਅਤੇ ਭਗਤ ਸਿੰਘ ਜੀ ਦੀ ਵਿਚਾਰਧਾਰਾ ਹੀ ਮੁੱਖ ਕਾਰਨ ਹੈ, ਜਿਸਦੀ ਵਜ੍ਹਾ ਨਾਲ ਦੋਹਾਂ ਵਿਚ ਟਕਰਾਅ ਹੋਇਆ ਤੇ ਗਾਂਧੀ ਜੀ ਨੇ ਭਗਤ ਸਿੰਘ ਜੀ ਤੋਂ ਦੂਰੀ ਬਣਾਈ ਰੱਖਣਾ ਹੀ ਠੀਕ ਸਮਝਿਆ। ਭਗਤ ਸਿੰਘ ਜੀ ਹਿੰਸਾ ਅਤੇ ਕ੍ਰਾਂਤੀ ਨੂੰ ਹੀ ਆਪਣਾ ਰਸਤਾ ਬਣਾਉਣਾ ਚਾਹੁੰਦੇ ਸਨ, ਜਦਕਿ ਗਾਂਧੀ ਜੀ ਅਹਿੰਸਾ ਤੋਂ ਇਲਾਵਾ ਕੋਈ ਦੂਸਰਾ ਰਸਤਾ ਨਹੀਂ ਅਪਣਾਉਣਾ ਚਾਹੁੰਦੇ ਸਨ। ਕਈ ਲੋਕ ਇਸ ਨੂੰ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਗਾਂਧੀ ਜੀ ਅਤੇ ਜਵਾਹਰ ਲਾਲ ਜੀ ਦਾ ਰਾਜਨੀਤਿਕ ਸਵਾਰਥ ਵੀ ਹੋ ਸਕਦਾ ਹੈ?

ਅਦਾਲਤ ਨੇ ਭਗਤ ਸਿੰਘ ਜੀ ਨੂੰ ਭਾਰਤੀ ਦੰਡ ਸਹਿੰਤਾ ਦੀ ਧਾਰਾ 129, 302 ਤੇ ਵਿਸਫੋਟਕ ਪਦਾਰਥ ਨਿਯਮਾਂ ਦੀ ਧਾਰਾ 6 ਅਤੇ 6 ਐਫ ਤੇ 'ਇੰਡੀਅਨ ਪੀਨਨ ਕੋਡ' ਦੀ ਧਾਰਾ 120 ਦੇ ਅੰਤਰਗਤ ਅਪਰਾਧੀ ਸਿੱਧ ਕੀਤਾ ਤੇ 7 ਅਕਤੂਬਰ, 1930 ਨੂੰ 68 ਸਫਿਆਂ ਦਾ ਨਿਰਣਾ ਦਿੱਤਾ, ਜਿਸ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

23 ਮਾਰਚ 1931 ਦੀ ਅੱਧੀ ਰਾਤ ਨੂੰ ਅੰਗਰੇਜ਼ ਸਰਕਾਰ ਨੇ ਭਾਰਤ ਦੇ ਤਿੰਨ ਮਹਾਨ ਸਪੂਤਾਂ ਸਰਦਾਰ ਭਗਤ ਸਿੰਘ ਜੀ, ਸ੍ਰੀ ਸੁਖਦੇਵ ਜੀ ਤੇ ਸ੍ਰੀ ਰਾਜਗੁਰੂ ਨੂੰ ਫਾਂਸੀ ਦੇ ਤਖਤੇ ਤੇ ਲਟਕਾ ਦਿੱਤਾ। ਅਦਾਲਤ ਦੇ ਹੁਕਮਾਂ ਅਨੁਸਾਰ ਇਹਨਾਂ ਤਿੰਨਾਂ ਨੂੰ 24 ਮਾਰਚ, 1931 ਨੂੰ ਸਵੇਰੇ 8 ਵਜੇ ਫਾਂਸੀ ਲਗਾਉਣੀ ਸੀ। ਪਰ ਇਨ੍ਹਾਂ ਤਿੰਨਾਂ ਨੂੰ 23 ਮਾਰਚ, 1931 ਨੂੰ ਹੀ ਦੇਰ ਸ਼ਾਮ ਤਕਰੀਬਨ 7 ਵਜੇ ਫਾਂਸੀ ਦੇ ਦਿੱਤੀ ਗਈ ਤੇ ਉਹਨਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਦੇਣ ਦੀ ਬਜਾਏ ਰਾਤੋ-ਰਾਤ ਟੁਕੜੇ ਕਰਕੇ ਸਤਲੁਜ ਨਦੀ ਦੇ ਕਿਨਾਰੇ ਹੁਸੈਨਵਾਲਾ ਵਿਖੇ ਲਿਜਾ ਕੇ ਦਰਿਆ ਦੇ ਕਿਨਾਰੇ ਜਲਾਅ ਦਿੱਤੀਆਂ ਗਈਆਂ। ਲੋਕ ਅੱਧੀ ਰਾਤ ਨੂੰ ਦਰਿਆ ਦੇ ਕਿਨਾਰੇ ਅੱਗ ਬਲਦੀ ਦੇਖ ਕੇ ਇਕੱਠੇ ਹੋ ਗਏ ਤੇ ਲੋਕਾਂ ਨੇ ਪੁੱਛਿਆ ਕਿ ਇਹ ਕਿਸ ਦੀਆਂ ਲਾਸ਼ਾਂ ਹਨ, ਜਿਹਨਾਂ ਨੂੰ ਜਲਾਅ ਰਹੇ ਹੋ, ਉਹ ਘਬਰਾ ਗਏ ਤੇ ਹਫੜਾ-ਦਫੜੀ ਵਿਚ ਉਨ੍ਹਾਂ ਨੇ ਲਾਸ਼ਾਂ ਦੇ ਟੁਕੜਿਆਂ ਨੂੰ ਦਰਿਆ ਵਿਚ ਸੁੱਟ ਕੇ ਦੌੜ ਗਏ, ਪਰ ਕੁਝ ਟੁਕੜੇ ਅੱਧਜਲੇ ਉਥੇ ਹੀ ਪਏ ਰਹਿ ਗਏ, ਜਿਹਨਾਂ ਨੂੰ ਲੋਕਾਂ ਨੇ ਮਗਰੋਂ ਆਪ ਇਕੱਠੇ ਕਰਕੇ ਜਲਾਅ ਦਿੱਤਾ। ਅੰਗਰੇਜ਼ਾਂ ਨੇ ਇਹ ਇਸ ਲਈ ਕੀਤਾ ਕਿ ਇਨ੍ਹਾਂ ਕ੍ਰਾਂਤੀਕਾਰੀਆਂ ਦੀ ਲੋਕਪ੍ਰਿਅਤਾ ਇੰਨੀ ਸੀ ਕਿ 24 ਮਾਰਚ ਨੂੰ ਜੇਲ੍ਹ ਦੇ ਆਲੇ ਦੁਆਲੇ ਲੋਕਾਂ ਦਾ ਇਕੱਠ 23 ਮਾਰਚ ਨੂੰ ਹੀ ਲੱਗਣਾ ਸ਼ੁਰੂ ਹੋ ਗਿਆ ਸੀ ਤੇ ਇਸ ਦੇ ਵਿਰੋਧ ਤੋਂ ਡਰਦਿਆਂ ਸਰਕਾਰ ਨੇ ਇਕ ਦਿਨ ਪਹਿਲਾਂ ਹੀ, ਨਿਸ਼ਚਿਤ ਮਿਤੀ ਤੋਂ ਪਹਿਲਾਂ ਫਾਂਸੀ ਦੇ ਦਿੱਤੀ।

ਜਦੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੇ ਤਖਤੇ ਵੱਲ ਲਿਆਂਦਾ ਜਾ ਰਿਹਾ ਸੀ ਤਾਂ ਤਿੰਨਾਂ ਹੀ ਯੋਧਿਆਂ ਨੇ ਆਪਣੀ ਇਕ-ਇਕ ਬਾਂਹ ਨੂੰ ਦੂਜੇ ਦੀਆਂ ਬਾਹਾਂ ਨਾਲ ਬੰਨ੍ਹ ਲਿਆ ਤੇ ਤਿੰਨਾਂ ਨੇ ਹੀ ਇਕੋ ਸਾਥ ਇਕੱਠਿਆਂ ਨੇ ਨਿਮਨ-ਲਿਖਤ ਸ਼ਿਅਰ ਗਾਇਆ:-

'ਦਿਲ ਸੇ ਨਿਕਲੇਗੀ, ਨਾ ਮਰਕਰ ਭੀ, ਵਤਨ ਕੀ ਉਲਫਤ,
ਮੇਰੀ ਮਿੱਟੀ ਸੇ ਭੀ, ਖੁਸ਼ਬੂ-ਏ-ਵਤਨ ਆਏਗੀ।'

ਅੰਗਰੇਜ਼ਾਂ ਨੇ ਭਗਤ ਸਿੰਘ ਜੀ ਨੂੰ ਤਾਂ ਖਤਮ ਕਰ ਦਿੱਤਾ ਪਰ ਉਸ ਦੀ ਵਿਚਾਰਧਾਰਾ ਨੂੰ ਨਹੀਂ ਖਤਮ ਕਰ ਸਕੇ, ਜਿਸ ਨੇ ਦੇਸ਼ ਦੀ ਆਜ਼ਾਦੀ ਦੀ ਨੀਂਹ ਰੱਖੀ। ਭਗਤ ਸਿੰਘ ਜੀ ਅੱਜ ਵੀ ਦੇਸ਼ ਵਿਚ ਇਨਕਲਾਬ ਜਾਂ ਕ੍ਰਾਂਤੀ ਦੀ ਪਛਾਣ ਵਜੋਂ ਜਾਣੇ ਜਾਂਦੇ ਹਨ।

ਅੱਜ ਅਸੀਂ ਆਜ਼ਾਦਹਾਂ। ਭਾਰਤ ਨੂੰ ਅੰਗਰੇਜ਼ਾਂ ਤੋਂ 1947 ਵਿਚ ਆਜ਼ਾਦੀ ਮਿਲੀ ਸੀ। ਲੇਕਿਨ ਇਹ ਆਜ਼ਾਦੀ ਵੀ ਬੜੀਆਂ ਮੁਸ਼ਕਿਲਾਂ ਨਾਲ ਮਿਲੀ ਸੀ। ਇਸ ਆਜ਼ਾਦੀ ਦਾ ਅਸੀਂ ਬਹੁਤ ਵੱਡਾ ਮੁੱਲ ਵੀ ਚੁਕਾਇਆ ਹੈ। ਦੇਸ਼ ਦੇ ਹਜ਼ਾਰਾਂ ਜਵਾਨਾਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਆਪਣੀ ਜਾਨ ਨੂੰ ਹੱਸਦੇ-ਹੱਸਦੇ ਨਿਛਾਵਰ ਕਰ ਦਿੱਤਾ। ਦੇਸ਼ ਦੇ ਅਜਿਹੇ ਹੀ ਨੌਜਵਾਨ ਸ਼ਹੀਦ ਭਗਤ ਸਿੰਘ ਜੀ ਸਨ। ਭਗਤ ਸਿੰਘ ਜੀ ਦਾ ਨਾਮ ਆਉਂਦਿਆਂ ਹੀ ਇਕ ਅਜਿਹੇ ਸੁਤੰਤਰਤਾ ਸੈਨਾਨੀ ਦਾ ਨਾਮ ਸਾਹਮਣੇ ਆਉਂਦਾ ਹੈ, ਜਿਸਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕ੍ਰਾਂਤੀ ਦਾ ਰਸਤਾ ਚੁਣਿਆ ਤੇ ਫਾਂਸੀ ਨੂੰ ਹੱਸਦੇ-ਹੱਸਦੇ ਸਵੀਕਾਰ ਕੀਤਾ। ਭਗਤ ਸਿੰਘ ਜੀ ਨੇ ਉਸ ਸਮੇਂ ਨੌਜਵਾਨਾਂ ਦੇ ਦਿਲਾਂ ਵਿਚ ਜੋ ਕ੍ਰਾਂਤੀ ਦੀ ਮਿਸਾਲ ਜਗਾਈ ਸੀ, ਉਸ ਨੂੰ ਅਦੁੱਤੀ ਮੰਨਿਆ ਜਾਂਦਾ ਹੈ। ਸਰਦਾਰ ਭਗਤ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀ ਦਾ ਰਸਤਾ ਹੀ ਸਭ ਤੋਂ ਵਧੀਆ ਮੰਨਿਆ ਅਤੇ ਖੁਦ ਵੀ ਇਸੇ ਰਸਤੇ ਤੇ ਚਲਦੇ ਹੋਏ, ਸ਼ਹੀਦ ਹੋਏ ਤੇ ਆਪਣੇ ਆਪ ਨੂੰ 'ਸ਼ਹੀਦੇ-ਆਜ਼ਮ' ਅਖਵਾਇਆ।

ਕੁਝ ਹੀ ਦਿਨ ਪਹਿਲਾਂ ਲਾਹੌਰ ਹਾਈਕੋਰਟ ਦੇ ਹੁਕਮਾਂ ਨਾਲ ਮਿਲੀ ਐਫ. ਆਈ. ਆਰ. ਦੀ ਅਸਲ ਕਾਪੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਦਿੱਤੀ ਫਾਂਸੀ ਦੀ ਸਜ਼ਾ ਬਾਰੇ ਨਵੀਂ ਚਰਚਾ ਸ਼ੁਰੂ ਕਰ ਦਿੱਤੀ ਹੈ। ਇਸ ਐਫ. ਆਈ. ਆਰ. ਦੀ ਅਸਲ ਕਾਪੀ ਤੋਂ ਨਿਆਂ ਪ੍ਰਣਾਲੀ ਬਾਰੇ ਨਵੇਂ ਸਵਾਲ ਉਭਰੇ ਹਨ। ਇਸ ਕਾਪੀ ਵਿਚ ਜੌਹਨ ਪੀ. ਸਾਂਡਰਸ ਨੂੰ ਕਤਲ ਕਰਨ ਵਾਲੇ ਦੋ ਅਣਪਛਾਤੇ ਵਿਅਕਤੀਆਂ ਦਾ ਜ਼ਿਕਰ ਹੈ। ਇਹ ਰਿਪੋਰਟ 17 ਦਸੰਬਰ, 1928 ਨੂੰ ਸਾਂਡਰਸ ਦੇ ਕਤਲ ਉਪਰੰਤ ਅਨਾਰਕਲੀ ਪੁਲਿਸ ਸਟੇਸ਼ਨ ਵਿਚ ਦਰਜ ਕੀਤੀ ਗਈ ਸੀ।

ਐਫ. ਆਈ. ਆਰ. ਅਨੁਸਾਰ ਪੁਲਿਸ ਹੱਤਿਆਰਿਆਂ ਦੀ ਨਿਸ਼ਾਨਦੇਹੀ ਨਹੀਂ ਕਰ ਸਕੀ। ਬਾਅਦ ਵਿਚ ਘਟਨਾ ਦਾ ਸ਼ਿਕਾਇਤ ਕਰਤਾ ਇੰਸਪੈਕਟਰ ਮਿਸਟਰ ਟਰੈਂਪ ਕਥਿਤ ਹੱਤਿਆਰਿਆਂ ਦੀ ਅਦਾਲਤ ਵਿਚ ਹੀ ਪਛਾਣ ਕਰ ਸਕਿਆ। ਇੱਥੋਂ ਤੱਕ ਕਿ ਜਿਹੜਾ ਹਥਿਆਰ ਇਹ ਵਾਰਦਾਤ ਕਰਨ ਵੇਲੇ ਵਰਤਿਆ ਗਿਆ ਸੀ, ਉਹ ਵੀ ਪੇਸ਼ ਨਾ ਕੀਤਾ ਗਿਆ ਅਤੇ ਨਾ ਹੀ ਮੌਕੇ ਦੀ ਕਿਸੇ ਗਵਾਹੀ ਨੇ ਇਸਦੀ ਜ਼ਾਮਨੀ ਭਰੀ। ਅਸਲੀਅਤ ਇਹ ਹੈ ਕਿ ਚਾਰ ਮਹੀਨੇ ਤੱਕ ਇੰਗਲੈਂਡ ਤੋਂ ਆਈ ਪੁਲਿਸ ਮਾਹਿਰ ਵੀ ਇਸ ਵਾਰਦਾਤ ਬਾਰੇ ਕੁਝ ਨਹੀਂ ਦੱਸ ਸਕੇ।

8 ਅਪ੍ਰੈਲ, 1929 ਨੂੰ ਭਗਤ ਸਿੰਘ ਤੇ ਉਹਨਾਂ ਦੇ ਸਾਥੀ ਬੀ. ਕੇ. ਦੱਤ ਨੇ ਨਵੀਂ ਦਿੱਲੀ ਵਿਚ ਕੌਂਸਟੀਟੂਐਂਟ ਅਸੈਂਬਲੀ ਵਿਚ ਧਮਾਕਾ ਕਰਨ ਪਿੱਛੋਂ ਖੁਦ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ। ਇਸ ਮੁਕੱਦਮੇ ਤੋਂ ਬਾਅਦ ਹੀ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਬ੍ਰਿਟਿਸ਼ ਸਾਮਰਾਜ ਵੱਲੋਂ ਪੂਰੀ ਤਰ੍ਹਾਂ ਗ੍ਰਿਫਤ ਵਿਚ ਲੈਣ ਲਈ ਲਾਹੌਰ ਸਾਜਿਸ਼ ਕੇਸ ਰਚਿਆ ਗਿਆ, ਜਿਸ ਵਿਚ ਮੁੱਖ ਇਲਜ਼ਾਮ ਇਹ ਲਾਇਆ ਗਿਆ ਕਿ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ 'ਹਿੰਦੁਸਤਾਨ ਰਿਪਬਲੀਕਨ ਆਰਮੀ' ਬਣਾ ਕੇ ਬਾਦਸ਼ਾਹ ਜਾਰਜ ਪੰਚਮ ਦੇ ਰਾਜ ਨੂੰ ਹਿੰਦੁਸਤਾਨ ਵਿਚੋਂ ਹਟਾਉਣ ਲਈ ਜੰਗ ਦੀ ਸਾਜਿਸ਼ ਰਚੀ।

ਅਸੈਂਬਲੀ ਬੰਬ ਕੇਸ ਦੀ ਸੁਣਵਾਈ ਦਿੱਲੀ ਵਿਚ ਹੋਈ। ਇਸ ਕੇਸ ਵਿਚ 6 ਜੂਨ, 1929 ਨੂੰ ਜੋ ਬਿਆਨ ਅਦਾਲਤ ਵਿਚ ਭਗਤ ਸਿੰਘ ਨੇ ਦਿੱਤਾ, ਉਸ ਨੇ ਪੂਰੇ ਦੇਸ਼ ਵਿਚ ਇਨਕਲਾਬੀ ਰੂਹ ਫੂਕ ਦਿੱਤੀ। ਇਸ ਕੇਸ ਵਿਚ 14 ਜੂਨ 1929 ਨੂੰ ਭਗਤ ਸਿੰਘ ਤੇ ਬੀ. ਕੇ. ਦੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤੇ ਇਹਨਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ। ਇੱਥੇ ਭਗਤ ਸਿੰਘ ਨੇ ਭਾਰਤੀ ਕੈਦੀਆਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਭੁੱਖ ਹੜਤਾਲ ਕਰ ਦਿੱਤੀ। ਇਸ ਹੜਤਾਲ ਦੀ ਬਦੌਲਤ ਕੈਦੀਆਂ ਨੂੰ ਖੁਰਾਕ ਅਤੇ ਪੜ੍ਹਨ ਲਈ ਕਿਤਾਬਾਂ ਇਕਸਾਰ ਮਿਲਣੀਆਂ ਆਰੰਭ ਹੋਈਆਂ।

ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਜੋ ਖੁਦ ਜਮਹੂਰੀ, ਸਮਾਨਤਾਵਾਦੀ ਤੇ ਕੌਮਪ੍ਰਸਤ ਲਹਿਰਾਂ ਵਿਚ ਨਿਰੰਤਰ ਸਰਗਰਮ ਰਹੇ ਹਨ, ਦਾ ਕਹਿਣਾ

(ਬਾਕੀ ਅਗਲੇ ਸਫੇ ਤੇ)

# 'ਇਨਕਲਾਬ' ਦਾ ਦੂਸਰਾ ਨਾਮ ਸ਼ਹੀਦੇ-ਆਜ਼ਮ-ਸਰਦਾਰ ਭਗਤ ਸਿੰਘ

ਹੈ ਕਿ ਦਸਤਾਵੇਜ਼ਾਂ ਦੇ ਆਧਾਰ ਤੇ ਇਸ ਸਿੱਟੇ 'ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਲਾਹੌਰੀ ਸਾਜਿਸ਼ ਕੇਸ ਦੀ ਸੁਣਵਾਈ ਦੌਰਾਨ ਸਾਰੇ ਕਾਨੂੰਨੀ ਤੌਰ ਤਰੀਕਿਆਂ ਨੂੰ ਅਣਦੇਖਿਆ ਕੀਤਾ ਗਿਆ। ਆਮ ਕੇਸ ਵਿਚ ਮੈਜਿਸਟ੍ਰੇਟ ਦੀ ਇਨਕੁਆਰੀ ਹੁੰਦੀ ਹੈ, ਫਿਰ ਮੈਜਿਸਟ੍ਰੇਟ ਕੇਸ ਨੂੰ ਸੰਗੀਨ ਮੰਨ ਕੇ ਸੈਸ਼ਨ ਦੇ ਸਪੁਰਦ ਕਰਦਾ ਹੈ। ਸੈਸ਼ਨ ਕੋਰਟ ਫਿਰ ਸਾਰੀਆਂ ਗਵਾਹੀਆਂ ਅਤੇ ਸਬੂਤਾਂ ਦੀ ਘੋਖ ਕਰਨ ਅਤੇ ਸਾਰੇ ਪੱਖ ਸੁਣਨ ਮਗਰੋਂ ਸਜ਼ਾ ਨਿਰਧਾਰਿਤ ਕਰਦਾ ਹੈ। ਇਸ ਦੀ ਅਪੀਲ ਤੇ ਸਜ਼ਾ ਦੀ ਤਾਈਦ ਹਾਈਕੋਰਟ ਵੱਲੋਂ ਕੀਤੀ ਜਾਂਦੀ ਹੈ ਪਰ ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਪਹਿਲਾਂ ਇਹ ਕਾਨੂੰਨੀ ਤਾਕਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਕਿ ਮੁਲਜ਼ਮ ਦੀ ਗੈਰ ਹਾਜ਼ਰੀ ਵਿਚ ਗਵਾਹੀਆਂ ਦਰਜ ਕੀਤੀਆਂ ਜਾਣ ਅਤੇ ਇਹ ਬਿਲ ਸਤੰਬਰ, 1929 ਨੂੰ ਕੇਂਦਰੀ ਅਸੈਂਬਲੀ ਵਿਚ ਪੇਸ਼ ਹੋਇਆ। ਇਸ ਦੀ ਭਾਰਤੀ ਲੀਡਰਸ਼ਿਪ ਵੱਲੋਂ ਮੁਹੰਮਦ ਅਲੀ ਜਿਨਾਹ ਨੇ ਸਖ਼ਤ ਨੁਕਤਾਚੀਨੀ ਕੀਤੀ। ਲਿਹਾਜ਼ਾ ਇਹ ਬਿਲ ਪਾਸ ਨਾ ਹੋ ਸਕਿਆ, ਇਸ ਤੋਂ ਮਗਰੋਂ ਮੈਜਿਸਟ੍ਰੇਟੀ ਜਾਂਚ ਵਿਚਾਲੇ ਹੀ ਬੰਦ ਕਰਕੇ ਇਸ ਸਪੈਸ਼ਲ ਆਰਡੀਨੈਂਸ ਰਾਹੀਂ ਟ੍ਰਿਬਿਊਨਲ ਸਥਾਪਤ ਕੀਤਾ ਗਿਆ, ਜਿਸ ਨੂੰ ਹਾਈ ਕੋਰਟ ਵਾਲੀਆਂ ਸ਼ਕਤੀਆਂ ਦਿੱਤੀਆਂ ਗਈਆਂ। ਇਹ ਆਰਡੀਨੈਂਸ ਨਾ ਕੇਂਦਰੀ ਅਸੈਂਬਲੀ ਅਤੇ ਨਾ ਹੀ ਬ੍ਰਿਟਿਸ਼ ਪਾਰਲੀਮੈਂਟ ਵਿਚ ਪੇਸ਼ ਕੀਤਾ ਗਿਆ। ਲਿਹਾਜ਼ਾ ਇਸ ਦੀ ਮਿਆਦ 6 ਮਹੀਨਾ ਉਪਰੰਤ 30 ਅਕਤੂਬਰ 1930 ਨੂੰ ਖਤਮ ਹੋ ਜਾਣੀ ਸੀ।

ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਪਹਿਲੇ ਦਿਨ ਹੀ ਜਦੋਂ ਟ੍ਰਿਬਿਊਨਲ ਸਾਹਮਣੇ ਪੇਸ਼ ਹੋਏ ਕਹਿ ਦਿੱਤਾ ਕਿ ਟ੍ਰਿਬਿਊਨਲ ਸਿਰਫ ਅੱਖਾਂ ਪੂੰਝਣ ਲਈ ਹੈ, ਜਿਸ ਨੇ ਸਜ਼ਾਵਾਂ ਦੇਣ ਦਾ ਫੈਸਲਾ ਪਹਿਲਾਂ ਹੀ ਕੀਤਾ ਹੋਇਆ ਹੈ। ਉਹਨਾਂ ਨੇ ਆਪਣੇ ਵਿਚਾਰਾਂ ਨੂੰ ਟ੍ਰਿਬਿਊਨਲ ਸਾਹਮਣੇ ਨਾਅਰੇ ਲਗਾ ਕੇ ਸਪਸ਼ਟ ਕੀਤਾ ਤਾਂ ਟ੍ਰਿਬਿਊਨਲ ਦੇ ਪ੍ਰਧਾਨ ਕੋਲਡ ਸਟਰੀਮ ਨੇ ਮੁਲਜ਼ਮਾਂ ਨੂੰ ਹੱਥਕੜੀਆਂ ਲਾਉਣ ਦਾ ਹੁਕਮ ਦਿੱਤਾ। ਇਸ ਹੁਕਮ ਉਤੇ ਟ੍ਰਿਬਿਊਨਲ ਦੇ ਤੀਜੇ (ਭਾਰਤੀ ਮੂਲ ਦੇ) ਜੱਜ ਆਗਾ ਹੈਦਰ ਨੇ ਇਤਰਾਜ਼ ਕੀਤਾ (ਜੋ ਰਿਕਾਰਡ ਉਪਰ ਮੌਜੂਦ ਹੈ) ਮੁਲਜ਼ਮਾਂ ਦੀ ਗੈਰ ਹਾਜ਼ਰੀ ਵਿਚ ਕੁਝ ਗਵਾਹੀਆਂ ਵੀ ਪੇਸ਼ ਕੀਤੀਆਂ ਗਈਆਂ। ਇਹਨਾਂ ਗਵਾਹੀਆਂ 'ਤੇ ਜਦੋਂ ਜੱਜ ਆਗਾ ਹੈਦਰ ਨੇ ਜਿਰ੍ਹਾ ਕਰਵਾਈ ਤਾਂ ਇਹ ਝੂਠੀਆਂ ਸਾਬਤ ਹੋਈਆਂ। ਬ੍ਰਿਟਿਸ਼ ਸਾਮਰਾਜ ਨੂੰ ਜਦੋਂ ਸਾਜਿਸ਼ ਅਧੀਨ ਇਨਕਲਾਬੀਆਂ ਨੂੰ ਗਲੋਂ ਲਾਹੁਣ ਵਿਚ ਅਸਫਲਤਾ ਨਜ਼ਰ ਆਈ ਤਾਂ ਪਹਿਲੇ ਟ੍ਰਿਬਿਊਨਲ ਨੂੰ ਇਹ ਕਹਿ ਕੇ ਤੋੜ ਦਿੱਤਾ ਗਿਆ ਕਿ ਪ੍ਰਧਾਨ ਜੱਜ ਛੁੱਟੀ ਤੇ ਇੰਗਲੈਂਡ ਜਾ ਰਹੇ ਹਨ। ਜੱਜ ਆਗਾ ਹੈਦਰ ਨੂੰ ਟ੍ਰਿਬਿਊਨਲ ਤੋਂ ਜ਼ਬਰਦਸਤੀ ਹਟਾ ਦਿੱਤਾ ਗਿਆ। ਫਿਰ ਨਵਾਂ ਟ੍ਰਿਬਿਊਨਲ ਗਠਿਤ ਕਰ ਦਿੱਤਾ ਗਿਆ, ਜਿਸ ਦੇ ਪ੍ਰਧਾਨ ਹੈਮਿਲਟਨ ਸਨ। ਉਨ੍ਹਾਂ ਨਾਲ ਅੰਗਰੇਜ਼ ਜੱਜ ਟਰੈਂਪ ਅਤੇ ਭਾਰਤੀ ਮੂਲ ਦੇ ਜੱਜ ਅਬਦੁਲ ਕਾਦਿਰ ਨੂੰ ਲਗਾਇਆ ਗਿਆ। ਅਬਦੁਲ ਇਕ ਰਾਜਨੀਤਿਕ ਵਿਅਕਤੀ ਸੀ ਅਤੇ ਪੰਜਾਬ ਅਸੈਂਬਲੀ ਦਾ ਵੀ ਚੇਅਰਮੈਨ ਰਹਿ ਚੁੱਕਾ ਸੀ। ਉਸ ਨੂੰ 14 ਫਰਵਰੀ, 1930 ਨੂੰ ਐਡੀਸ਼ਨਲ ਜੱਜ ਲਗਾਇਆ ਗਿਆ ਸੀ। ਸਾਜਿਸ਼ ਕੇਸ ਫਾਈਨਲ ਹੋਣ ਉਪਰੰਤ ਉਹਨਾਂ ਨੂੰ ਵਾਇਸਰਾਏ ਕੌਂਸਲ ਦਾ ਮੈਂਬਰ ਵੀ ਨਿਯੁਕਤ ਕੀਤਾ ਗਿਆ।

ਭਗਤ ਸਿੰਘ ਤੇ ਸਾਥੀਆਂ ਨੇ ਨਵੇਂ ਟ੍ਰਿਬਿਊਨਲ ਦਾ ਇਹ ਕਹਿੰਦੇ ਹੋਏ ਬਾਈਕਾਟ ਕਰ ਦਿੱਤਾ ਕਿ ਸਾਡਾ ਕਿਸੇ ਵਿਅਕਤੀ ਨਾਲ ਵਿਰੋਧ ਨਹੀਂ। ਸਾਡਾ ਉਸ ਗੈਰ-ਕਾਨੂੰਨੀ ਅਦਾਲਤੀ ਹੁਕਮ ਪ੍ਰਤੀ ਵਿਰੋਧ ਹੈ ਜਿਸ ਵਿਚ ਸਾਡੇ ਹੱਕਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ ਹੈ।

ਨਵੇਂ ਟ੍ਰਿਬਿਊਨਲ ਨੇ ਸਾਰੇ ਗਵਾਹ ਦੁਬਾਰਾ ਨਹੀਂ ਸੁਣੇ ਅਤੇ ਚੰਦ ਗਵਾਹਾਂ ਦੀਆਂ ਗਵਾਹੀਆਂ ਦੇ ਆਧਾਰ ਤੇ 7 ਅਕਤੂਬਰ, 1930 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਦੂਜੇ ਸਾਥੀਆਂ ਨੂੰ ਉਮਰ ਕੈਦ ਤੇ ਕੁਝ ਨੂੰ ਬਰੀ ਵੀ ਕਰ ਦਿੱਤਾ ਗਿਆ। ਜਿਹਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਉਹਨਾਂ ਵਿਚ ਡਾ: ਗਯਾ ਪ੍ਰਸਾਦ, ਸ਼ਿਵ ਵਰਮਾ, ਜੈਦੇਵ ਕਪੂਰ, ਵਿਜੇ ਕੁਮਾਰ ਸਿਨਹਾ, ਮਹਾਂਵੀਰ ਸਿੰਘ ਅਤੇ ਪੰਡਿਤ ਕਿਸ਼ੋਰੀ ਲਾਲ ਦੇ ਨਾਂ ਸ਼ਾਮਲ ਸਨ। ਹੋਰਨਾਂ ਨੂੰ ਘੱਟ ਸਜ਼ਾਵਾਂ ਦਿੱਤੀਆਂ ਗਈਆਂ। ਸਾਜਿਸ਼ ਕੇਸ ਵਿਚ 26 ਦੇਸ਼ ਭਗਤ ਸ਼ਾਮਲ ਸਨ, ਜਿਹਨਾਂ ਵਿਚੋਂ 16 ਨੂੰ ਸਜ਼ਾ ਹੋਈ ਅਤੇ 10 ਵਿਅਕਤੀਆਂ ਨੂੰ ਬਰੀ ਕਰ ਦਿੱਤਾ ਗਿਆ। ਬਰੀ ਹੋਣ ਵਾਲਿਆਂ ਵਿਚ ਵਾਅਦਾ-ਮੁਆਫ ਗਵਾਹ ਜੈ ਗੋਪਾਲ, ਹੰਸ ਰਾਜ ਵੋਹਰਾ, ਫਨਿੰਦਰ ਆਮਾਦਿ ਸ਼ਾਮਲ ਸਨ।

ਭਗਤ ਸਿੰਘ ਨੇ ਆਪਣੀ ਸ਼ਹਾਦਤ ਤੋਂ ਤਿੰਨ ਦਿਨ ਪਹਿਲਾਂ 20 ਮਾਰਚ 1931 ਨੂੰ ਪੰਜਾਬ ਦੇ ਗਵਰਨਰ ਨੂੰ ਚਿੱਠੀ ਲਿਖ ਕੇ ਸੁਚੇਤ ਕੀਤਾ, ਤੁਹਾਡੀ ਅਦਾਲਤ ਮੁਤਾਬਕ ਮੁੱਖ ਇਲਜ਼ਾਮ ਸਾਡੇ ਉਤੇ ਅੰਗਰੇਜ਼ ਬਾਦਸ਼ਾਹ ਦੀ ਹਿੰਦੁਸਤਾਨ ਵਿਚੋਂ ਹਕੂਮਤ ਖਤਮ ਕਰਨ ਲਈ ਬਾਦਸ਼ਾਹ ਖਿਲਾਫ ਜੰਗ ਛੇੜਨ ਅਤੇ ਉਸ ਦੀ ਯੋਜਨਾ ਬਣਾਉਣ ਦਾ ਸੀ ਜਿਸ ਕਰਕੇ ਸਾਨੂੰ ਮੌਤ ਦੀ ਸਜ਼ਾ ਦਿੱਤੀ ਗਈ, ਜਦੋਂ ਕਿ ਲੋਕਾਂ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਗਿਆ ਕਿ ਇਨ੍ਹਾਂ ਨੇ ਕਤਲ ਕੀਤਾ ਸੀ, ਜਿਸ ਕਰਕੇ ਇਨ੍ਹਾਂ ਨੂੰ ਫਾਂਸੀ ਦਿੱਤੀ ਗਈ ਹੈ। ਇਸ ਤੋਂ ਤੁਹਾਡੀ ਸਰਕਾਰ ਦੀ ਬਦਨੀਅਤੀ ਜ਼ਾਹਿਰ ਹੁੰਦੀ ਹੈ।''

ਭਗਤ ਸਿੰਘ ਤੇ ਸਾਥੀਆਂ ਨੇ ਟ੍ਰਿਬਿਊਨਲ ਦੀ ਗੈਰ-ਕਾਨੂੰਨੀ ਸਥਾਪਨਾ ਅਤੇ ਗੈਰ-ਕਾਨੂੰਨੀ ਮੁਕੱਦਮਾ ਪ੍ਰਕਿਰਿਆ ਨੂੰ ਪ੍ਰੀਵੀ ਕੌਂਸਲ (ਯੂ. ਕੇ.) ਵਿਚ ਚੈਲਿੰਜ ਕਰਨ ਦੀ ਯੋਜਨਾ ਬਣਾਈ ਪਰ ਪ੍ਰੀਵੀ ਕੌਂਸਲ ਨੇ ਇਸ ਅਪੀਲ ਨੂੰ ਇਹ ਕਹਿ ਕੇ ਦਾਖਲ ਨਾ ਕੀਤਾ ਕਿ ਇਸ ਨਾਲ ਫਾਂਸੀ ਵਿਚ ਦੇਰੀ ਹੋਵੇਗੀ ਤੇ ਜਦੋਂ ਕਿ ਅਜਿਹੇ ਹੀ ਇਕ ਕੇਸ ਵਿਚ (ਜੋ ਮਿਸਰ ਦੇ ਇਨਕਲਾਬੀਆਂ ਦਾ ਸੀ) ਨੂੰ ਪ੍ਰੀਵੀ ਕੌਂਸਲ ਨੇ ਸੁਣਵਾਈ ਲਈ ਮਨਜ਼ੂਰੀ ਦੇ ਦਿੱਤੀ ਸੀ। ਜ਼ਾਹਿਰ ਹੈ ਕਿ ਬ੍ਰਿਟਿਸ਼ ਹਕੂਮਤ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਫਾਂਸੀ ਦੇਣ ਦੀ ਪੱਕੀ ਧਾਰੀ ਬੈਠੀ ਸੀ।

'ਭਗਤ ਸਿੰਘ ਨੂੰ ਫਾਂਸੀ ਰਾਜਸੀ ਨਿਰਣਾ ਸੀ, ਕਾਨੂੰਨੀ ਨਹੀਂ।'

ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਣ ਸਿੰਘ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਦੇ ਇਲੈਕ-ਟ੍ਰੀਕਲ ਇੰਜੀਨੀਅਰਿੰਗ ਵਿਭਾਗ ਦੇ ਸਾਬਕਾ ਮੁਖੀ ਹਨ। ਉਹਨਾਂ ਨੇ ਭਗਤ ਸਿੰਘ ਬਾਰੇ ਛਿੜੇ ਵਿਵਾਦ ਬਾਰੇ ਆਪਣਾ ਮੱਤ ਪੇਸ਼ ਕਰਦਿਆਂ ਕਿਹਾ ਕਿ ਅਸਲ ਐਫ. ਆਈ. ਆਰ. ਆਉਣ ਨਾਲ ਬ੍ਰਿਟਿਸ਼ ਸਾਮਰਾਜ ਦੀ ਬੇਇਨਸਾਫ਼ੀ ਬੇਪਰਦ ਹੋ ਗਈ ਹੈ। ਬ੍ਰਿਟਿਸ਼ ਸਾਮਰਾਜ ਵੱਲੋਂ ਪ੍ਰਚਾਰ ਕੀਤਾ ਗਿਆ ਸੀ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਾਂਡਰਸ ਦੇ ਕਤਲ ਵਿਚ ਫਾਂਸੀ ਦੇ ਦਿੱਤੀ ਗਈ ਸੀ। ਅਸਲੀਅਤ ਹੋਰ ਸੀ।

ਭਗਤ ਸਿੰਘ ਨੇ ਟ੍ਰਿਬਿਊਨਲ ਨੂੰ ਕਿਹਾ ਸੀ ਕਿ ਉਹ ਇਨਕਲਾਬ ਲਈ ਵਿਚਾਰਾਂ ਦੀ ਲੜਾਈ ਲੜ ਰਹੇ ਹਨ। ਅੱਜ ਭਗਤ ਸਿੰਘ ਦੇ ਵਿਚਾਰਾਂ ਨੂੰ ਸਮਝਣ ਦੀ ਲੋੜ ਹੈ। ਇਹ ਪੁੱਛੇ ਜਾਣ 'ਤੇ ਕਿ ਭਗਤ ਸਿੰਘ ਦਾ ਪਰਿਵਾਰ ਉਹਨਾਂ ਦੀ ਫਾਂਸੀ ਨਾਲ ਜੁਬੜੇ ਨਵੇਂ ਅਧਿਆਏ ਦੇ ਅਧਿਐਨ ਲਈ ਪਾਕਿਸਤਾਨ ਜਾਵੇਗਾ ਤਾਂ ਉਹਨਾਂ ਕਿਹਾ, ''ਭਗਤ ਸਿੰਘ ਕੌਮੀ ਸਰਮਾਇਆ ਹਨ। ਭਗਤ ਸਿੰਘ ਯਾਦਗਾਰੀ ਫਾਊਂਡੇਸ਼ਨ ਉਹਨਾਂ ਲਈ ਆਮ ਤੌਰ 'ਤੇ ਕਾਨੂੰਨੀ ਲੜਾਈ ਲੜ ਰਹੀ ਹੈ।

ਉਸ ਦੇ ਕੰਮ ਵਿਚ ਅਸੀਂ ਦਖਲ ਨਹੀਂ ਦੇਣਾ ਚਾਹੁੰਦੇ। ਸਵਾਲ ਸਾਮਰਾਜ ਵੱਲੋਂ ਕਾਨੂੰਨ ਨੂੰ ਆਪਣੀ ਮਰਜ਼ੀ ਨਾਲ ਵਰਤਣ ਦਾ ਹੈ। ਵਾਅਦਾ ਮੁਆਫ ਗਵਾਹ ਦੀ ਗਵਾਹੀ ਵੀ ਕਾਨੂੰਨ ਅਨੁਸਾਰ ਫਾਂਸੀ ਨਹੀਂ ਦਿਵਾ ਸਕਦੀ।

ਇਸ ਦੇ ਬਾਵਜੂਦ ਫਾਂਸੀ ਦਿੱਤੀ ਗਈ। ਭਗਤ ਸਿੰਘ ਨੇ ਇਸ ਕਰਕੇ ਕੋਈ ਵਕੀਲ ਨਹੀਂ ਕੀਤਾ ਤਾਂ ਜੋ ਕੇਸ ਦੀ 'ਰਾਜਨੀਤਿਕ ਖੂਬਸੂਰਤੀ ਤੇ ਰੰਗਤ' ਖਤਮ ਨਾ ਹੋਵੇ। ਹੁਣ ਐਫ. ਆਈ. ਆਰ. ਨਾਲ ਜੁੜਿਆ ਪ੍ਰਕਰਣ ਇਸੇ ਤੱਥ ਦੀ ਗਵਾਹੀ ਹੈ ਕਿ ਭਗਤ ਸਿੰਘ ਨੂੰ ਫਾਂਸੀ ਰਾਜਸੀ ਫੈਸਲਾ ਸੀ, ਕਾਨੂੰਨੀ ਨਹੀਂ। ਇਹੀ ਗੱਲ ਬਰਤਾਨਵੀ ਸਰਕਾਰ ਦੀ ਕਥਨੀ ਤੇ ਕਰਨੀ ਵਿਚ ਅੰਤਰ ਪ੍ਰਗਟ ਕਰਦੀ ਹੈ।

## ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਖੇ ਵੱਖ-ਵੱਖ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ

(ਪਹਿਲੇ ਸਫੇ ਦੀ ਬਾਕੀ)

ਉਤਸ਼ਾਹ ਨਾਲ ਮਨਾਇਆ ਗਿਆ। ਅਖੰਡ ਪਾਠ ਦੀ ਸਮਾਪਤੀ ਉਪਰੰਤ 13 ਅਪ੍ਰੈਲ ਨੂੰ ਗੁਰੂ ਘਰ ਦੀ ਪਰਿਕਰਮਾ ਇੱਕ ਨਗਰ ਕੀਰਤਨ ਦੇ ਰੂਪ ਵਿੱਚ ਸ਼ਬਦ ਗਾਇਨ ਕਰਦਿਆਂ ਕੀਤੀ ਗਈ ਅਤੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਗਈ ।ਇਸ ਉਪਰੰਤ ਸਜਾਏ ਦੀਵਾਨਾਂ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਮਲਕੀਤ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ। ਇਸ ਹਫ਼ਤੇ ਹੀ ਵੀਕਐਂਡ 'ਤੇ 19 ਅਪ੍ਰੈਲ ਨੂੰ ਡੈਲਸ ਦੀ ਪੰਜਾਬੀ ਐਸੋਸੀਏਸ਼ਨ ਵੱਲੋਂ ਸਭਿਆਚਾਰਕ ਵਿਸਾਖੀ ਮੇਲਾ ਕਰਵਾਇਆ ਗਿਆ। ਦੂਰੋਂ ਨੇੜਿਆਂ ਵੱਡੀ ਗਿਣਤੀ 'ਚ ਪੰਜਾਬੀਆਂ ਨੇ ਪਹੁੰਚ ਕੇ ਮੇਲੇ ਦੀਆ ਰੌਣਕਾਂ ਵਧਾਈਆਂ। ਗਿੱਧਾ, ਭੰਗੜਾ ਟੀਮਾਂ ਨੇ ਅਤੇ ਵਾਰਿਸ ਭਰਾਵਾਂ ਨੇ ਨੱਚ-ਨੱਚ ਕੇ ਸਮਾਗਮ ਖੇਤਰ ਨੂੰ ਗੁੰਜਣ ਲਾ ਦਿੱਤਾ।ਵਿਸਾਖੀ ਦੇ ਮੌਕੇ 'ਤੇ ਗੁਰੂ ਘਰ ਦੀ ਗਰਾਊਂਡ ਵਿੱਚ 144ਵਾਂ ਖੇਡ ਮੇਲਾ ਕਰਵਾਇਆ ਗਿਆ ਜਿਸ ਵਿੱਚ 4 ਸਾਲ ਤੋਂ ਲੈ ਕੇ 65-70 ਸਾਲ ਤੱਕ ਦੇ ਬਜ਼ੁਰਗਾਂ ਬੱਚਿਆਂ-ਬੱਚੀਆਂ, ਭੈਣਾਂ ਤੇ ਮਾਤਾਵਾਂ ਨੇ ਹਿੱਸਾ ਲਿਆ। ਦਰਸ਼ਕ ਆਖਰੀ ਸਮੇਂ ਤੱਕ ਕਬੱਡੀ ਦੇ ਜੌਹਰ ਦੇਖਣ ਲਈ ਬੈਠੇ ਰਹੇ।

ਦਰਸ਼ਕਾਂ ਨੇ ਬਾਲੀਵਾਲ, ਰੱਸਾ, ਖੋ-ਖੋ ਅਤੇ ਕੱਬਡੀ ਦਾ ਜ਼ਿਆਦਾ ਆਨੰਦ ਮਾਣਿਆ। ਇਸ ਮੌਕੇ ਹਿਊਸਟਨ ਦੀਆਂ ਸੰਗਤਾਂ ਨੇ ਵੀ ਹਾਜ਼ਰੀਆ ਭਰੀਆਂ। ਆਖਰ ਵਿੱਚ ਡੈਲਸ ਅਤੇ ਹਿਊਸਟਨ ਦੇ ਪਤਵੰਤੇ ਸੱਜਣਾਂ ਵੱਲੋਂ ਖਿਡਾਰੀਆਂ ਨੂੰ ਇਨਾਮ ਤੇ ਟਰਾਫੀਆਂ ਦਿੱਤੀਆ ਗਈਆਂ। ਮਈ ਦੇ ਪਹਿਲੇ ਹਫ਼ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਧੂਮ-ਧਾਮ ਨਾਲ ਮਨਾਇਆ ਗਿਆ।



ਸੋਹੰ

ਜੈ ਗੁਰੂਦੇਵ


ਸੋਹੰ

ਛਡਦੇ ਗੋਰਾਂ ਮੜ੍ਹੀਆਂ ਪੂਜਨ, ਪੂਜੀ ਆਦਿ ਦੁਆਰੇ ਜਾ, ਆਦਿ ਦੁਆਰੇ ਗੁਰੂ ਆਦਿ ਪ੍ਰਕਾਸ਼, ਵੇਖੈ, ਈਹਾਂ ਮਰਮ ਸ਼ਬਦ ਕਾ ਪਾ।। ਆਦਿ ਧਰਮੀ ਤੂੰਆਦਿ ਕਾ ਮੰਤਰ ਪੜ੍ਹ, ਕਾਹੇ ਅਉਜੜ ਪਿਓ ਰਾਹ, ਲਖ ਲਖ ਗੋਰਾਂ ਮੜ੍ਹੀਆਂ ਦੇਵ ਪੂਜ, ਲਖ ਦੇਵੀ ਮਥੇ ਘਸਾਹ।। ਸ਼ਗ ਮਰਮਰ ਮੰਦਰ ਰਾਮ ਨਾ ਵਸ਼ਨ, ਆਵੇ ਸਚੇ ਦਿਲ ਝੁੰਗੀ ਵਿਚ ਆਹ ਏ ਤਨ ਮੰਦਰ ਆਦਿ ਦੁਆਰਾ ਹੈ। ਇਸ ਘਟ ਜੋਤ ਸ਼ਬਦ ਜਗਾਹ, ਇਸ਼ਰਦਾਸ ਕਹੇ ਛਡ ਵਹਿਮ ਦੀਆ ਪੋਥੀਆਂ, ਉਅੰ, ਸੋਹੰ ਸ਼ਬਦ ਜਪਾਹ।।

ਗੁਰੂ ਦਾ ਲੰਗਰ ਦੁਪਹਿਰ 12:30 ਵਜੇ



ਸਤਿਗੁਰੂ ਰਵਿਦਾਸ ਜੀ ਮਹਾਰਾਜ



ਸਵਾਮੀ ਇਸ਼ਰਦਾਸ ਜੀ ਮਹਾਰਾਜ

ਨੇਹਕਲੰਕ ਕਲਗੀ ਅਵਤਾਰ

ਪਰਮਪੂਜ ਪਰਮ ਸੰਤ ਸਵਾਮੀ ਇਸ਼ਰਦਾਸ ਜੀ ਮਹਾਰਾਜ ਦਾ

(ਗੁਰੂ ਆਦਿ ਪ੍ਰਕਾਸ਼ ਗ੍ਰੰਥ ਦੇ ਬਾਨੀ)

ਆਦਿ ਧਰਮ ਮੰਡਲ ਵੱਲੋਂ


ਮਹਾਨ ਜਨਮ ਦਿਹਾੜਾ

ਮਿਤੀ 28-5-2014, ਦਿਨ ਬੁੱਧਵਾਰ ਨੂੰ ਤਪਸਥਾਨ ਸਵਾਮੀ ਇਸ਼ਰਦਾਸ ਅਨੰਦਗੜ੍ਹ ਮਹਿਲਾਂਵਾਲੀ, ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ।

ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸ਼ੁਭ ਅਵਸਰ ਤੇ ਹੁੰਮ ਹੁੰਮਾ ਕੇ ਪਹੁੰਚੋ ਅਤੇ ਸਤਸੰਗ, ਰਸਭਿੰਨਾ ਕੀਰਤਨ ਸਰਵਣ ਕਰਕੇ ਆਪਣਾ ਜੀਵਨ ਸਫਲ ਕਰੋ ਜੀ।

**ਪ੍ਰੋਗਰਾਮ**

ਸੋਮਵਾਰ, 26 ਮਈ, 2014
ਆਰੰਭ ਪਾਠ ਸ੍ਰੀ ਗੁਰੂ ਆਦਿ ਪ੍ਰਕਾਸ਼ ਗ੍ਰੰਥ 10:00 ਵਜੇ ਸਵੇਰੇ
ਬੁੱਧਵਾਰ, 28 ਮਈ, 2014
ਨਿਸ਼ਾਨ ਸਾਹਿਬ 10: 00 ਵਜੇ ਸਵੇਰੇ
ਭੋਗ ਪਾਠ
ਸ਼੍ਰੀ ਗੁਰੂ ਆਦਿ ਪ੍ਰਕਾਸ਼ ਗ੍ਰੰਥ
11:00 ਵਜੇ ਸਵੇਰੇ
ਸਤਿਸੰਗ ਅਤੇ ਸ਼ਬਦ ਕੀਰਤਨ
11:00 ਤੋਂ 12:30 ਵਜੇ ਤੱਕ ਦੁਪਹਿਰ
(ਦੁਆਰਾ ਸੰਤ ਬਿਹਾਰੀ ਲਾਲ ਜੀ ਆਦਿ ਦੁਆਰਾ ਅਨੰਦਗੜ ਮਹਿਲਾਂਵਾਲੀ ਜ਼ਿਲ੍ਹਾ ਹੁਸ਼ਿਆਰਪੁਰ)



ਗਦਰੀ ਬਾਬਾ ਮੰਗੂਰਾਮ ਮੁੱਗੋਵਾਲੀਆ
ਬਾਨੀ ਆਦਿ ਧਰਮ ਮੰਡਲ

ਵਿਸ਼ੇਸ਼ ਯੋਗਦਾਨ

ਸਵ: ਚਾਚਾ ਗੁਰਦਿਆਲ, ਡਲੇਵਾਲ (ਐਨ ਆਰ ਆਈ ਇਟਲੀ) ਸਮੂਹ ਪਰਿਵਾਰ
ਸ੍ਰੀ ਅਮਰਜੀਤ ਗੁਰੂ (ਇੰਗਲੈਂਡ) ਵਾਲੇ ਸਮੂਹ ਪਰਿਵਾਰ


ਬਾਹਰ ਤੋਂ ਇਕ ਦੋ ਦਿਨ ਪਹਿਲਾਂ ਆਈ ਹੋਈ ਸਾਧ ਸੰਗਤ ਅਤੇ ਸੇਵਾਦਾਰਾਂ ਦੇ ਰਹਿਣ ਸਹਿਣ ਅਤੇ ਭੋਜਨ ਦਾ ਵਧੀਆ ਪ੍ਰਬੰਧ ਕੀਤਾ ਜਾਵੇਗਾ।

ਵੱਲੋਂ:-

ਸੰਤ ਬਿਹਾਰੀ ਲਾਲ ਜੀ ਆਦਿ ਦੁਆਰਾ ਅਨੰਦਗੜ੍ਹ ਮਹਿਲਾਂਵਾਲੀ ਜ਼ਿਲ੍ਹਾ ਹੁਸ਼ਿਆਰਪੁਰ
ਸ੍ਰੀ ਗੁਰੂ ਆਦਿ ਪ੍ਰਕਾਸ਼ ਟਰਸਟ (ਰਜਿ:) ਅਨੰਦਗੜ੍ਹ ਮਹਿਲਾਂਵਾਲੀ ਜ਼ਿਲ੍ਹਾ ਹੁਸ਼ਿਆਰਪੁਰ
ਮੋਬਾਇਲ 098821-52954

ਸਤਸੰਗ ਅਤੇ ਲੰਗਰ ਤੋਂ ਬਾਅਦ ਨਾਮ ਭਜਨ ਦਿੱਤਾ ਜਾਂਦਾ ਹੈ।

ਮੋਹਨ ਲਾਲ ਫਿਲੌਰੀਆ ਦੀ ਇਸ ਕਥਾ ਪੁਸਤਕ ''ਲਾਗੀ'' ਦੀ ਪਹਿਲੀ ਇਹ ਵਿਸ਼ੇਸ਼ਤਾ ਹੈ ਕਿ ਇਹ ਪੂਰਨ ਸੂਫੀ ਦਲਿਤ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਦੀ ਹੈ। ਮੋਹਨ ਲਾਲ ਦੀ ਇਹ ਪ੍ਰਾਪਤੀ ਹੈ ਕਿ ਉਹ ਜਾਤੀ ਹੀਣਤਾ ਦੀ ਥਾਵੇਂ ਜਾਤੀ ਗੌਰਵ ਨੂੰ ਉਭਾਰਦਾ ਹੈ। ਗੁਰਚਰਨ ਸਿੰਘ ਰਾਓ ਦਾ ਨਾਵਲ 'ਮਸ਼ਾਲਚੀ' ਜਾਂ ਅਤਰਜੀਤ ਤੇ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਉਪਰੰਤ ਅਣਗੌਲੇ ਦਲਿਤ ਵਰਗ ਦੇ ਜੀਵਨ ਦੇ ਬਹੁਪੱਖੀ ਸਰੋਕਾਰ ਇਸ ਕਥਾ ਪੁਸਤਕ 'ਲਾਗੀ' ਵਿਚੋਂ ਪ੍ਰਾਪਤ ਹੁੰਦੇ ਹਨ।



# ਲਾਗੀ

ਸਾਡੀ ਗੱਡੀ ਜਦੋਂ ਸੰਧੂ ਸਾਹਿਬ ਦੇ ਘਰ ਦੇ ਅੱਗੇ ਜਾ ਕੇ ਰੁਕੀ ਤਾਂ ਮਾਨੋਂ ਘਰ ਵਾਲਿਆਂ ਨੂੰ ਸਭ ਨੂੰ ਚਾਅ ਚੜ੍ਹ ਗਿਆ।

ਬਹੁਤ ਵੱਡੀ ਕੋਠੀ ਸੜਕ ਦੇ ਉਪਰ, ਵੱਡਾ ਸਾਰਾ ਗੇਟ, ਕਾਰ ਅੰਦਰ ਤੱਕ ਚਲੇ ਗਈ ਸੀ। ਇਹ ਬਲਕਾਰ ਦੇ ਸਹੁਰਿਆਂ ਦਾ ਘਰ ਸੀ। ਬਲਕਾਰ ਮੇਰੇ ਪਿੰਡ ਦੇ ਲੰਬੜਦਾਰ ਕਰਮ ਸਿੰਘ ਢਿੱਲੋਂ ਦਾ ਮੁੰਡਾ ਸੀ। ਮੇਰਾ ਪਹਿਲੀ ਤੋਂ ਲੈ ਕੇ ਐਮ. ਏ. ਤੱਕ ਦਾ ਜਮਾਤੀ ਸੀ। ਅਸੀਂ ਇਕੱਠੇ ਪੜ੍ਹੇ, ਇਕੱਠੇ ਵੱਡੇ ਹੋਏ। ਮੈਂ ਬੈਂਕ ਦੀ ਨੌਕਰੀ ਵਿਚ ਆ ਗਿਆ। ਉਸ ਦਾ ਪਿਓ ਸਿਆਸਤ ਵਿਚ ਸੀ। ਉਸ ਨੂੰ ਨੌਕਰੀ ਦੀ ਜ਼ਰੂਰਤ ਨਹੀਂ ਸੀ। ਉਸ ਨੇ ਕਦੀ ਨੌਕਰੀ ਵਾਸਤੇ ਕੋਸ਼ਿਸ਼ ਵੀ ਨਹੀਂ ਸੀ ਕੀਤੀ। ਚੋਖੀ ਜ਼ਮੀਨ, ਜੱਟ ਦਾ ਇਕੱਲਾ ਮੁੰਡਾ। ''ਕਿਉਂ ਕਰਨੀ ਗੁਲਾਮੀ'' ਉਸ ਦਾ ਵਿਚਾਰ ਸੀ।

ਫਿਰ ਪੱਚੀ ਛੱਬੀ ਸਾਲ ਦਾ ਹੋਇਆ ਤਾਂ ਉਸ ਦੀ ਸ਼ਾਦੀ ਕਰ ਦਿੱਤੀ ਗਈ। ਉਸ ਦੇ ਸਹੁਰਿਆਂ ਦਾ ਪਿੰਡ ਫਤੇਹ ਪੁਰ ਸਾਡੇ ਪਿੰਡ ਤੋਂ ਬਾਰਾਂ ਕੁ ਮੀਲ ਹੋਵੇਗਾ। ਉਸ ਦੀ ਸ਼ਾਦੀ ਜਿਸ ਘਰ ਹੋਈ ਉਹ ਸਾਡੇ ਲਈ ਨਵਾਂ ਨਹੀਂ ਸੀ। ਉਹ ਕੁੜੀ ਵੀ ਸਾਡੀ ਜਮਾਤਣ ਹੀ ਸੀ ਤੇ ਦੋਵੇਂ ਇਕੋ ਬਰਾਦਰੀ ਦੇ ਹੋਣ ਕਰਕੇ ਰਿਸ਼ਤਾ ਹੋਣ 'ਚ ਕੋਈ ਦਿੱਕਤ ਨਹੀਂ ਸੀ ਆਈ। ਕੋਈ ਵੀ ਪਿਆ, ਗੱਲਬਾਤ ਹੋਈ, ਦੋਵੇਂ ਧਿਰਾਂ ਨੂੰ ਰਿਸ਼ਤਾ ਮਨਜ਼ੂਰ ਹੋ ਗਿਆ। ਜ਼ਮੀਨ ਜਾਇਦਾਦ ਦੋਵਾਂ ਪਰਿਵਾਰਾਂ ਪਾਸ ਚੰਗੀ ਸੀ ਤੇ ਰਿਸ਼ਤਾ ਹੋ ਗਿਆ। ਅਸੀਂ ਬਰਾਤ ਵਿਚ ਗਏ ਸਾਂ। ਬਹੁਤ ਵੱਡਾ ਵਿਆਹ ਸੀ। ਦਾਜ ਦਹੇਜ, ਰੋਟੀ ਪਾਣੀ ਤੇ ਬਰਾਤ ਦਾ ਸਵਾਗਤ, ਇਲਾਕੇ ਵਿਚ ਧੁੰਮ ਪੈ ਗਈ ਸੀ।

ਵਿਆਹ ਤੋਂ ਬਾਅਦ ਉਸਦਾ ਸਹੁਰਾ ਸੰਧੂ ਕਈ ਵਾਰ ਸਾਡੇ ਪਿੰਡ ਆਇਆ। ਬਲਕਾਰ ਨੇ ਮੈਨੂੰ ਵੀ ਉਸ ਨਾਲ ਮਿਲਾਇਆ ਸੀ। ਭਾਪਾ ਜੀ ਇਹ ਮੇਰੇ ਬਚਪਨ ਦਾ ਦੋਸਤ ਹੈ, ਅੱਜ ਕੱਲ੍ਹ ਤਾਂ ਬੈਂਕ ਵਿਚ ਮੈਨੇਜਰ ਹੈ। ਉਹ ਮੇਰੇ ਵੱਲ ਵੇਖ ਮੈਨੂੰ ਸ਼ਰਮਿੰਦਾ ਜਿਹਾ ਕਰ ਗਿਆ। ਜਦੋਂ ਇਨ੍ਹਾਂ ਦੀ ਬੈਂਕ ਜਾਓ ਇਹ ਗੱਲ ਨਹੀਂ ਕਰਦੇ। ਇਹ ਕਹਿ ਉਹ ਫਿਰ ਮੁਸਕਰਾਇਆ। ਹਾਂ ਭਾਪਾ ਜੀ ਇਹ ਮੇਰੇ ਦੋਸਤ ਵੀ ਨੇ ਭਰਾ ਵੀ ਤੇ ਮੇਰੇ ਦੁੱਖ-ਸੁੱਖ ਦੇ ਸਾਂਝੀ ਵੀ। ਜੇਕਰ ਅੱਜ ਦੁਨੀਆਂ ਵਿਚ ਮੈਂ ਹਾਂ ਤਾਂ ਸਿਰਫ ਇਸ ਆਦਮੀ ਕਰਕੇ। ਮੇਰਾ ਇਕ ਵਾਰ ਬਹੁਤ ਭਿਆਨਕ ਐਕਸੀਡੈਂਟ ਹੋ ਗਿਆ ਸੀ। ਮੈਂ ਕਈ ਦਿਨ ਬੇਹੋਸ਼ ਰਿਹਾ। ਇਹ ਇਕ ਆਦਮੀ ਸੀ ਜੋ ਸਮੇਂ ਸਿਰ ਮੈਨੂੰ ਹਸਪਤਾਲ ਲੈ ਗਿਆ ਤੇ ਦਾਖਲ ਕਰਵਾਇਆ। ਖ਼ੂਨ ਮੇਰਾ ਸਾਰਾ ਨਿਕਲ ਗਿਆ ਸੀ, ਇਸ ਨੇ ਆਪਣਾ ਖ਼ੂਨ ਦੇ ਕੇ ਮੇਰੀ ਜਾਨ ਬਚਾਈ। ਮੈਨੂੰ ਬਚਾ ਲਿਆ, ਮੈਂ ਇਸ ਆਦਮੀ ਦੀ ਕਰਜ਼ਾਈ ਹਾਂ। ਸਭ ਜਾਤਾਂ ਪਾਤਾਂ ਭੁੱਲ ਕੇ ਉਸ ਦਿਨ ਤੋਂ ਸਾਡਾ ਤਾਂ ਹੁਣ ਖ਼ੂਨ ਦਾ ਰਿਸ਼ਤਾ ਬਣ ਚੁੱਕਾ ਹੈ। ਬਹੁਤ ਭਾਵੁਕ ਹੋ ਕੇ ਉਸ ਨੇ ਮੇਰੀ ਜਾਣ-ਪਛਾਣ ਆਪਣੇ ਸਹੁਰੇ ਨਾਲ ਕਰਾਈ ਸੀ। ਮੈਨੂੰ ਤਾਂ ਇਹ ਸਾਰਾ ਕੁਝ ਯਾਦ ਵੀ ਨਹੀਂ ਸੀ। ਹਾਂ ਉਸ ਦਾ ਐਕਸੀਡੈਂਟ ਹੋਇਆ ਸੀ ਤੇ ਬਲਕਾਰ ਨੂੰ ਮੇਰਾ ਖ਼ੂਨ ਦਿੱਤਾ ਗਿਆ ਸੀ। ਉਹ ਜੱਟਾਂ ਦਾ ਮੁੰਡਾ ਤੇ ਮੈਂ ਜੁੱਤੀਆਂ ਗੰਢਣ ਵਾਲਿਆਂ ਦਾ।

ਬਲਕਾਰ ਦੇ ਸਹੁਰੇ ਨੂੰ ਸਾਡੀ ਦੋਸਤੀ ਦਾ ਪਤਾ ਲੱਗ ਗਿਆ ਸੀ। ਬਹੁਤ ਸੁਲਝਿਆ ਹੋਇਆ ਵਿਅਕਤੀ ਸੀ ਉਹ। ਜਦੋਂ ਵੀ ਆਉਂਦਾ ਮਿਲਦਾ ਤੇ ਕਹਿੰਦਾ ''ਫਿਰ ਮੈਨੇਜਰ ਸਾਹਿਬ ਕਦੀ ਆਓ ਨਾ ਗਰੀਬ ਖਾਨੇ ਵੀ।'' ਉਹ ਆਪਣੇ ਘਰ ਨੂੰ ਗਰੀਬ ਖਾਨਾ ਹੀ ਦੱਸਦਾ। ਮਜ਼ਾਕ ਨਾਲ ਜਾਂ ਨਿਮਰਤਾ ਨਾਲ। ਫਿਰ ਇਕ ਦਿਨ ਸਾਡਾ ਪ੍ਰੋਗਰਾਮ ਬਣ ਹੀ ਗਿਆ। ਮੈਂ ਤੇ ਬਲਕਾਰ ਮਾਰੂਤੀ ਕਾਰ ਵਿਚ ਫਤਿਹਪੁਰ ਉਸ ਦੇ ਸਹੁਰੀ ਗਏ। ਘਰ ਵਾਲਿਆਂ ਨੂੰ ਇੰਨਾ ਚਾਅ ਚੜ੍ਹਿਆ ਕਿ ਉਹ ਮਾਨੋ ਜਿਵੇਂ ਪਹਿਲੀ ਵਾਰ ਉਥੇ ਗਿਆ ਹੋਵੇ। ਉਸ ਦੀ ਸੱਸ ਨੇ ਉਸ ਨੂੰ ਜੱਫੀ 'ਚ ਲੈ ਕੇ ਪਿਆਰ ਦਿੱਤਾ। ਸਹੁਰੇ ਨੇ ਵੀ ਬੜਾ ਲਾਡ ਕੀਤਾ, ''ਲਓ ਬਾਈ ਅੱਜ ਤੇ ਸੂਰਜ ਉਲਟਾ ਨਿਕਲਿਆ, ਮੈਨੇਜਰ ਸਾਹਿਬ ਨੂੰ ਕਿਧਰੋਂ ਰਾਹ ਲੱਭ ਗਿਆ'', ਸੰਧੂ ਸਾਹਿਬ, ਬਲਕਾਰ ਦਾ ਸਹੁਰਾ ਬੇਹੱਦ ਖੁਸ਼ ਸੀ। ਉਹ ਸਿੱਧਾ ਸਾਨੂੰ ਸਾਹਮਣੇ ਵਾਲੀ ਬੈਠਕ ਵਿਚ ਲੈ ਗਿਆ। ਇਕ ਨੌਕਰ ਕਿਸਮ ਦਾ ਆਦਮੀ ਪੈਪਸੀ ਲੈ ਕੇ ਹਾਜ਼ਰ ਹੋ ਗਿਆ ਸੀ। ਉਸ ਫਟਾਫਟ ਪੱਖਾ ਚਲਾਇਆ। ਏ. ਸੀ. ਵੀ ਆਨ ਕਰ ਦਿੱਤਾ ਸੀ। ਲਓ ਬਈ ਪਹਿਲਾਂ ਤਾਂ ਨਹਾ ਲਓ। ਆਓ ਮੈਨੇਜਰ ਸਾਹਿਬ ਇਹ ਦੇਖੋ ਬਾਥਰੂਮ, ਸਾਬਣ ਤੇਲ, ਤੁਸੀਂ ਨਹਾਓ ਫਿਰ ਬੈਠਦੇ ਹਾਂ ਘੜੀ ਗੱਪ-ਛੱਪ ਮਾਰਾਂਗੇ।''

ਮੈਂ ਤੇ ਬਲਕਾਰ ਨੇ ਨਹਾ ਲਿਆ ਸੀ।'' ਆਓ ਮੈਨੇਜਰ ਸਾਹਿਬ ਘਰ ਦਿਖਾਈਏ ਤੁਹਾਨੂੰ। ਫਿਰ ਆਪਾਂ ਬੈਠਦੇ ਹਾਂ।''

ਪੂਰੇ ਏਕੜ ਵਿਚ ਕੋਠੀ ਸੀ। ਬਾਗ-ਬਗੀਚਾ, ਪੰਦਰਾਂ ਵੀਹ ਕਮਰੇ, ਹਰ ਕਮਰੇ ਦੇ ਨਾਲ ਬਾਥਰੂਮ। ਪੱਖੇ, ਗੀਜ਼ਰ, ਰੂਮ ਹੀਟਰ, ਏ. ਸੀ. ਬੈਠਕਾਂ ਵਿਚ ਬੈਡ-ਪੀੜ੍ਹੇ ਸਭ ਪੱਛਮੀ ਸਟਾਈਲ ਦੇ।

ਬਹੁਤ ਵਧੀਆ ਬਹੁਤ ਵਧੀਆ, ਕਹਿ ਮੈਂ ਪਿੱਛੇ-ਪਿੱਛੇ ਜਾ ਰਿਹਾ ਸੀ। ਅਖੀਰ 'ਤੇ ਇਕ ਬਹੁਤ ਵੱਡਾ ਹਾਲ ਕਮਰਾ ਸੀ, ਜਿੱਥੇ ਜਾ ਕੇ ਅਸੀਂ ਬੈਠੇ ਸਾਂ। ਇਹ ਡਰਾਇੰਗ ਰੂਮ ਸੀ। ਇਕ ਕੋਨੇ ਵਿਚ ਇਸਦੇ ਬਾਰ ਬਣਾਇਆ ਹੋਇਆ ਸੀ। ਹਰ ਤਰ੍ਹਾਂ ਦੀ ਵਿਸਕੀ ਸ਼ੀਸ਼ੇ ਦੇ ਸ਼ੋਅ ਰੂਮ ਵਿਚ ਮੌਜੂਦ ਸੀ। ਲੈ ਬਈ ਬਲਕਾਰ ਪੁੱਛ ਲੈ ਮੈਨੇਜਰ ਸਾਹਿਬ ਨੂੰ ਕਿਹੜੀ ਪਸੰਦ ਕਰਦੇ ਨੇ। ਉਸ ਫ਼ਰਿੱਜ ਵਿਚੋਂ ਸੋਢੇ ਦੀਆਂ ਬੋਤਲਾਂ ਕੱਢ ਕੇ ਰੱਖ ਦਿੱਤੀਆਂ। ਉਸ ਨੌਕਰ ਨੁਮਾ ਆਦਮੀ ਨੇ ਤੁਰੰਤ ਨਮਕੀਨ ਲਿਆ ਰੱਖਿਆ ਸੀ। ''ਓਏ ਲੈ ਜਾ ਨਮਕੀਨ ਚੱਕ ਕੇ। ਜਾਹ ਬੀਬੀ ਜੀ ਕੋਲੋਂ ਕਾਜੂ ਬਦਾਮ ਲੈ ਕੇ ਆ।'' ਉਸ ਦੇ ਜੁਆਈ ਨੇ ਕਿਹੜਾ ਰੋਜ਼-ਰੋਜ਼ ਆਉਣਾ ਸੀ, ਉਸ ਦਾ ਇਹੀ ਮਤਲਬ ਸੀ।

ਦਾਰੂ ਲਈ ਮੈਂ ਨਾਂਹ ਕਰ ਦਿੱਤੀ ਸੀ। ''ਨਾ ਅੰਕਲ ਜੀ ਪੀਂਦਾ ਹੀ ਨਹੀਂ।''

''ਮੈਨੂੰ ਸਭ ਕੁਝ ਤੇਰੇ ਬਾਰੇ ਬਲਕਾਰ ਨੇ ਦੱਸਿਆ ਹੋਇਆ ਹੈ, ਅੱਜ ਤਾਂ ਮੇਰਾ ਮਨ ਬਹੁਤ ਖੁਸ਼ ਹੈ, ਮੈਨੂੰ ਬਹੁਤੀ ਖੁਸ਼ੀ ਹੋਈ ਹੈ, ਮੈਨੂੰ ਬਲਕਾਰ ਦੇ ਉਹ ਬੋਲ ਯਾਦ ਹਨ ਕਿ ਬਲਕਾਰ ਅਗਰ ਦੁਨੀਆਂ ਵਿਚ ਹੈ ਤਾਂ ਤੇਰੇ ਕਰਕੇ, ਤੂੰ ਉਸ ਦੀ ਜਾਨ ਬਚਾਈ ਸੀ।'' ਇਹ ਕਹਿ ਉਹ ਭਾਵੁਕ ਹੋ ਗਿਆ ਸੀ। ਅਸੀਂ ਸਾਰੇ ਭਾਵੁਕ ਹੋ ਗਏ ਸੀ। ਬਲਕਾਰ ਦਾ ਇਕੋ-ਇਕ ਸਾਲਾ ਅਮਰੀਕਾ ਵਿਚ ਸੀ। ਸੰਧੂ ਸਾਹਿਬ ਨੇ ਖੁਦ ਵਿਸਕੀ ਕੱਢੀ ਤੇ ਉਹ ਪੈਗ ਬਣਾਉਣ ਲੱਗ ਪਿਆ।

ਮੈਂ ਉਸ ਦੀ ਬੈਠਕ ਵੱਲ ਧਿਆਨ ਮਾਰਿਆ ਤਾਂ ਕਮਰਾ ਅਲੱਗ-ਅਲੱਗ ਤਰ੍ਹਾਂ ਦੀਆਂ ਤਸਵੀਰਾਂ ਨਾਲ ਭਰਿਆ ਪਿਆ ਸੀ। ਇੰਦਰਾ ਗਾਂਧੀ ਦੀ ਤਸਵੀਰ ਵੀ ਸੀ। ਉਸ ਦੀਆਂ ਕੁਝ ਤਸਵੀਰਾਂ ਜਗਜੀਵਨ ਰਾਮ ਨਾਲ ਸਨ, ਫਿਰ ਬੂਟਾ ਸਿੰਘ ਨਾਲ, ਗਿਆਨੀ ਜੈਲ ਸਿੰਘ ਨਾਲ, ਲੱਗਦਾ ਸੀ ਕਿ ਉਸ ਦੇ ਸਬੰਧ ਕਾਂਗਰਸੀਆਂ ਨਾਲ ਰਹੇ ਹਨ। ਦੂਸਰੇ ਪਾਸੇ ਦੇਖਿਆ ਤਾਂ ਅਕਾਲੀ ਲੀਡਰਾਂ ਨਾਲ ਵੀ ਕੁਝ ਤਸਵੀਰਾਂ ਸਨ। ਅਸੀਂ ਇਕ ਦੋ-ਦੋ ਪੈਗ ਲੈ ਚੁੱਕੇ ਸਾਂ।

ਮੈਂ ਅਚਾਨਕ ਹੀ ਸਵਾਲ ਪੁੱਛ ਬੈਠਾ, ''ਕੀ ਗੱਲ ਇਧਰ ਕਾਂਗਰਸੀ ਲੀਡਰ ਹਨ ਤੇ ਦੂਜੇ ਪਾਸੇ ਅਕਾਲੀ।''

''ਹਾਂ ਸਹੀ ਪੁੱਛਿਆ, ਇਹ ਗੱਲ ਬਹੁਤ ਲੋਕਾਂ ਨੇ ਪੁੱਛੀ ਹੈ ਮੈਨੂੰ। ਅਸਲ ਵਿਚ ਆਹ ਜਗਜੀਵਨ ਰਾਮ ਬਹੁਤ ਵਧੀਆ ਲੀਡਰ ਸੀ, ਕਾਂਗਰਸ ਕੋਲ, ਅਸੀਂ ਬਹੁਤ ਸਾਲ ਕਾਂਗਰਸ ਨਾਲ ਰਹੇ। ਕਾਂਗਰਸ ਹੌਲੀ-ਹੌਲੀ ਬਦਨਾਮ ਹੋ ਗਈ। ਫਿਰ ਜਦ ਬਲਕਾਰ ਦਾ ਵਿਆਹ ਹੋਇਆ, ਇਨ੍ਹਾਂ ਦੇ ਸਹੁਰਿਆਂ ਦਾ ਝੁਕਾਅ ਕਾਂਗਰਸ ਦੇ ਖ਼ਿਲਾਫ਼ ਸੀ ਤੇ ਅਕਾਲੀਆਂ ਵੱਲ ਸੀ। ਫਿਰ ਤੈਨੂੰ ਪਤਾ ਕੁੜਮ ਦੀ ਨਾ ਮੰਨੋ ਤਾਂ।''

ਸੱਚਮੁੱਚ ਅੱਜ ਸੰਧੂ ਸਾਹਿਬ ਬਹੁਤ ਖੁਸ਼ ਸਨ। ਉਹ ਸਿਆਸਤ ਤੋਂ ਹਟ ਕੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਰਦਾ ਰਿਹਾ। ਸਮਾਜ ਭਲਾਈ ਦੀਆਂ, ਧਾਰਮਿਕ ਵਿਸ਼ਿਆਂ 'ਤੇ, ਇਸ ਤੋਂ ਇਲਾਵਾ ਕੁਰੱਪਸ਼ਨ 'ਤੇ, ਦੇਸ਼ ਦੀ ਗਰੀਬੀ 'ਤੇ, ਹੋਰ ਅਜੋਕੇ ਵਿਸ਼ਿਆਂ 'ਤੇ। ਫਿਰ ਉਸ ਨੇ ਮੇਰੇ ਤੋਂ ਪੁੱਛਿਆ ''ਬੈਂਕਾਂ ਵਿਚ ਕਰਜ਼ਾ ਕਿਵੇਂ ਦੇਂਦੇ ਹੋ। ਵਿਆਜ਼ ਦੀ ਦਰ ਕੀ ਹੈ।'' ਵਗੈਰਾ-ਵਗੈਰਾ। ਉਹ ਸਾਰੀ ਰਾਤ ਜਾਗਣਾ ਚਾਹੁੰਦੇ ਸੀ ਤੇ ਗੱਲਾਂ ਕਰੀ ਜਾਣੀਆਂ ਚਾਹੁੰਦੇ ਸੀ। ਮੈਂ ਸੌਂ ਜਾਣਾ ਚਾਹੁੰਦਾ ਸੀ ਤੇ ਸਵੇਰੇ ਉਠ ਕੇ ਡਿਊਟੀ 'ਤੇ ਜਾਣ ਦਾ ਫਿਕਰ ਸੀ। ਬੜੀ ਮੁਸ਼ਕਿਲ ਨਾਲ ਖਾਣਾ ਖਾਧਾ ਤੇ ਸੌਂ ਗਏ।

ਅਗਲੀ ਸਵੇਰ ਜਲਦੀ ਉਠ ਕੇ ਤਿਆਰ ਹੋ ਕੇ ਡਿਊਟੀ 'ਤੇ ਜਾਣਾ ਸੀ। ਨਹਾ ਧੋ ਕੇ ਤਿਆਰ ਹੋ ਗਏ ਸਾਂ। ਨਾਸ਼ਤੇ ਵਾਸਤੇ ਪਰੌਂਠੇ ਬਣਾ ਕੇ ਟੇਬਲ 'ਤੇ ਲਗਾ ਦਿੱਤੇ ਗਏ ਸਨ। ਅਸੀਂ ਬੈਠੇ ਸੀ ਖਾਣ ਵਾਸਤੇ। ਖਾਣ ਦੀ ਏਨੀ ਇੱਛਾ ਨਹੀਂ ਸੀ। ਰਾਤ ਦਾ ਮੁਰਗਾ ਹੇਠਾਂ ਹੋਇਆ ਹੀ ਨਹੀਂ ਸੀ। ਫਿਰ ਵੀ ਥੋੜ੍ਹਾ-ਥੋੜ੍ਹਾ ਖਾ ਕੇ ਮੁਕਤ ਹੋ ਗਏ ਸੀ।

''ਚੰਗਾ ਜੀ ਸਤਿ ਸ੍ਰੀ ਅਕਾਲ ਹੁਣ ਤੁਸੀਂ ਕਦੀ ਚੱਕਰ ਮਾਰਿਓ। ਬੈਂਕ ਦੀ ਕੋਈ ਸੇਵਾ ਹੋਏ ਤਾਂ ਦੱਸਣਾ।''

ਏਨਾ ਕਹਿ ਕੇ ਮੈਂ ਗੱਡੀ ਵੱਲ ਨੂੰ ਤੁਰਿਆ, ਬੈਠਣ ਵਾਸਤੇ।

''ਮੈਂ ਆਖਿਆ ਕੀ ਕਰੀ ਜਾਂਦੇ ਹੋ। ਰੋਕੋ ਪ੍ਰਾਹੁਣਿਆਂ ਨੂੰ, ਕੀ ਜਲਦੀ ਪਾਈ ਜਾਂਦੇ ਹੋ, ਬਲਕਾਰ ਰੁਕੋ ਜ਼ਰਾ, ਆਹ ਏਨਾਂ ਦੀਆਂ ਸਰਦਾਰੀਆਂ ਤਾਂ ਦਿਓ। ਇਹ ਪਹਿਲੀ ਵਾਰ ਆਏ ਹਨ,'' ਇਹ ਬਲਕਾਰ ਦੀ ਸੱਸ ਦੀ ਆਵਾਜ਼ ਸੀ। ਉਹ ਸੰਧੂ ਸਾਹਿਬ ਨੂੰ ਆਖ ਰਹੀ ਸੀ, ਉਸਦੇ ਹੱਥ ਵਿਚ ਕੰਬਲ ਫੜਿਆ ਹੋਇਆ ਸੀ ਕੁਝ ਹੋਰ ਕੱਪੜੇ ਤੇ ਹੱਥ ਵਿਚ ਸੌ-ਸੌ ਦੇ ਨੋਟ। ''ਉਹ ਤੇਰਿਆਂ ਦੀ, ਮੈਂ ਤਾਂ ਭੁੱਲ ਹੀ ਗਿਆ ਸੀ। ''ਹਾਂ ਜੀ ਠਹਿਰੋ ਮੈਨੇਜਰ ਸਾਹਿਬ ਬਲਕਾਰ ਸਿਹਾਂ ਗੱਲ ਸੁਣ ਬਈ,'' ਸੰਧੂ ਸਾਹਿਬ ਬੋਲੇ।

''ਮੈਂ ਆਖਿਆ ਕੀ ਕਰੀ ਜਾਂਦੇ ਹੋ ਬੇਬੇ ਨੂੰ ਆਵਾਜ਼ ਮਾਰੋ ਨਾ ਉਹ ਫਿਰ ਆਖੇਗੀ ਮੈਨੂੰ ਤਾਂ ਦੱਸਿਆ ਹੀ ਨਹੀਂ।'' ਬਲਕਾਰ ਦੀ ਸੱਸ ਫਿਰ ਆਖ ਰਹੀ ਸੀ। ਉਹ ਫਿਰ ਆਪ ਹੀ ਬੇਬੇ ਨੂੰ ਬੁਲਾਉਣ ਚਲੀ ਗਈ। ਬੇਬੇ, ਬਲਕਾਰ ਦੀ ਵਹੁਟੀ ਦੀ ਦਾਦੀ ਸੀ।

''ਲਓ ਮੈਨੇਜਰ ਸਾਹਿਬ ਏਨੀਆਂ ਗੱਲਾਂ ਰਾਤੀਂ ਮਾਰੀਆਂ, ਤੁਹਾਨੂੰ ਇਕ ਗੱਲ ਦੱਸਣੀ ਤਾਂ ਭੁੱਲ ਹੀ ਗਏ।'' ''ਹਾਂ ਦੱਸੋ ਅੰਕਲ ਜੀ'' ਮੈਂ ਥੋੜ੍ਹਾ ਉਤਾਵਲਾ ਹੋਇਆ। ''ਐਤਕਾਂ ਪੰਚਾਇਤ ਦੀਆਂ ਚੋਣਾਂ ਹੋਈਆਂ ਸਾਡੇ ਪਿੰਡ। ਸਾਡੇ ਪਿੰਡ ਵਿਚ ਸਰਕਾਰ ਕਹਿੰਦੀ ਸਰਪੰਚ ਕਿਸੇ ਬੀਬੀ ਨੂੰ ਬਣਾਓ। ਜਾਣੀ ਬੀਬੀ ਵਾਸਤੇ ਰੀਜ਼ਰਵ ਕਰ ਦਿੱਤੀ ਸਰਪੰਚੀ। ਫਿਰ ਕੀ ਸੀ ਅਸੀਂ ਫਿਰ ਆਪਣੀ ਬੇਬੇ ਨੂੰ ਪਿੰਡ ਦੀ ਸਰਪੰਚ ਬਣਾ ਦਿੱਤਾ। ਘਰਵਾਲੀ ਨੂੰ ਕਿਹਾ ਸੀ ਬਈ ਤੂੰ ਬਣ ਜਾ। ਬਾਹਰਲਾ ਕੰਮ ਤਾਂ ਅਸੀਂ ਕਰੀ ਜਾਣਾ, ਤੁਹਾਡੀ ਕਿਰਪਾ ਨਾਲ। ਇੱਥੇ ਪਿੰਡ ਦਾ ਘਰ ਦੀ ਹੀ ਹੈ ਮਾੜਾ ਮੋਟਾ। ਫਿਰ ਰਲ ਮਿਲ ਕੇ ਅਸੀਂ ਬੇਬੇ ਨੂੰ ਪਿੰਡ ਦੀ ਸਰਪੰਚੀ ਬਣਾ ਦਿੱਤਾ।'' ''ਲਓ ਜੀ ਆ ਗਈ ਬੀਬੀ ਬਲਵੰਤ ਕੌਰ ਸੰਧੂ। ਸਰਪੰਚ ਪਿੰਡ ਫਤਿਹਪੁਰ। ਸਾਹਮਣੇ ਤੋਂ ਬੇਬੇ ਤੇ ਬਲਕਾਰ ਦੀ ਸੱਸ ਆ ਰਹੀਆਂ ਸਨ। ਸੰਧੂ ਸਾਹਿਬ ਆਪਣੀ ਮਾਂ ਨੂੰ ਆਉਂ-ਦਿਆਂ ਦੇਖ ਕੇ ਖੁਸ਼ ਹੋ ਰਹੇ ਸਨ। ਵਿਅੰਗ ਜਿਹਾ ਵੀ ਕਰ ਰਹੇ ਸਨ। ''ਲੈ ਬੇਬੇ ਆਹ ਸਰਦਾਰੀ ਫੜਾ ਬਲਕਾਰ ਨੂੰ ਤੇ ਉਹਦੇ ਦੋਸਤ ਨੂੰ...।''

ਸੰਧੂ ਸਾਹਿਬ ਬੋਲੇ, ''ਅੱਛਾ ਆਹ ਤਾਂ ਬਲਕਾਰ ਦਾ ਹੈ ਤੇ ਆਹ ਨਾਲ ਦੇ ਪਰਾਹੁਣੇ ਦਾ..।'' ਬੇਬੇ ਬੋਲੀ।

'ਆਹੋ' ਬਲਕਾਰ ਦੀ ਸੱਸ ਬੋਲੀ।

ਮੈਂ ਨਾਂਹ ਕਰ ਰਿਹਾ ਸੀ ਇਹ ਨਹੀਂ ਲੈ ਕੇ ਜਾਣਾ।

''ਮੈਨੂੰ ਪਹਿਲਾਂ ਇਹ ਦੱਸੋ ਇਹ ਨਾਲ ਦਾ ਮੁੰਡਾ ਹੈ ਕਿੱਥੇ।'' ਬੇਬੇ ਬੋਲੀ।

''ਇਹ ਮੁੰਡਾ ਬਲਕਾਰ ਸਿਹੁੰ ਦੇ ਪਿੰਡੋਂ ਹੀ ਹੈ ਉਸਦਾ ਦੋਸਤ ਹੈ...।''

''ਕਿਨ੍ਹਾਂ ਦਾ? ਜੱਟਾਂ ਦਾ ਮੁੰਡਾ?'' ਉਹ ਮੈਨੂੰ ਕਲੀਨ ਸ਼ੇਵ ਦੇਖ ਕੇ ਬੋਲੀ ਸੀ।

''ਨਹੀਂ।''

''ਫਿਰ ਬ੍ਰਾਹਮਣਾਂ ਦਾ ਮੁੰਡਾ।''

''ਨਹੀਂ ਬੇਬੇ ਤੂੰ ਕੀ ਲੈਣਾ ਇਨ੍ਹਾਂ ਗੱਲਾਂ ਤੋਂ ਇਹ ਸਰਦਾਰੀ ਇਨ੍ਹਾਂ ਦੀ ਫੜਾ ਇਹ ਜਾਣ, ਇਹ ਮੁੰਡਾ ਬੈਂਕ 'ਚ ਮੈਨੇਜਰ ਹੈ।'' ਸੰਧੂ ਸਾਹਿਬ ਬੋਲੇ।

ਨਾ ਇਹ ਤਾਂ ਠੀਕ ਹੈ ਬਲਕਾਰ ਸਿਹੁੰ ਦੇ ਪਿੰਡੋਂ ਹੈ ਪਰ ਮੁੰਡਾ ਕਿਨ੍ਹਾਂ ਦਾ ਹੈ।'' ਬੁੱਢੀ ਮੇਰੇ ਬਾਰੇ ਜਾਣ ਲੈਣਾ ਚਾਹੁੰਦੀ ਸੀ।

''ਬੇਬੇ ਇਹ ਮੁੰਡਾ ਤਾਂ ਚਮਾਰਾਂ ਦਾ ਹੈ ਆ ਆਦਿ-ਧਰਮੀਆਂ 'ਚੋਂ। ਓਦਾਂ ਤਾਂ ਪੜ੍ਹਿਆ ਲਿਖਿਆ ਬੈਂਕ 'ਚ ਮੁਲਾਜ਼ਮ ਹੈ, ਬਲਕਾਰ ਦਾ ਦੋਸਤ ਹੈ'' ਬਲਕਾਰ ਦੀ ਸੱਸ ਨੇ ਦੱਸਿਆ, ਹੌਲੀ ਜਿਹੀ ਉਹਦੇ ਕੰਨ ਵਿਚ।

''ਫਿਰ ਐਉਂ ਆਖੋ ਨਾ, ਇਹ ਤੇ ਫਿਰ ਪਿੰਡ ਦਾ ਲਾਗੀ ਹੋਇਆ। ਲੈ ਬਈ ਫੜ ਜੁਆਨਾ, ਤੂੰ ਤੇ ਪਿੰਡ ਦਾ ਲਾਗੀ ਹੋਇਆ, ਤੇਰਾ ਤਾਂ ਬਈ ਬਣਦਾ ਈ ਹੈ, ਕੀ ਆਖੇਂਗਾ। ਪਿੰਡ ਜਾ ਕੇ ਫਤੇਹਪੁਰ ਸੰਧੂਆਂ ਨੇ ਲਾਗੀ ਨੂੰ ਖਾਲੀ ਹੱਥੀਂ ਤੋਰਿਆ.. '' ਉਹ ਬੇਬੇ ਹੱਥ ਵਿਚ ਫੜਿਆ ਹੋਇਆ ਕੰਬਲ ਮੇਰੇ ਵੱਲ ਨੂੰ ਧੱਕਣ ਲੱਗੀ- ਸੌ ਦਾ ਨੋਟ ਵੀ ਮੇਰੇ ਜੇਬ ਵਿਚ ਪਾਉਣ ਲਈ ਆਈ। ''ਲਾਗੀਆਂ ਨੂੰ ਖਾਲੀ ਹੱਥੀਂ ਭੁੱਖੇ ਨੰਗੇ ਤੋਰਦੇ ਹਨ। ਏਥੋਂ ਕਦੀ ਕੋਈ ਲਾਗੀ ਖਾਲੀ ਹੱਥੀਂ ਨਹੀਂ ਗਿਆ। ਇੱਥੇ ਕਿਸੇ ਗੱਲ ਦੀ ਕੋਈ ਤੋਟ ਏ, ਰੱਬ ਨੇ ਭਾਗ ਲਾਏ ਨੇ... '' ਸਰਪੰਚ ਬੀਬੀ ਬੋਲੀ ਜਾ ਰਹੀ ਸੀ। ਸੰਧੂ ਸਾਹਿਬ ਚੁੱਪ ਖੜ੍ਹੇ ਸਨ। ਮੇਰੀ ਮੈਨੇਜਰੀ ਮੇਰੇ ਮੱਥੇ 'ਤੇ ਬਹੁਤ ਦੇਰ ਦੀ ਲੱਥ ਕੇ ਜ਼ਮੀਨ 'ਤੇ ਡਿੱਗ ਪਈ ਸੀ। ਲਾਗੀ ਸ਼ਬਦ ਨੇ ਮੈਨੂੰ ਬੇਚੈਨ ਕਰ ਦਿੱਤਾ ਸੀ। ਕੰਬਲ ਕਦੋਂ ਦਾ ਕਿਸੇ ਨੇ ਮਾਰੂਤੀ ਕਾਰ ਵਿਚ ਰੱਖ ਦਿੱਤਾ ਸੀ। ਸੰਧੂ ਸਾਹਿਬ ਦਾ ਰੰਗ ਉਡ ਗਿਆ, ਮੁਸਕਰਾਹਟ ਗਾਇਬ ਹੋ ਗਈ ਸੀ। ਅਸੀਂ ਚੁੱਪ-ਚਾਪ ਗੱਡੀ ਵਿਚ ਬੈਠ ਗਏ ਸਾਂ। ''ਫਿਰ ਵੀ ਚੱਕਰ ਮਾਰਿਓ'' ਸੰਧੂ ਸਾਹਿਬ ਨੇ ਤੁਰਨ ਲੱਗਿਆਂ ਆਖਿਆ ਸੀ।

ਬੱਲੇ ਪਿੱਪਲ ਦਿਆ ਬੂਟਿਆ, ਵੇ ਤੈਨੂੰ ਬੁੱਧ ਦੀਆਂ ਰੱਖਾਂ। ਸਾਲ ਪੰਝੀ ਸੌ ਲੰਘ ਗਏ, ਵੇ ਤੂੰ ਜੀਵੇ ਹੋਰ ਲੱਖਾਂ।



ਪਿੱਪਲ ਦਾ ਉਹ ਦਰਖਤ ਜਿਸ ਦੇ ਹੇਠਾਂ ਭਗਵਾਨ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ।

Happy
Lord Buddha Jayanti

Raj Kumar Oshoraj

Vice President
Indian Buddhist Society
Toronto, Canada
17 Fred Bland Cres., Toronto,
Ontario, M1J3L7, Canada



Raj Kumar Oshoraj

# ਖਾਪ ਪੰਚਾਇਤਾਂ ਹਾਨੀਕਾਰਕ ਹਨ ਜਮਹੂਰੀਅਤ ਤੇ ਅਜ਼ਾਦੀ ਲਈ



ਪ੍ਰੋ. ਕਰਮਜੀਤ ਕੌਰ ਕਿਸ਼ਾਵਲ
kishanwal.k@gmail.com

ਪਿਛਲੇ ਕੁਝ ਸਾਲਾਂ ਵਿੱਚ ਖਾਪ ਪੰਚਾਇਤਾਂ ਦੁਆਰਾ ਪ੍ਰੇਮ ਵਿਆਹ, ਅੰਤਰ ਜਾਤੀ ਸੰਬੰਧ, ਆਧੁਨਿਕ ਪੁਸ਼ਾਕ ਤੇ ਜੀਵਨ ਸ਼ੈਲੀ ਨੂੰ ਲੈ ਕੇ ਜਿਸ ਤਰ੍ਹਾਂ ਦੇ ਤੁਗਲਕੀ ਫ਼ੁਰਮਾਨ ਸੁਣਾਏ ਜਾ ਰਹੇ ਹਨ, ਉਸ ਨਾਲ ਖਾਪ ਪੰਚਾਇਤਾਂ ਦਾ ਅਕਸ ਧਾੜਵੀਆਂ ਵਾਲਾ ਬਣਦਾ ਜਾ ਰਿਹਾ ਹੈ ਤੇ ਲੋਕਾਂ ਦੀ ਆਜ਼ਾਦੀ ਤੇ ਜਮਹੂਰੀਅਤ ਖੁੱਸਦੀ ਜਾ ਰਹੀ ਹੈ। ਕਈ ਦਹਾਕਿਆਂ ਤੋਂ ਖਾਪ ਪੰਚਾਇਤਾਂ ਦਾ ਵਜੂਦ ਸੰਕੁਚਿਤ ਮਾਨਸਿਕਤਾ, ਮਰਦ ਪ੍ਰਧਾਨ ਸੋਚ ਵਾਲਾ ਬਣਿਆ ਹੋਇਆ ਹੈ, ਜੋ ਕਿ ਸੰਵਿਧਾਨ ਤੇ ਕਾਨੂੰਨ ਉਲਟ ਫ਼ੈਸਲਾ ਕਰ ਰਹੀਆਂ ਹਨ। ਇਸ ਦੇ ਸਿੱਟੇ ਆਮ ਲੋਕਾਂ ਤੇ ਖ਼ਾਸ ਕਰਕੇ ਇਸਤਰੀਆਂ ਨੂੰ ਭੋਗਣੇ ਪੈ ਰਹੇ ਹਨ। ਫ਼ੈਸਲਾ ਨਾ ਮੰਨਣ ਵਾਲੀਆਂ ਇਸਤਰੀਆਂ ਨੂੰ ਬੇਅਦਬੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਪਰ ਰਾਜਨੀਤਕ ਥਾਪੜਾ ਹੋਣ ਕਰਕੇ ਇਨ੍ਹਾਂ ਖਾਪ ਪੰਚਾਇਤਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੁੰਦੀ। ਸੂਚਨਾ ਕ੍ਰਾਂਤੀ ਕਾਰਨ ਲੋਕ ਇਨ੍ਹਾਂ ਵਿਰੁੱਧ ਜਾਗ੍ਰਿਤ ਹੋਣੇ ਸ਼ੁਰੂ ਹੋ ਗਏ ਹਨ ਤੇ ਹੁਣ ਇਨ੍ਹਾਂ ਵਿਰੁੱਧ ਜਨਤਕ ਪੱਧਰ 'ਤੇ ਵੀ ਆਵਾਜ਼ ਉੱਠ ਰਹੀ ਹੈ। ਇਹੀ ਕਾਰਨ ਹੈ ਕਿ ਕੁਝ ਮਹੀਨੇ ਪਹਿਲਾਂ ਖਾਪ ਪੰਚਾਇਤਾਂ ਨੇ ਕੰਨਿਆ ਭਰੂਣ ਹੱਤਿਆ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ। ਹੁਣ ਸਤਰੋਲਾ ਖਾਪ ਪੰਚਾਇਤ ਨੇ ਵੀ ਲੋਕ ਹਿਤੂ ਫੈਸਲਾ ਲਿਆ ਹੈ।

**ਸਤਰੋਲਾ ਪੰਚਾਇਤ ਦਾ ਸਹੀ ਫੈਸਲਾ**

ਸਤਰੋਲਾ ਖਾਪ ਦੇ ਇੱਕ ਫ਼ੈਸਲੇ ਅਨੁਸਾਰ ਹੁਣ 42 ਪਿੰਡਾਂ ਦੇ ਲੋਕ ਆਪਸ 'ਚ ਆਪਣੇ ਬੱਚਿਆਂ ਦਾ ਵਿਆਹ ਕਰ ਸਕਣਗੇ। ਅੰਤਰਜਾਤੀ ਵਿਆਹਾਂ ਤੋਂ ਵੀ ਪਾਬੰਦੀ ਹਟਾ ਲਈ ਗਈ ਹੈ। ਪਿਛਲੀ 20 ਅਪ੍ਰੈਲ ਨੂੰ ਹਰਿਆਣਾ ਦੇ ਹਿਸਾਰ ਜ਼ਿਲ੍ਹੇ 'ਚ ਸਤਰੋਲਾ ਖਾਪ ਪੰਚਾਇਤ 'ਚ ਲੋਕਾਂ ਨੇ ਕਿਹਾ ਕਿ ਸਮਾਂ ਬਦਲ ਗਿਆ ਹੈ, ਇਸ ਲਈ ਬਾਬਾ ਆਦਮ ਵੇਲੇ ਦੇ ਪੁਰਾਣੇ ਨਿਯਮ ਬਦਲਣੇ ਚਾਹੀਦੇ ਹਨ। ਹਾਲਾਂਕਿ ਪਿੰਡ ਦੇ ਅੰਦਰ ਤੇ ਪਿੰਡ ਨਾਲ ਲੱਗਦੇ ਦੂਜੇ ਪਿੰਡ 'ਚ ਵਿਆਹ ਅਤੇ ਗੋਤ ਵਿਆਹ 'ਤੇ ਪਾਬੰਦੀ ਰਹੇਗੀ। ਸਤਰੋਲਾ ਖਾਪ ਦੇ ਪੰਚਾਂ ਦਾ ਕਹਿਣਾ ਹੈ ਕਿ ਸਮਾਂ ਬਦਲ ਚੁੱਕਾ ਹੈ ਤੇ ਸਾਨੂੰ ਵੀ ਬਦਲਣਾ ਪਵੇਗਾ। ਆਸ ਹੈ ਕਿ ਹੌਲੀ-ਹੌਲੀ ਦੂਜੀਆਂ ਪੰਚਾਇਤਾਂ 'ਚ ਵੀ ਵਿਚਾਰ-ਵਟਾਂਦਰੇ ਦਾ ਦੌਰ ਸ਼ੁਰੂ ਹੋਵੇਗਾ ਤੇ ਉਹ ਵੀ ਰੂੜ੍ਹੀਵਾਦੀ ਰਿਵਾਜਾਂ ਤੇ ਰੀਤਾਂ ਨੂੰ ਤਿਆਗ ਕੇ ਵਿਗਿਆਨਕ ਨਿਯਮਾਂ ਨੂੰ ਅਪਨਾਉਣਗੀਆਂ।

ਸਤਰੋਲਾ ਪੰਚਾਇਤ ਦੇ ਇਸ ਸਮਾਜ ਹਿੱਤੂ ਫੈਸਲੇ ਨਾਲ ਕਈ ਖਾਪ ਪੰਚਾਇਤਾਂ ਸਹਿਮਤ ਨਹੀਂ ਹਨ। ਇੱਥੇ ਜ਼ਿਕਰਯੋਗ ਹੈ ਕਿ ਆਮ ਤੌਰ 'ਤੇ ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੀਆਂ ਖਾਪ ਪੰਚਾਇਤਾਂ ਆਪਣੇ ਲੋਕ ਵਿਰੋਧੀ ਫ਼ੈਸਲਿਆਂ ਤੇ ਲੋਕਾਂ ਦੇ ਨਿੱਜੀ ਮਾਮਲਿਆਂ 'ਚ ਦਖ਼ਲ ਕਾਰਨ ਚਰਚਾ 'ਚ ਰਹੀਆਂ ਹਨ। ਇੱਜ਼ਤ ਦੇ ਨਾਂ 'ਤੇ ਤੰਗ ਕਰਨ ਤੇ ਹੱਤਿਆਵਾਂ ਤੱਕ ਦਾ ਫੁਰਮਾਨ ਸੁਣਾਉਣ ਲਈ ਇਹ ਦੁਨੀਆਂ ਭਰ 'ਚ ਮਸ਼ਹੂਰ ਹਨ। ਅਜਿਹੀ ਸਥਿਤੀ ਵਿੱਚ ਜੇਕਰ ਸਤਰੋਲਾ ਖਾਪ ਨੇ ਇਹ ਸਕਾਰਾਤਮਕ ਫ਼ੈਸਲਾ ਕੀਤਾ ਹੈ, ਤਾਂ ਉਸ ਦਾ ਸੁਆਗਤ ਕਰਨਾ ਬਣਦਾ ਹੈ ਤੇ ਉਸ ਨੂੰ ਏਨਾ ਸਮੱਰਥਨ ਮਿਲਣਾ ਚਾਹੀਦਾ ਹੈ , ਤਾਂ ਕਿ ਹੋਰ ਖਾਪ ਪੰਚਾਇਤਾਂ ਇਸ ਸਮਾਜ ਸੁਧਾਰ ਦੀ ਦਿਸ਼ਾ ਵੱਲ ਚੱਲ ਸਕਣ।

**ਰੂੜੀਵਾਦੀ ਮਾਨਸਿਕਤਾ**

ਖਾਪ ਪੰਚਾਇਤਾਂ ਦੀ ਰੂੜ੍ਹੀਵਾਦੀ ਤੇ ਫਾਸ਼ੀਵਾਦੀ ਮਾਨਸਿਕਤਾ ਬਾਰੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਕ ਲੋਕਤਾਂਤਰਿਕ ਦੇਸ 'ਚ ਜਿੱਥੇ ਚੁਣੀਆਂ ਹੋਈਆਂ ਪੰਚਾਇਤਾਂ ਦੀਆਂ ਗਤੀਵਿਧੀਆਂ ਤੇ ਭੂਮਿਕਾ ਨਾਲ ਸਮਾਜ 'ਤੇ ਜ਼ਿਆਦਾ ਪ੍ਰਭਾਵ ਹੋਣਾ ਚਾਹੀਦਾ ਹੈ, ਉਥੇ ਖਾਪ ਤੇ ਗ਼ੈਰ-ਕਾਨੂੰਨੀ ਪੰਚਾਇਤਾਂ ਦਾ ਏਨਾ ਦਬਦਬਾ ਕਿਉਂ ਹੈ? ਚੁਣੀਆਂ ਗਈਆਂ ਇਕਾਈਆਂ ਨੂੰ ਜ਼ਿਆਦਾ ਤਾਕਤਵਰ ਤੇ ਪ੍ਰਭਾਵਸ਼ਾਲੀ ਕਿਉਂ ਨਹੀਂ ਬਣਾਇਆ ਜਾ ਰਿਹਾ। ਜਦ ਕਿ ਆਪਣੇ ਆਪ ਹੋਂਦ ਵਿੱਚ ਆਈਆਂ ਗ਼ੈਰ ਜਮਹੂਰੀ ਖਾਪ ਪੰਚਾਇਤਾਂ ਜਿਸ 'ਚ ਨਾ ਤਾਂ ਸਭ ਦੀ ਸਾਂਝੇਦਾਰੀ ਹੈ ਤੇ ਨਾ ਇਨ੍ਹਾਂ ਨੂੰ ਬਣਾਏ ਜਾਣ ਦਾ ਕੋਈ ਜਾਇਜ਼ ਢੰਗ ਹੈ, ਲੋਕਾਂ ਦੇ ਨਿੱਜੀ ਮਾਮਲਿਆਂ 'ਚ ਦਖ਼ਲਅੰਦਾਜ਼ੀ ਦਿੰਦੀਆਂ ਰਹਿੰਦੀਆਂ ਹਨ ਤੇ ਅਜਿਹੇ ਜ਼ਾਲਮਾਨਾ ਤੇ ਫਾਸ਼ੀਵਾਦੀ ਫ਼ੈਸਲੇ ਕਰਦੀਆਂ ਹਨ, ਜੋ ਅਕਸਰ ਗ਼ੈਰ-ਕਾਨੂੰਨੀ ਤੇ ਗ਼ੈਰ-ਸੰਵਿਧਾਨਕ ਹੁੰਦੇ ਹਨ। ਸੰਵਿਧਾਨ ਇੱਕ ਨਿਸ਼ਚਿਤ ਉਮਰ ਤੋਂ ਬਾਅਦ ਲੋਕਾਂ ਨੂੰ ਜੀਵਨ ਸਾਥੀ ਚੁਣਨ ਦਾ ਅਧਿਕਾਰ ਦਿੰਦਾ ਹੈ, ਪਰ ਇਹ ਅਖੌਤੀ ਪੰਚਾਇਤਾਂ ਖ਼ੁਦ ਤੈਅ ਕਰਦੀਆਂ ਹਨ ਕਿ ਲੋਕਾਂ ਨੇ ਕਿਵੇਂ ਜੀਉਣਾ ਹੈ ਤੇ ਕਿਹੜੇ ਰਿਵਾਜ ਅਪਨਾਉਣੇ ਹਨ ਤੇ ਕਿੱਥੇ ਵਿਆਹ ਤਹਿ ਕਰਨੇ ਹਨ? ਇਹ ਮਨੁੱਖੀ ਆਜ਼ਾਦੀ ਲਈ ਘਾਤਕ ਸਿੱਧ ਹੋ ਰਹੀਆਂ ਹਨ।

**ਲੋਕ ਹੋਏ ਜਾਗ੍ਰਿਤ**

ਸਤਰੌਲਾ ਖਾਪ ਪੰਚਾਇਤ ਦੀ ਮਾਨਸਿਕਤਾ ਬਦਲਣ ਦੇ ਪਿੱਛੇ ਲੋਕਾਂ ਦਾ ਵਿਰੋਧ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਇੱਕ ਪਾਸੇ ਪਿੰਡ ਤੋਂ ਬਾਹਰ ਚਲੇ ਗਏ ਨੌਜਵਾਨ ਆਪਣੀ ਮਰਜ਼ੀ ਦਾ ਵਿਆਹ ਕਰ ਰਹੇ ਹਨ, ਪਰ ਪਿੰਡ 'ਚ ਰਹਿਣ ਵਾਲੇ ਬੱਚਿਆਂ ਦੇ ਵਿਆਹ ਸਬੰਧੀ ਮਾਮਲਿਆਂ 'ਚ ਸਾਰੀਆਂ ਪਾਬੰਦੀਆਂ ਲਾਗੂ ਹਨ। ਇਸ ਲਈ ਅਜਿਹੇ ਗ਼ੈਰ ਜਮਹੂਰੀ ਫ਼ੈਸਲਿਆਂ ਦਾ ਵਿਰੋਧ ਵਧ ਰਿਹਾ ਹੈ। ਕੰਨਿਆ ਭਰੂਣ ਹੱਤਿਆ ਦੇ ਮਾੜੇ ਨਤੀਜੇ ਵੀ ਸਾਹਮਣੇ ਆਏ ਹਨ। ਪੁਰਸ਼ਾਂ ਦੀ ਤੁਲਨਾ 'ਚ ਲਗਾਤਾਰ ਘੱਟ ਰਹੇ ਔਰਤਾਂ ਦੇ ਅਨੁਪਾਤ ਕਾਰਨ ਵਿਆਹ ਲਈ ਲੜਕੀਆਂ ਨਹੀਂ ਮਿਲ ਰਹੀਆਂ ਹਨ। ਕਈ ਪਿੰਡਾਂ ਵਿੱਚ ਦੂਜੇ ਪ੍ਰਦੇਸ਼ਾਂ ਤੋਂ ਮੁੱਲ ਦੀਆਂ ਲਾੜੀਆਂ ਲਿਆਂਦੀਆਂ ਜਾ ਰਹੀਆਂ ਹਨ ਤੇ ਕਈਆਂ ਨੂੰ ਛੜੇ ਰਹਿ ਕੇ ਜੀਵਨ ਬਿਤਾਉਣਾ ਪੈ ਰਿਹਾ ਹੈ। ਇਹੀ ਮਜਬੂਰੀ ਹੈ, ਜਿਸ ਨੇ ਸਤਰੋਲਾ ਖਾਪ ਨੇ ਇਹ ਸਾਮਾਜਿਕ ਹਿੱਤੂ ਫ਼ੈਸਲਾ ਲੈਣ ਲਈ ਮਜਬੂਰ ਹਨ।

**ਅਦਾਲਤਾਂ ਦੀ ਸਹੀ ਭੂਮਿਕਾ**

ਅਦਾਲਤਾਂ ਦੀ ਭੂਮਿਕਾ ਵੀ ਇਸ ਪ੍ਰਸੰਗ ਵਿੱਚ ਸਕਾਰਾਤਮਕ ਹੈ। ਉਹ ਵੀ ਲੋਕ-ਹਿੱਤਾਂ ਤੇ ਕਾਨੂੰਨ ਦੀ ਹੋਂਦ ਨੂੰ ਸੁਰੱਖਿਅਤ ਰੱਖਣ ਲਈ ਖਾਪ ਪੰਚਾਇਤਾਂ ਦੇ ਅਣਮਨੁੱਖੀ ਤੇ ਗ਼ੈਰ-ਕਾਨੂੰਨੀ ਫ਼ੈਸਲੇ 'ਤੇ ਪਾਬੰਦੀ ਲਾਉਣ ਲਈ ਮਜਬੂਰ ਹੋਈਆਂ ਹਨ। ਜਿਵੇਂ, ਕਰਨਾਲ ਦੇ ਸੈਸ਼ਨ ਕੋਰਟ ਨੇ 2007 'ਚ ਪਿੰਡ ਕਰੋਰਾ 'ਚ ਸਾਹਮਣੇ ਆਏ ਮਨੋਜ-ਬਬਲੀ ਹੱਤਿਆ ਕਾਂਡ ਦੇ ਖ਼ਿਲਾਫ਼ ਮੁਲਜ਼ਮਾਂ ਨੂੰ ਸਜ਼ਾ ਦੇਣ ਦਾ ਐਲਾਨ ਕੀਤਾ। ਯਾਦ ਰਹੇ ਕਿ ਇਨ੍ਹਾਂ ਦੋਵਾਂ ਨੇ ਵਿਆਹ ਕਰਨ ਤੋਂ ਬਾਅਦ ਪੰਜਾਬ-ਹਰਿਆਣਾ ਹਾਈ ਕੋਰਟ ਤੋਂ ਸੁਰੱਖਿਆ ਦੀ ਅਪੀਲ ਕੀਤੀ ਸੀ। ਕੁਝ ਸਮਾਂ ਪਹਿਲਾਂ ਪੰਜਾਬ-ਹਰਿਆਣਾ ਹਾਈ ਕੋਰਟ ਨੇ ਸੰਵਿਧਾਨ ਦੇ ਨਿਯਮਾਂ ਨੂੰ ਟਿੱਚ ਜਾਣਨ ਵਾਲੀਆਂ ਇਨ੍ਹਾਂ ਖਾਪ ਪੰਚਾਇਤਾਂ 'ਤੇ ਪਾਬੰਦੀ ਲਗਾਈ ਤੇ ਇਨ੍ਹਾਂ ਨੂੰ ਗ਼ੈਰ-ਕਾਨੂੰਨੀ ਗਤੀਵਿਧੀਆਂ ਸੰਬੰਧੀ ਕਾਨੂੰਨ ਦੇ ਘੇਰੇ 'ਚ ਲੈਣ ਦੀ ਗੱਲ ਕੀਤੀ ਸੀ। ਇੱਥੇ ਜ਼ਿਕਰਯੋਗ ਹੈ ਕਿ ਹਾਈਕੋਰਟ ਦੇ ਫ਼ੈਸਲੇ 'ਤੇ ਹਰਿਆਣਾ ਸਰਕਾਰ ਨੇ ਦਲੀਲ ਦਿੱਤੀ ਸੀ ਕਿ ਇਨ੍ਹਾਂ ਖਾਪ ਪੰਚਾਇਤਾਂ 'ਤੇ ਅਜਿਹੀ ਸਖ਼ਤੀ ਲਾਗੂ ਨਹੀਂ ਹੋਣੀ ਚਾਹੀਦੀ, ਨਹੀਂ ਤਾਂ ਕਾਨੂੰਨ ਵਿਵਸਥਾ ਤੇ ਸਾਮਾਜਿਕ ਹਾਲਾਤ ਵਿਗੜ ਸਕਦੇ ਹਨ। ਪਰ ਅਦਾਲਤ ਦੀ ਸਖ਼ਤੀ ਕਾਰਨ ਪ੍ਰਸ਼ਾਸਨ ਨੂੰ ਸਖ਼ਤ ਹੋਣਾ ਪਿਆ ਸੀ ਤੇ ਫਿਰ ਉਸ ਨੇ ਰੋਹਤਕ ਦੇ ਕੁਝ ਮਾਲੀਆ ਵਿਭਾਗ ਦੇ ਅਧਿਕਾਰੀਆਂ ਨੂੰ ਬਰਖ਼ਾਸਤ ਕੀਤਾ ਸੀ, ਜਿਨ੍ਹਾਂ ਨੇ ਇੱਕ ਅਜਿਹੀ ਖਾਪ ਪੰਚਾਇਤ ਨਾਲ ਸਹਿਯੋਗ ਕੀਤਾ ਸੀ, ਜਿਸ ਨੇ ਇੱਕੋ ਗੋਤ ਵਿੱਚ ਵਿਆਹ ਕਰਨ ਵਾਲੇ ਪਤੀ-ਪਤਨੀਆਂ ਇੱਕ-ਦੂਜੇ ਨੂੰ ਭਰਾ-ਭੈਣ ਕਹਿਣ ਦਾ ਹੁਕਮ ਦਿੱਤਾ ਸੀ। ਸਿਰਫ਼ ਅਦਾਲਤਾਂ ਹੀ ਨਹੀਂ, ਇਹ ਵੀ ਦੇਖਣ 'ਚ ਆਇਆ ਹੈ ਕਿ ਸਾਮਾਜਿਕ ਸੰਗਠਨ ਤੇ ਮਨੁੱਖੀ ਅਧਿਕਾਰ ਸੰਗਠਨ ਵੀ ਹੁਣ ਖੁੱਲ੍ਹ ਕੇ ਖਾਪ ਪੰਚਾਇਤਾਂ ਦੇ ਖ਼ਿਲਾਫ਼ ਸਾਹਮਣੇ ਆਉਣ ਲੱਗੇ ਹਨ।

ਅਜਿਹੇ ਉਦਾਹਰਨ ਵੀ ਸਾਹਮਣੇ ਆਏ ਹਨ, ਜਿਸ 'ਚ ਇਨ੍ਹਾਂ ਖਾਪ ਪੰਚਾਇਤਾਂ ਦੇ ਮਨਮਰਜ਼ੀ ਦੇ ਫ਼ੈਸਲਿਆਂ ਦੇ ਖ਼ਿਲਾਫ਼ ਪੀੜਤ ਔਰਤਾਂ ਨੇ ਕਾਨੂੰਨੀ ਲੜਾਈ ਲੜਨ ਦਾ ਹੌਸਲਾ ਕੀਤਾ। ਮੱਸਲਾ ਭਾਵੇਂ ਰੋਹਤਕ ਦੀ ਕਵਿਤਾ ਅਤੇ ਸਤੀਸ਼ ਦਾ ਹੋਵੇ ਜਾਂ ਜੀਂਦ ਦੇ ਫਰਮਾਣਾ ਪਿੰਡ ਦੇ ਨੀਲਮ ਦੇ ਵਿਆਹ ਦਾ, ਦੋਵਾਂ ਮਾਮਲਿਆਂ 'ਚ ਖਾਪ ਪੰਚਾਇਤਾਂ ਨੂੰ ਝੁਕਣਾ ਪਿਆ। ਇੱਥੇ ਵਰਣਨਯੋਗ ਹੈ ਕਿ ਮਹਿਮਖੇਰੀ ਪਿੰਡ ਦੀ ਕਵਿਤਾ ਤੇ ਸਤੀਸ਼ ਦਾ ਇੱਕ ਬੱਚਾ ਵੀ ਹੈ, ਪਰ ਖਾਪ ਪੰਚਾਇਤ ਨੇ ਦੋਵਾਂ ਨੂੰ ਭਰਾ-ਭੈਣ ਐਲਾਨ ਦਿੱਤਾ। ਕਵਿਤਾ ਨੇ ਪਰਿਵਾਰ ਟੁੱਟਦਾ ਦੇਖ ਕੇ ਪੰਚਾਇਤ ਦੇ ਖ਼ਿਲਾਫ਼ ਕਾਨੂੰਨੀ ਜੰਗ ਲੜਨ ਦਾ ਮਨ ਬਣਾਇਆ। ਉਸ ਨੇ ਰੋਹਤਕ ਦੇ ਐਸਐਸਪੀ ਦੇ ਦਫ਼ਤਰ ਜਾ ਕੇ 21 ਪੰਚਾਇਤ ਮੈਂਬਰਾਂ ਦੇ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾ ਕੇ ਹਾਈ ਕੋਰਟ ਜਾਣ ਦੀ ਧਮਕੀ ਦਿੱਤੀ। ਖਾਪ ਪੰਚਾਇਤਾਂ ਦੇ ਅੜੀਅਲ ਰੁਖ਼ ਦੇ ਖ਼ਿਲਾਫ਼ ਦੋਵਾਂ ਨੇ ਆਤਮ ਹੱਤਿਆ ਦੀ ਧਮਕੀ ਵੀ ਦਿੱਤੀ। ਸਾਮਾਜਿਕ ਸੰਗਠਨਾਂ ਨੇ ਵੀ ਕਵਿਤਾ ਤੇ ਸਤੀਸ਼ ਦੀ ਲੜਾਈ 'ਚ ਸਹਿਯੋਗ ਦਿੱਤਾ। ਅੰਤ 'ਚ ਖਾਪ ਪੰਚਾਇਤ ਨੂੰ ਝੁਕਣਾ ਪਿਆ।

ਜੀਂਦ ਜ਼ਿਲ੍ਹੇ ਦੇ ਬੁਢਾਖੇੜਾ ਪਿੰਡ ਦੇ ਨਵੀਨ ਤੇ ਫਰਮਾਣਾ ਦੀ ਨੀਲਮ ਦੇ ਮਾਮਲੇ 'ਚ ਵੀ ਪੰਚਾਇਤ ਨੇ ਫੁਰਮਾਨ ਜਾਰੀ ਕਰ ਦਿੱਤਾ ਕਿ ਜੇਕਰ ਵਿਆਹ ਹੋਇਆ, ਤਾਂ ਇਸ ਦੀ ਸਜ਼ਾ ਭੁਗਤਣੀ ਪਵੇਗੀ। ਦੋਵਾਂ ਦੇ ਰਿਸ਼ਤੇਦਾਰਾਂ ਨੇ ਪੁਲੀਸ ਨੂੰ ਸ਼ਿਕਾਇਤ ਕੀਤੀ ਅਤੇ ਵਿਆਹ ਪੁਲੀਸ ਦੇ ਪਹਿਰੇ 'ਚ ਹੋਇਆ।

ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੱਖ-ਵੱਖ ਸੰਗਠਨਾਂ ਨੇ ਰੋਹਤਕ ਦੇ ਮੇਹਮ 'ਚ ਇੱਕ ਸੰਮੇਲਨ ਕਰਵਾਇਆ ਸੀ, ਜਿਸ 'ਚ ਔਰਤਾਂ ਦੀ ਚੰਗੀ ਖ਼ਾਸੀ ਸ਼ਮੂਲੀਅਤ ਸੀ। ਸੰਮੇਲਨ ਨੇ ਖਾਪ ਪੰਚਾਇਤਾਂ ਚੈਲਿੰਜ ਦੇਣ ਲਈ ਲੋਕਾਂ ਨੂੰ ਸੱਦਾ ਦਿੱਤਾ। ਲੋਕਾਂ ਨੇ ਮੰਚ ਤੋਂ ਕਿਹਾ ਕਿ ਗੋਤ ਦਾ ਮੁੱਦਾ ਬੇਤੁਕਾ ਅਤੇ ਨਿਰਆਧਾਰ ਹੈ। ਇਸ ਲਈ ਜਾਤਾਂ, ਗੋਤਾਂ ਤੋਂ ਉੱਪਰ ਉੱਠ ਕੇ ਵਿਆਹ ਹੋਣੇ ਚਾਹੀਦੇ ਹਨ।

ਅਸਲ 'ਚ ਖਾਪ ਪੰਚਾਇਤਾਂ ਦੀ ਮਨਮਰਜ਼ੀ ਦੇ ਪਿੱਛੇ ਇਹੀ ਕਾਰਨ ਹੈ ਕਿ ਸਰਕਾਰਾਂ ਤੇ ਪ੍ਰਸ਼ਾਸਨ ਨੇ ਇਨ੍ਹਾਂ ਪ੍ਰਤੀ ਢਿੱਲਮੱਠ ਰਵੱਈਆ ਅਪਨਾਇਆ ਅਤੇ ਨੇਤਾਵਾਂ ਨੇ ਵੋਟ ਬੈਂਕ ਖਿਸਕਣ ਦੇ ਡਰ ਕਾਰਨ ਇਨ੍ਹਾਂ ਦੇ ਖ਼ਿਲਾਫ਼ ਕਦਮ ਨਹੀਂ ਚੁੱਕਿਆ। ਹੁਣ ਨਾ ਸਿਰਫ਼ ਹਰਿਆਣਾ, ਸਗੋਂ ਦੇਸ ਭਰ 'ਚ ਅਜਿਹੀਆਂ ਫਾਸ਼ੀਵਾਦੀ ਤਾਕਤਾਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਹੋ ਰਹੀ ਹੈ ਤੇ ਮੀਡੀਆ 'ਚ ਵੀ ਇਨ੍ਹਾਂ ਦੀ ਸਖ਼ਤ ਵਿਰੋਧਤਾ ਹੋਈ ਹੈ। ਜੇਕਰ ਵਿਰੋਧ ਮਜ਼ਬੂਤ ਹੁੰਦਾ ਹੈ, ਤਾਂ ਨਾ ਸਿਰਫ਼ ਖਾਪ ਪੰਚਾਇਤਾਂ ਆਪਣੇ ਆਪ ਨੂੰ ਬਦਲਣਗੀਆਂ ਜਾਂ ਕਮਜ਼ੋਰ ਹੋਣਗੀਆਂ, ਸਗੋਂ ਦੂਜੀਆਂ ਸਾਮਾਜਿਕ ਬੁਰਾਈਆਂ 'ਤੇ ਵੀ ਇਸ ਦਾ ਅਸਰ ਪਵੇਗਾ ਅਤੇ ਉਨ੍ਹਾਂ ਦੇ ਖ਼ਿਲਾਫ਼ ਵੀ ਆਵਾਜ਼ ਚੁੱਕਣ ਦੀ ਪ੍ਰੇਰਣਾ ਮਿਲੇਗੀ-ਜਿਵੇਂ ਕੰਨਿਆ ਭਰੂਣ ਹੱਤਿਆ ਦਾ ਮਾਮਲਾ ਹੋਵੇ ਜਾਂ ਦਾਜ ਦੀ ਸਮੱਸਿਆ ਜਾਂ ਔਰਤਾਂ ਦੇ ਖ਼ਿਲਾਫ਼ ਹੋਣ ਵਾਲੀ ਕਿਸੇ ਤਰ੍ਹਾਂ ਦੀ ਹਿੰਸਾ ਹੋਵੇ।

ਲੋੜ ਤਾਂ ਇਸ ਗੱਲ ਦੀ ਹੈ ਕਿ ਇਸ ਰੂੜ੍ਹੀਵਾਦੀ, ਅੰਧ ਵਿਸ਼ਵਾਸੀ ਮਾਨਸਿਕਤਾ ਵਿਰੁੱਧ ਜਨਤਕ ਅੰਦੋਲਨ ਤੇ ਜਾਗ੍ਰਿਤੀ ਪੈਦਾ ਹੋਵੇ ਤੇ ਖਾਪ ਪੰਚਾਇਤਾਂ 'ਤੇ ਪਾਬੰਦੀ ਲੱਗੇ ਜੋ ਕਿ ਭਾਰਤੀ ਸੰਵਿਧਾਨ ਤੇ ਕਾਨੂੰਨ ਉਲਟ ਜ਼ਾਲਮਾਨਾ ਫ਼ੈਸਲੇ ਕਰ ਰਹੀਆਂ ਹਨ।

# ਬਾਬਾ ਰਾਮ ਦੇਵ ਦੀ ਗ੍ਰਿਫਤਾਰੀ ਅਜੇ ਤੱਕ ਕਿਉ ਨਹੀ- ਸੰਤ ਕ੍ਰਿਸ਼ਨ ਨਾਥ

## ਗ੍ਰਿਫਤਾਰੀ ਨਾ ਹੋਈ ਤਾਂ ਹੋਵੇਗਾ ਤਿੱਖਾ ਅੰਦੋਲਨ



ਫਗਵਾੜਾ (ਬੀ.ਕੇ.ਰੱਤੂ)- ਅੱਜ ਸਮੂਹ ਜੱਥੇਬੰਦੀਆ ਨੂੰ ਇਕ ਪ੍ਰੈਸ ਮੀਟਿੰਗ ਜੋ ਸੰਤ ਕ੍ਰਿਸ਼ਨ ਨਾਥ ਜੀ ਚਹੈੜੂ ਜੀ ਦੀ ਅਗਵਾਈ ਹੇਠ ਤਮਾਮ ਜੱਥੇਬੰਦੀਆ ਦੇ ਸਹਿਯੋਗ ਨਾਲ ਹੋਈ। ਜਿਸ ਵਿਚ ਅੰਬੇਡਕਰ ਸੈਨਾ ਮੂਲ ਨਿਵਾਸੀ, ਅੰਬੇਡਕਰ ਸੈਨਾ ਪੰਜਾਬ, ਗੁਰੂ ਰਵਿਦਾਸ ਟਾਇਗਰ ਫੋਰਸ ਤੇ ਵਾਲਮੀਕ ਸਭਾਵਾਂ ਤੇ ਰਵਿਦਾਸੀਆ ਧਰਮ ਪ੍ਰਚਾਰ ਕਮੇਟੀਆ, ਸੰਤ ਸਮੇਲਨ ਪ੍ਰਬੰਧਕ ਕਮੇਟੀਆ ਨੇ ਹਿੱਸਾ ਲਿਆ। ਜਿਸ ਵਿਚ ਬਾਬਾ ਰਾਮਦੇਵ ਦੇ ਦਲਿਤ ਭਾਈਚਾਰੇ ਨਾਲ ਸਬੰਧਤ ਦਿੱਤੇ ਅਪਮਾਨ ਜਨਕ ਬਿਆਨ ਦੀ ਸਖਤ ਸ਼ਬਦਾ ਵਿਚ ਨਿੰਦਾ ਕੀਤੀ ਗਈ। ਇਸ ਮੋਕੇ ਸੰਤ ਕ੍ਰਿਸ਼ਨ ਨਾਥ ਤੇ ਜਥੇਬੰਦੀਆ, ਲੀਡਰ ਸਹਿਬਾਨਾਂ ਨੇ ਕਿਹਾ ਕਿ ਰਾਮ ਕਿਸ਼ਨ ਯਾਦਵ ਉਰਫ ਬਾਬਾ ਰਾਮਦੇਵ ਇਕ ਉਚ ਜਾਤੀ ਨਾਲ ਸਬੰਧਤ ਹੈ ਤੇ ਜਿਸ ਦੇ ਦਿਮਾਗ ਵਿਚ ਦਲਿਤਾ ਪ੍ਰਤੀ ਨਫਰਤ ਕੁੱਟ-ਕੁੱਟ ਕੇ ਭਰੀ ਹੈ ਜੋ ਇਸ ਦੇ ਦਿੱਤੇ ਅਪਮਾਨ ਜਨਕ ਬਿਆਨ ਤੋ ਸਾਬਤ ਹੁੰਦਾ ਹੈ।ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਭਾਰਤ ਦੇਸ਼ ਦੇ ਵੱਖ-ਵੱਖ ਸਟੇਟਾ ਵਿਚ ਪਰਚੇ ਦਰਜ ਹੋਣ ਦੇ ਬਾਅਦ ਵੀ ਇਸ ਨੂੰ ਗ੍ਰਿਫਤਾਰ ਨਹੀ ਕੀਤਾ ਗਿਆ।ਭਾਰਤ ਸਰਕਾਰ ਵਲੋ ਇਸ ਨੂੰ ਦਲਿਤ ਜਾਤੀਆ ਖਿਲਾਫ ਬੋਲਣ ਦੀ ਖੁੱਲੀ ਛੁਟੀ ਦੇ ਰੱਖੀ ਹੈ। ਅਸੀ ਇਥੇ ਦੱਸ ਦੇਣਾ ਚਾਹੁੰਦੇ ਹਾਂ ਕਿ ਰਵਿਦਾਸੀਆ ਧਰਮ ਦੇ ਪੈਰੋਕਾਰ ਹਰ ਧਰਮ , ਹਰ ਜਾਤ ਦਾ ਸਤਿਕਾਰ ਕਰਦੇ ਹਨ ਤੇ ਆਸ ਕਰਦੇ ਹਨ ਕਿ ਬਾਕੀ ਧਰਮਾਂ ਵਾਲੇ ਵੀ ਰਵਿਦਾਸੀਆ ਧਰਮ ਅਤੇ ਉਹਨਾ ਦੇ ਪੈਰੋਕਾਰਾਂ ਦਾ ਸਤਿਕਾਰ ਕਰਨ। ਅੱਜ ਦੀ ਪ੍ਰੈਸ ਮੀਟਿੰਗ ਵਿਚ ਸੰਤ ਕ੍ਰਿਸ਼ਨ ਨਾਥ ਤੇ ਸਮੂਹ ਜਥੇਬੰਦੀਆ ਅਤੇ ਲੀਡਰ ਸਹਿਬਾਨਾਂ ਨੇ ਇਕ ਮੱਤ ਨਾਲ ਮੰਗ ਕੀਤੀ ਕਿ ਦਲਿਤ ਸਮਾਜ ਨਾਲ ਸਬੰਧ ਰੱਖਣ ਵਾਲੇ ਸੰਤ ਸਮਾਜ ਲੀਡਰ ,ਨੇਤਾਗਣ, ਅਧਿਕਾਰੀ ਛੋਟੇ -ਵੱਡੇ ਅਧਿਕਾਰੀਆ ਅਤੇ ਧਾਰਮਿਕ ਆਗੂਆ ਨੂੰ ਕੋਮ ਦੇ ਇਸ ਦਰਦ ਨੂੰ ਪਹਿਚਾਣਦੇ ਹੋਏ ਬਾਬਾ ਰਾਮ ਦੇਵ ਖਿਲਾਫ ਚੱਲ ਰਹੇ ਅੰਦੋਲਨ ਵਿਚ ਸਾਥ ਦੇਣਾ ਚਾਹਿਦਾ ਹੈ। ਅਸੀ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਜਲਦੀ ਤੋ ਜਲਦੀ ਇਸ ਖਿਲਾਫ ਸਖਤ ਤੋ ਸਖਤ ਕਾਰਵਾਈ ਕੀਤੀ ਜਾਵੇ। ਜੇਕਰ ਸਰਕਾਰ ਇਸ ਬਾਬੇ ਖਿਲਾਫ ਕੋਈ ਕਾਰਵਾਈ ਨਹੀ ਕਰਦੀ ਤਾਂ ਏਸ ਉਪਰੰਤ ਉਪਜੇ ਹਲਾਤਾ ਦੀ ਜੁਮੇਵਾਰ ਪੰਜਾਬ ਸਰਕਾਰ ਹੋਵੇਗੀ ।ਅੱਜ ਦੀ ਇਸ ਪ੍ਰੈਸ ਮੀਟਿੰਗ ਚ ਹਰਭਜਨ ਸੁੰਮਨ, ਯਸ਼ ਬਰਨਾ, ਸੁਰਿੰਦਰ ਢੰਡਾ, ਡਾ.ਰਜਿੰਦਰ ਕਲੇਰ, ਹਰਵਿੰਦਰ ਹੀਰਾ, ਨਰਿੰਦਰ ਨਹਿਰੂ , ਪਰਸਰਾਮ, ਪਰਮਿੰਦਰ ਬੋਧ, ਬਲਵਿੰਦਰ ਬੋਧ, ਪਰਮ ਮੋਹਨ ਭਟੋਆ, ਮਹਿੰਦਰ ਸੰਧੂ, ਸ਼ੀਤਲ ਢੰਡਾ, ਭੁੱਲਾ ਰਾਮ ਸੁੰਮਨ, ਕਮਲਜੀਤ ਸਰਪੰਚ ਅਤੇ ਰਵਿਦਾਸੀਆ ਧਰਮ ਨੂੰ ਸਮਰਪਿਤ ਕਮੇਟੀਆ- ਟਰੱਸਟ, ਵਾਲਮੀਕ ਸਭਾਵਾਂ ਦੇ ਸਮੂਹ ਮੈਂਬਰ ਹਾਜਰ ਹੋਏ। ਅਸੀ ਉਮੀਦ ਕਰਦੇ ਹਾਂ ਕਿ ਸਾਡੀ ਇਸ ਹੱਕ ਸੱਚ ਦੀ ਅਵਾਜ ਨੂੰ ਸਰਕਾਰ ਤੱਕ ਪਹੁੰਚਾਣ ਦੀ ਜਰੂਰ ਕੋਸ਼ਿਸ ਕਰੋਗੇ। ਆਪ ਸਭ ਦਾ ਬਹੁਤ ਬਹੁਤ ਧੰਨਵਾਦ।

# ਡਾ. ਅੰਬੇਡਕਰ ਜੀ ਦੇ ਜਨਮ 'ਤੇ ਸੈਲਮਾ 'ਚ 'ਵਿਚਾਰ ਗੋਸ਼ਟੀ' 18 ਮਈ ਨੂੰ



ਸੈਲਮਾ (ਕੁਲਵੀਰ ਹੇਅਰ)- ਦਲਿਤਾਂ ਮਜ਼ਲੂਮਾਂ ਦੇ ਰਹਿਬਰ, ਔਰਤਾਂ ਦੇ ਮਸੀਹਾ ਅਤੇ ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਦੇ ਸਬੰਧ ਵਿਚ ਗੁਰਦੁਆਰਾ ਰਵਿਦਾਸ ਟੈਂਪਲ ਸੈਲਮਾ ਵਿਖੇ ਇਕ 'ਵਿਚਾਰ ਗੋਸ਼ਟੀ' 18 ਮਈ ਦਿਨ ਐਤਵਾਰ ਨੂੰ ਕਰਵਾਈ ਜਾ ਰਹੀ ਹੈ ਜਿਸ ਸਬੰਧੀ ਜਾਣਕਾਰੀ ਦਿੰਦਿਆਂ ਉੱਘੇ ਲੇਖਕ 'ਤੇ ਗੀਤਕਾਰ ਅਜੇ ਤਨਵੀਰ (ਪੀਟਾ ਚੰਦੇਲੀ ਵਾਲਾ) ਅਤੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸੈਮੀਨਾਰ ਵਿਚ ਉਚ ਕੋਟੀ ਦੇ ਵਿਦਵਾਨ ਬੁਲਾਰੇ ਪਹੁੰਚਣਗੇ ਜਿਹਨਾਂ ਦੁਆਰਾ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਸੰਘਰਸ਼ ਤੇ ਆਪੋ ਆਪਣੇ ਪਰਚੇ ਪੜ੍ਹੇ ਜਾਣਗੇ। ਇਨ੍ਹਾਂ ਤੋਂ ਇਲਾਵਾ ਬੱਚੇ ਵੀ ਇਸ ਸੈਮੀਨਾਰ ਵਿਚ ਭਾਗ ਲੈਣਗੇ। ਪ੍ਰਬੰਧਕਾਂ ਨੇ ਦੱਸਿਆ ਕਿ ਬਾਬਾ ਸਾਹਿਬ ਵਲੋਂ ਮਨੁੱਖਤਾ ਪ੍ਰਤੀ ਕੀਤੇ ਗਏ ਕਾਰਜਾਂ ਨੂੰ ਸਲਾਮ ਕਰਨ ਲਈ ਉਹਨਾਂ ਦਾ ਇਹ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ ਤਾਂ ਜੋ ਨਵੀਂ ਪੀੜ੍ਹੀ ਇਸ ਪ੍ਰਤੀ ਜਾਣੂੰ ਹੋ ਸਕੇ ਕਿ ਕਿਵੇਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਵਿਰੋਧੀ ਹਾਲਾਤਾਂ ਵਿਚ ਵੀ ਹਾਰ ਨਾ ਮੰਨਦੇ ਹੋਏ ਇਕ ਜੇਤੂ ਜਰਨੈਲ ਵਾਂਗ ਹਰ ਲੜਾਈ ਵਿਚ ਵਿਚ ਜਿੱਤ ਪ੍ਰਾਪਤ ਕੀਤੀ।

ਪ੍ਰਬੰਧਕਾਂ ਵਲੋਂ ਸਮੂਹ ਸੰਸਥਾਵਾਂ ਅਤੇ ਸਮੂਹ ਸੰਗਤਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ। ਗੁਰੂ ਕਾ ਲੰਗਰਅਤੁੱਟ ਵਰਤੇਗਾ।ਹੋਰ ਜਾਣਕਾਰੀ ਵਾਸਤੇ 559-891-8286 'ਤੇ ਕਾਲ ਕਰ ਸਕਦੇ ਹੋ।

ਸਫਾ 4 ਦੀ ਬਾਕੀ

# 'ਸਰਦਾਰ ਹਰੀ ਸਿੰਘ ਨਲਵਾ ਦੇ 177 ਵੇਂ ਸ਼ਹੀਦੀ ਦਿਨ ਤੇ' 'ਢੁੱਘ ਸਾ ਹਰੀਆ ਰਾਂਗਲੇ ਦੇ!'

ਉਪਰ ਪੂਰਾ ਭਰੋਸਾ ਸੀ ਤੇ ਉਹਨਾਂ ਦਾ ਗੁਰਬਾਣੀ ਵਿਚ ਪੂਰਨ ਵਿਸ਼ਵਾਸ ਸੀ। ਉਹ ਰੋਜ਼ ਨਿਤਨੇਮ ਦਾ ਪਾਠ ਅੰਮ੍ਰਿਤ ਵੇਲੇ ਕਰਿਆ ਕਰਦੇ ਸਨ। ਉਹਨਾਂ ਦਾ ਲੰਬਾ ਕੱਦ ਸੀ ਤੇ ਉਹ ਸਰੀਰਕ ਤੌਰ ਤੇ ਬੜੇ ਸੁਡੌਲ ਤੇ ਤੰਦਰੁਸਤ ਵਿਅਕਤੀਤਵ ਦੇ ਮਾਲਕ ਸਨ। ਉਹਨਾਂ ਨੂੰ ਵਿਦਿਅਕ ਗਿਆਨ ਕਾਫੀ ਸੀ, ਜਿਸ ਨੂੰ ਉਸ ਸਮੇਂ ਦੇ ਅੰਗਰੇਜ਼ ਵੀ ਮੰਨਦੇ ਸਨ। ਇਸ ਬਾਰੇ ਬੈਰਨ ਹੇਗਲ ਲਿਖਦਾ ਹੈ, "Hari Singh was a highly intelligent man with an open mind. His manner of conversation was very attractive. He was fully aware of the state of Kingdoms in Europe and well understood the functioning of East India Company."

ਸੰਨ 1833 ਈ: ਨੂੰ ਲਾਰਡ ਵਿਲੀਅਮ ਬੈਂਟਿੰਗ ਨਾਲ ਸ਼ਿਮਲੇ ਵਿਖੇ ਹੋਈ ਮੁਲਾਕਾਤ ਵਿਚ, ਸਰਦਾਰ ਹਰੀ ਸਿੰਘ ਨਲਵਾ ਨੇ ਆਪਣੀ ਲਿਆਕਤ ਦਾ ਸਿੱਕਾ ਮਨਵਾਇਆ।ਉਹ ਇਕ ਤਜਰਬੇਕਾਰ ਤੇ ਨਿਪੁੰਨ ਪ੍ਰਸ਼ਾਸਕ ਵੀ ਸਨ। ਜਿੱਥੇ ਉਹ ਇਕ ਮਹਾਨ ਯੋਧਾ ਸਨ ਤੇ ਉਸ ਦੇ ਨਾਲ ਉਹ ਦੁਸ਼ਮਣ ਤੇ ਆਪਣੇ ਰੋਹ ਨੂੰ ਬਰਕਰਾਰ ਰੱਖਦੇ ਸਨ। ਪਰ ਇਸ ਦੇ ਉਲਟ ਜਦ ਉਹ ਇਕ ਸਮਾਜਵਾਦੀ ਹੁੰਦੇ ਸਨ ਤਾਂ ਬੜੇ ਦਿਆਲੂ ਸੁਭਾਅ ਦੇ ਬਣ ਜਾਂਦੇ ਸਨ। ਉਹ ਘੋੜ ਸਵਾਰੀ ਤੇ ਤਲਵਾਰ ਦੇ ਜੌਹਰ ਦਿਖਾਉਣ ਵਿਚ ਬੜੇ ਨਿਪੁੰਨ ਸਨ। ਇਕ ਨਿੱਡਰ ਇਨਸਾਨ ਸਨ, ਜਦੋਂ 'ਖਾਲਸਾ ਰਾਜ' ਦੇ ਵਾਰਿਸ ਦੀ ਗੱਲ ਹੁੰਦੀ ਸੀ ਤਾਂ ਉਹ ਇਕੋ ਆਦਮੀ ਪਾਸ ਸਾਰੀਆਂ ਤਾਕਤਾਂ ਤੇ ਰਾਜ ਹੋਵੇ, ਦਾ ਡੱਟ ਕੇ ਵਿਰੋਧ ਕਰਦੇ ਸਨ। ਖਾਲਸੇ ਲਈ ਨਿਰਣੇ ਲੈਣ ਨੂੰ, ਉਹ ਪੰਜ ਪਿਆਰਿਆਂ ਦੀ 'ਸੰਸਥਾ' ਨੂੰ ਮਹੱਤਤਾ ਦਿੰਦੇ ਸਨ। ਇਸ ਸੰਸਥਾ ਦੇ ਦਿੱਤੇ ਗਏ ਨਿਰਣਿਆਂ ਨੂੰ ਉਹ ਖਿੜੇ ਮੱਥੇ ਕਬੂਲਣ ਵਿਚ ਵਿਸ਼ਵਾਸ ਰੱਖਦੇ ਸਨ।

ਉਹ 'ਖਾਲਸਾ ਰਾਜ' ਦੀ ਸ਼ਾਨ ਨੂੰ ਕਾਇਮ ਰੱਖਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਸਦਾ ਤਿਆਰ ਰਹਿੰਦੇ ਸਨ। ਪਰ ਅੰਤ ਨੂੰ ਉਹ ਵੀ ਡੋਗਰੇ ਸਰਦਾਰਾਂ ਦੀ ਗੱਦਾਰੀ ਤੇ ਸਾਜ਼ਿਸ਼ ਦਾ ਸ਼ਿਕਾਰ ਬਣੇ ਤੇ 'ਖਾਲਸਾ ਰਾਜ' ਦੀ ਰਾਖੀ ਲਈ ਲੜਦੇ-ਲੜਦੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਸ਼ਹੀਦੀ ਪ੍ਰਾਪਤ ਕਰ ਗਏ। ਇਕ ਬਹਾਦਰ ਤੇ ਨਿੱਡਰ ਯੋਧਾ ਹੋਣ ਕਾਰਨ ਉਹ ਆਪਣੇ ਪਠਾਣ ਦੁਸ਼ਮਣਾਂ ਵਿਚ ਵੀ ਸਤਿਕਾਰੇ ਜਾਂਦੇ ਸਨ। ਇਸ ਤਰ੍ਹਾਂ ਦਾ ਬਹਾਦਰ ਤੇ ਅਣਖੀ ਯੋਧਾ ਸੰਸਾਰ ਵਿਚ ਕਦੀ-ਕਦੀ ਹੀ ਜਨਮ ਲੈਂਦਾ ਹੈ।

ਉਹਨਾਂ ਦੀ 'ਖਾਲਸਾ ਰਾਜ' ਲਈ ਦਿੱਤੀ ਕੁਰਬਾਨੀ ਨੂੰ ਕਦੀ ਵੀ ਨਹੀਂ ਭੁਲਾਇਆ ਜਾ ਸਕਦਾ। ਭਾਰਤੀ ਸਮਾਜ ਸਦਾ ਉਹਨਾਂ ਦਾ ਰਿਣੀ ਰਹੇਗਾ ਕਿਉਂਕਿ ਉਨ੍ਹਾਂ ਨੇ ਦਰ੍ਹਾ ਖੈਬਰ ਦਾ ਰਸਤਾ ਹਮਲਾਵਰਾਂ ਲਈ, ਸਦਾ ਲਈ ਬੰਦ ਕਰ ਦਿੱਤਾ ਸੀ। ਸਰਦਾਰ ਹਰੀ ਸਿੰਘ ਨਲਵਾ ਆਉਣ ਵਾਲੀਆਂ ਨਸਲਾਂ ਲਈ ਸਦਾ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਉਨ੍ਹਾਂ ਦੇ 177ਵੇਂ ਸ਼ਹੀਦੀ ਦਿਵਸ ਤੇ ਮੈਂ ਉਹਨਾਂ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

# ਗ਼ਦਰ ਲਹਿਰ ਵਿਚ ਦਲਿਤਾਂ ਦਾ ਯੋਗਦਾਨ



ਬਲਬੀਰ ਮਾਧੋਪੁਰੀ

### ਪਿਛੋਕੜ ਤੇ ਭੂਮਿਕਾ

ਪਰਾਈ ਧਰਤੀ-ਅਮਰੀਕਾ (10 ਹਜ਼ਾਰ ਮੀਲ ਦੂਰ) ਤੋਂ ਹਿੰਦੁਤਸਾਨ ਦੀ ਮੁਕੰਮਲ ਆਜ਼ਾਦੀ ਲਈ ਉੱਠੀ ਲਹਿਰ ਤੇ 1913 ਵਿਚ ਬਣੀ ਗ਼ਦਰ ਪਾਰਟੀ ਦਾ ਕੇਂਦਰ ਕੈਲੀਫੋਰਨੀਆ ਸੀ। ਪਰ ਭਾਰਤ ਸਮੇਤ ਉਸ ਦੀਆਂ ਸ਼ਾਖਾਂ ਸਿੰਗਾਪੁਰ, ਸ਼ੰਘਈ, ਮਲਾਇਆ, ਇੰਡੋਨੇਸ਼ੀਆ, ਈਸਟ ਇੰਡੀਜ਼, ਫਿਲਪੀਨਜ਼, ਨਿਊਜ਼ੀਲੈਂਡ, ਹਾਂਗਕਾਂਗ, ਫਿਜੀ, ਜਪਾਨ, ਮਨੀਲਾ, ਬਰਮਾ (ਹੁਣ ਮਿਆਂਮਾਰ) ਵਿਚ ਸਨ। ਉਸ ਦੀਆਂ ਸਰਗਰਮੀਆਂ ਦੇ ਘੇਰੇ ਵਿਚ ਯੂਰਪ, ਅਫ਼ਰੀਕਾ ਤੇ ਅਫ਼ਗਾਨਿਸਤਾਨ ਆਦਿ ਵੀ ਸ਼ਾਮਿਲ ਸਨ। ਗ਼ਦਰ ਲਹਿਰ ਤੇ ਗ਼ਦਰ ਪਾਰਟੀ ਦੀ ਉਸਾਰੀ ਤੇ ਵਿਆਪਕਤਾ ਵਿਚ ਸਮੁੱਚੇ ਹਿੰਦੁਸਤਾਨ ਦੇ ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਦਲਿਤਾਂ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੇ ਚੋਖੀ ਗਿਣਤੀ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ।

ਦੂਜੇ ਸ਼ਬਦਾਂ ਵਿਚ, ਕਿਰਤੀ, ਕਿਸਾਨ, ਹੁਨਰਮੰਦ, ਗ਼ੈਰ-ਹੁਨਰਮੰਦ ਅਤੇ ਸਮਾਜਿਕ-ਆਰਥਿਕ ਤੇ ਵਰਣ-ਵਿਵਸਥਾ ਦੇ ਸਤਾਏ ਲੋਕਾਂ ਨੇ ਜੀ-ਜਾਨ ਨਾਲ ਲਹਿਰ ਨੂੰ ਪ੍ਰਫੁੱਲਿਤ ਕੀਤਾ ਤੇ ਬੁਲੰਦੀ ਉਤੇ ਪਹੁੰਚਾਇਆ। ਉਨ੍ਹਾਂ ਸਭਨਾਂ ਧਰਮਾਂ ਦੇ ਮਰਜੀਵੜਿਆਂ ਨੂੰ ਧੂਹ ਪਾਉਣ ਵਾਲੇ ਸਨ - ਗ਼ਦਰ ਪਾਰਟੀ ਦੇ ਧਰਮ-ਨਿਰਪੇਖ ਸਿਧਾਂਤ। ਗ਼ਦਰ ਪਾਰਟੀ ਵੱਲੋਂ ਸ਼ੁਰੂ ਵਿਚ ਹੀ ਸਪੱਸ਼ਟ ਕਰ ਦਿਤਾ ਗਿਆ ਸੀ ਕਿ ਗ਼ਦਰ ਪਾਰਟੀ ਕਿਸੇ ਵੀ ਧਰਮ ਜਾਂ ਫ਼ਿਰਕੇ ਨਾਲ ਸੰਬੰਧਿਤ ਨਹੀਂ ਹੈ। ਅਸੂਲ ਬਣਾਇਆ ਗਿਆ ਸੀ ਕਿ ਪਾਰਟੀ ਦੀਆਂ ਆਮ ਤੇ ਖ਼ਾਸ ਬੈਠਕਾਂ ਵਿਚ ਕਿਸੇ ਤਰ੍ਹਾਂ ਦਾ ਕੋਈ ਧਾਰਮਿਕ ਤੇ ਫ਼ਿਰਕੂ ਸਵਾਲ ਨਹੀਂ ਉਠਾਇਆ ਜਾਵੇਗਾ। ਇਹ ਖੁੱਲ੍ਹ ਜ਼ਰੂਰ ਸੀ ਕਿ ਕੋਈ ਮੈਂਬਰ ਕਿਸੇ ਵੀ ਧਰਮ ਵਿਚ ਵਿਸ਼ਵਾਸ ਰੱਖੇ ਜਾਂ ਨਾ ਰੱਖੇ, ਇਹ ਉਸ ਦੀ ਮਰਜ਼ੀ ਹੈ। ਧਰਮ ਨੂੰ ਵਿਅਕਤੀ ਦੇ ਨਿੱਜੀ ਮਾਮਲੇ ਵਜੋਂ ਵਿਚਾਰਿਆ ਗਿਆ। ਪ੍ਰਾਂਤਵਾਦ, ਇਲਾਕਾਵਾਦ, ਭਾਸ਼ਾ, ਜਾਤ-ਪਾਤ ਤੇ ਛੂਤਛਾਤ ਨੂੰ ਹਰ ਨਜ਼ਰੀਏ ਤੋਂ ਖ਼ਾਰਿਜ ਕੀਤਾ ਗਿਆ। ਇਨ੍ਹਾਂ ਸਭਨਾਂ ਅਸੂਲਾਂ ਤੋਂ ਉੱਪਰ ਆਪਣੇ-ਆਪ ਨੂੰ ਹਿੰਦੁਸਤਾਨੀ ਕਹਿਣ-ਕਹਾਉਣ ਦੀ ਪਛਾਣ ਦਿਤੀ ਗਈ।

ਪਾਰਟੀ ਵੱਲੋਂ ਦੱਸਿਆ ਗਿਆ, ''ਜੇ ਤੁਸੀਂ ਕੋਈ ਗੱਲ ਕਰਦੇ ਹੋ ਤਾਂ ਗ਼ਦਰ ਦੀ ਗੱਲ ਕਰੋ, ਜੇ ਕੋਈ ਸੁਪਨਾ ਦੇਖਦੇ ਹੋ ਤਾਂ ਗ਼ਦਰ ਦਾ ਸੁਪਨਾ ਦੇਖੋ ... ਮਜ਼ਬਾਂ ਦੇ ਝਗੜੇ ਜਾਂ ਵੇਦ-ਕੁਰਾਨ ਦੇ ਝਗੜਿਆਂ ਵਿਚ ਫਸੇ ਰਹਿਣਾ ਮੂਰਖਤਾ ਹੈ।'' ਇਸ ਸੰਦਰਭ ਵਿਚ ਸਰਦਾਰ ਕਰਤਾਰ ਸਿੰਘ ਸਰਾਭਾ ਨੇ ਆਪਣੀਆਂ ਕਵਿਤਾਵਾਂ ਵਿਚ ਦੋ-ਟੁੱਕ ਗੱਲ ਨਿਬੇੜੀ :ਮੈ ਹਿੰਦੀ, ਠੇਠ ਹਿੰਦੀ, ਖ਼ੂਨੇ ਹਿੰਦੀ, ਜਾਤ ਹਿੰਦੀ ਹੂੰ।

ਯਹੀ ਮਜਹਬ, ਯਹੀ ਫ਼ਿਰਕਾ, ਯਹੀ ਹੈ ਖ਼ਾਂਦਾਂ ਅਪਨਾ।

ਜਾਂ

ਨਾ ਹਿੰਦੂ ਹੈਂ ਨਾ ਮੁਸਲਮਾਂ, ਨਾ ਹੀ ਤੁਰਕਸਤਾਨੀ ਹੈਂ।
ਜਹਾਂ ਜਿਤਨੇ ਭੀ ਹੈਂ ਹਮ, ਸਭ ਹਿੰਦੁਸਤਾਨੀ ਹੈਂ।

ਇਸੇ ਤਰ੍ਹਾਂ ਹੀ 'ਗ਼ਦਰ ਦੀ ਗੂੰਜ' ਵਿਚਲੀ ਸਮੁੱਚੀ ਕਵਿਤਾ ਯਾਨਿ ਲੜੀ ਨੰ: 1, 2, ਤੇ 3 ਵਿਚ ਬਿਨਾਂ ਕਿਸੇ ਲੱਗ-ਲਪੇਟ ਦੇ ਗ਼ਦਰ ਪਾਰਟੀ ਦੀ ਵਿਚਾਰਧਾਰਾ ਦਾ ਝਲਕਾਰਾ ਦੇਖਣ ਨੂੰ ਮਿਲਦਾ ਹੈ। ਭਾਰਤੀ ਸਮਾਜਿਕ ਬਣਤਰ ਨੂੰ ਸਿਰੇ ਤੋਂ ਨਕਾਰਦਿਆਂ ਨਵੇਂ ਸਮਾਜ ਦੀ ਸਿਰਜਣਾ ਦਾ ਸੰਕਲਪ ਲਿਆ ਗਿਆ ਸੀ। ਜਿਵੇਂ: ਛੂਤ ਛਾਤ ਦਾ ਕੋਈ ਖ਼ਿਆਲ ਨਾਹੀਂ, ਸਾਨੂੰ ਪਰਖ ਨਾ ਚੂਹੜੇ ਚਮਾਰ ਵਾਲੀ।

ਹਿੰਦੋਸਤਾਨ ਵਾਲੇ ਸਾਰੇ ਹੈਨ ਭਾਈ,
ਰੀਤ ਰੱਖਣੀ ਨਹੀਂ ਮਕਾਰ ਵਾਲੀ।
ਖ਼ਾਤਰ ਅਸੀਂ ਆਜ਼ਾਦੀ ਦੀ ਜੰਗ ਕਰਨਾ,
ਕਰਨੀ ਦੂਰ ਹੁਣ ਰਸਮ ਬੇਗਾਰ ਵਾਲੀ।
ਪਿੱਛੋਂ ਗ਼ਦਰ ਦਾ ਮਾਮਲਾ ਮਾਫ਼ ਸਭ ਨੂੰ,
ਖੇਤੀ ਕਰਾਂਗੇ ਮੌਜ ਬਹਾਰ ਵਾਲੀ।

- ਗ਼ਦਰ ਦੀ ਗੂੰਜ, ਲੜੀ ਨੰ.1, ਪੰਨਾ 19

ਉਪਰੋਕਤ ਨੂੰ ਸਮਾਜਿਕ-ਆਰਥਿਕ ਤੇ ਮਨੁੱਖੀ ਅਧਿਕਾਰਾਂ ਦੀ ਦ੍ਰਿਸ਼ਟੀ ਤੋਂ ਦੇਖਦਿਆਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਗ਼ਦਰੀ ਬਾਬਿਆਂ ਨੇ ਸਾਨੂੰ ਭਵਿੱਖ ਦੇ ਭਾਰਤ ਦਾ ਮੈਨੀਫੈਸਟੋ ਦੇ ਦਿਤਾ ਹੋਵੇ। ਯਾਨਿ ਉਨ੍ਹਾਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਆਪਕ ਸੋਚ, ਸੂਝ ਤੇ ਸਮਾਜਿਕ ਨਿਆਂ ਲਈ ਗੌਰਵਸ਼ਾਲੀ ਵਿਰਾਸਤ ਦੇ ਦਿਤੀ ਹੋਵੇ। 'ਬੇਗਾਰ' ਤੇ ਸਮਾਜਿਕ ਸਮਤਾ ਦੇ ਪ੍ਰਸੰਗ ਵਿਚ ਆਪਣੀ ਨਵੀਂ ਪੀੜ੍ਹੀ ਤੇ ਪਰੰਪਰਕ ਸੋਚ ਦੇ ਧਾਰਨੀ ਲੋਕਾਂ ਨੂੰ ਜਾਣੂ ਕਰਾਉਣਾ ਜ਼ਰੂਰੀ ਜਾਪਦਾ ਹੈ। 'ਬੇਗਾਰ' ਦਾ ਅਰਥ ਹੈ ਬਿਨਾਂ ਕਿਸੇ ਉਜਰਤ ਦੇ ਕਿਸੇ ਵਿਅਕਤੀ ਤੋਂ ਜਬਰੀ ਕੰਮ ਕਰਵਾਉਣਾ। ਭਾਵ ਵਰਣ-ਵਿਵਸਥਾ ਤੋਂ ਬਾਹਰ ਦੇ ਅਛੂਤਾਂ (ਅਜੋਕੇ ਸਮਿਆਂ ਵਿਚ ਅਨੁਸੂਚਿਤ ਜਾਤੀਆਂ ਜਾਂ ਦਲਿਤ) ਤੋਂ ਪਰੰਪਰਾ ਅਨੁਸਾਰ ਮੁਫ਼ਤ ਕੰਮ ਕਰਾਉਣਾ। ਇਨਸਾਨੀ ਬਰਾਬਰੀ ਨਾ ਦੇਣਾ, ਮਨੁੱਖੀ ਅਧਿਕਾਰਾਂ ਦਾ ਬੇਰਹਿਮੀ ਨਾਲ ਘਾਣ ਕਰਦਿਆਂ 'ਉੱਤਮ-ਨੀਚ' ਦੀ ਮਨੁੱਖ-ਸਾਜ਼ੀ ਪਰੰਪਰਾ ਦਾ ਬਿਨਾਂ ਕਿਸੇ ਹੀਲ-ਹੁੱਜਤ ਦੇ ਪਾਲਣ ਕਰਨਾ। ਸਮਾਜਿਕ ਬਰਾਬਰੀ ਦਾ ਪਾਠ ਨਾ ਪੜ੍ਹਨਾ, ਨਾ ਪੜ੍ਹਾਉਣਾ ਕਿਉਂਕਿ ਵਰਣ-ਧਰਮ ਵਿਵਸਥਾ ਇਸ ਦੇ ਵਿਰੁੱਧ ਬੱਜਰ-ਕਪਾਟ ਬਣ ਕੇ ਖੜ੍ਹੀ ਹੈ। ਇਉਂ ਹੀ, 'ਖੇਤੀ ਕਰਾਂਗੇ ਮੌਜ ਬਹਾਰ ਵਾਲੀ' ਗੱਲ ਸਹਿਕਾਰਤਾ ਦੇ ਨੁਕਤੇ ਨੂੰ ਸਾਂਝੇ ਕੁਦਰਤੀ ਸਰੋਤਾਂ ਵਜੋਂ ਉਭਾਰਦੀ ਹੈ।

ਗ਼ਦਰ ਲਹਿਰ ਦੀ ਉੱਪਰ ਵਰਣਿਤ ਮੋਕਲੀ ਸੋਚ ਪਿੱਛੇ ਕਾਲਿਆਂ-ਗੋਰਿਆਂ ਦੇ ਆਪਸੀ ਝਗੜਿਆਂ ਤੋਂ ਮਾਨਵੀ ਅਧਿਕਾਰਾਂ ਲਈ ਚੇਤਨਾ ਜਾਗ, ਵੱਖ-ਵੱਖ ਦੇਸ਼ਾਂ ਵਿਚ ਗ਼ੁਲਾਮੀ ਵਿਰੁੱਧ ਚਲਦੀਆਂ ਸਮਕਾਲੀ ਲਹਿਰਾਂ, 'ਹਿੰਦੂ ਸਲੇਵ', 'ਡਰਟੀ ਹਿੰਦੂ' ਆਦਿ ਦੇ ਤਾਹਨੇ-ਮਿਹਣੇ ਦੀਆਂ ਨਿਰਾਦਰ ਭਰੀਆਂ ਸਥਿਤੀਆਂ ਤੇ ਪ੍ਰਸਥਿਤੀਆਂ ਕਾਰਜਸ਼ੀਲ ਸਨ। ਉਨ੍ਹਾਂ ਅਜਿਹੀਆਂ ਸਥਿਤੀਆਂ ਤੇ ਕਾਰਨਾਂ ਨੂੰ ਜਾਣਨਾ ਵੀ ਜ਼ਰੂਰੀ ਹੈ ਜਿਨ੍ਹਾਂ ਦਾ ਸੰਖੇਪ ਵਰਨਣ ਨਿਮਨ ਅਨੁਸਾਰ ਹੈ:-

1850 ਈ. ਵਿਚ ਪੰਜਾਬ ਬ੍ਰਤਾਨਵੀ ਹਕੂਮਤ ਦੇ ਕਬਜ਼ੇ ਹੇਠ ਆ ਗਿਆ। ਉਪਰੰਤ ਹਕੂਮਤ ਦੇ ਆਰਥਿਕ ਤੇ ਰਾਜਨੀਤਕ ਅਤਿਆਚਾਰਾਂ ਦਾ ਸ਼ਿਕਾਰ ਹੋਣ ਲੱਗ ਪਿਆ। ਸਰਕਾਰ ਨੇ ਜ਼ਮੀਨੀ ਬੰਦੋਬਸਤ ਕਰ ਕੇ ਜ਼ਮੀਨ ਨਿੱਜੀ ਮਾਲਕੀ ਹੇਠ ਲੈ ਆਂਦੀ। ਮਾਲੀਆ ਜਿਣਸ ਦੀ ਥਾਂ ਨਗਦ ਅਦਾ ਕਰਨ ਦਾ ਹੁਕਮ ਚਾੜ੍ਹਿਆ ਗਿਆ। ਛੋਟੇ ਕਿਸਾਨਾਂ ਲਈ ਮਾਲੀਆ ਤਾਰਨਾ ਔਖਾ ਹੋ ਗਿਆ। ਉਹ ਸ਼ਾਹੂਕਾਰਾਂ ਉਤੇ ਨਿਰਭਰ ਹੋ ਗਏ। ਮੂੰਹ ਮੰਗਿਆ ਵਿਆਜ ਦੇਣ ਲਈ ਮਜਬੂਰ ਹੋ ਗਏ। ਮੁਕੱਦਮਿਆਂ ਵਿਚ ਅਦਾਲਤਾਂ ਨੇ ਸ਼ਾਹੂਕਾਰਾਂ ਦਾ ਭਰਵਾਂ ਸਾਥ ਦਿਤਾ। ਪੰਜਾਬ ਸਰਕਾਰ ਦੀ ਜ਼ਰਾਇਤੀ ਰਿਪੋਰਟ 1924-25 ਅਨੁਸਾਰ 1901 ਤੋਂ 1909 ਤਕ ਤਕਰੀਬਨ ਢਾਈ ਕਰੋੜ ਏਕੜ ਜ਼ਮੀਨ ਗਹਿਣੇ ਪੈ ਗਈ ਸੀ। ਇਉਂ ਕਿਸਾਨਾਂ ਤੇ ਖੇਤੀਬਾੜੀ ਉਤੇ ਨਿਰਭਰ ਲੋਕਾਂ ਦੀ ਹਾਲਤ ਮੰਦਹਾਲੀ ਵਿਚ ਬਦਲ ਗਈ। ਦੂਜੀ ਵੱਡੀ ਹਕੀਕਤ ਇਹ ਸੀ ਕਿ ਉਸ ਦੌਰ ਵਿਚ ਕੁਦਰਤੀ ਆਫ਼ਤਾਂ ਨੇ ਵੀ ਹਿੰਦੁਸਤਾਨੀਆਂ ਉਤੇ ਬੇਰਹਿਮੀ ਨਾਲ ਤਾਬੜ-ਤੋੜ ਹਮਲੇ ਕੀਤੇ। ਲੰਮੇ ਕਾਲ਼ਾਂ, ਭੁੱਖਮਰੀ, ਪਲੇਗ, ਚੇਚਕ, ਹੈਜ਼ਾ, ਅਲਸਰ ਆਦਿ ਨੇ ਘਰਾਂ ਦੇ ਘਰ ਖ਼ਾਲੀ ਕਰ ਦਿਤੇ। ਲੱਖਾਂ-ਕਰੋੜਾਂ ਲੋਕ ਅਣਿਆਈ ਮੌਤੇ ਮਾਰੇ ਗਏ। ਪਰ ਹਕੂਮਤ ਹਿੰਸਤਾਨੀਆਂ ਦੇ ਭੁੱਖ-ਨੰਗ ਦੀ ਪ੍ਰਵਾਹ ਕੀਤੇ ਬਗ਼ੈਰ ਲਗਾਤਾਰ ਅਨਾਜ ਤੇ ਕਪਾਹ ਦੀ ਬਰਾਮਦ ਕਰਦੀ ਗਈ। ਸਰਕਾਰ ਦੇ ਅਜਿਹੇ ਗ਼ੈਰ-ਮਨੁੱਖੀ ਰਵੱਈਏ ਤੋਂ ਸਤੇ-ਸਤਾਏ ਹਿੰਦੁਸਤਾਨੀ ਰੋਟੀ-ਰੋਜ਼ੀ ਦਾ ਨਵਾਂ ਬਦਲ ਤਲਾਸ਼ਣ ਲਈ ਪਰਵਾਸ ਕਰਨ ਲੱਗੇ। ਇਸ ਦੌੜ ਵਿਚ ਕੋਈ ਵੀ ਪਿੱਛੇ ਨਹੀਂ ਰਹਿਣਾ ਚਾਹੁੰਦਾ ਸੀ।

ਉਨ੍ਹੀਂ ਦਿਨੀਂ, ਵੀਹਵੀਂ ਸਦੀ ਦੇ ਸ਼ੁਰੂ ਵਿਚ ਵਿਦੇਸ਼ ਜਾਣ ਤੇ ਉਥੇ ਰਹਿਣ ਲਈ ਵੀਜ਼ਾ-ਪਾਸਪੋਰਟ ਦੀਆਂ ਸ਼ਰਤਾਂ ਨਹੀਂ ਸਨ। ਹਾਲਾਤ ਦਾ ਲਾਭ ਉਠਾਉਂਦਿਆਂ ਹਜ਼ਾਰਾਂ ਹਿੰਦੁਸਤਾਨੀਆਂ ਤੇ ਖ਼ਾਸ ਤੌਰ ਤੇ ਪੰਜਾਬੀ-ਹਿੰਦੁਸਤਾਨੀ ਏਸ਼ੀਆ ਦੇ ਪੂਰਬੀ ਕੰਢੇ ਤੋਂ ਦੀ, ਭਾਵ ਚੀਨ ਦੇ ਕਿਨਾਰੇ ਤੋਂ ਦੀ ਹੋ ਕੇ, ਜਹਾਜ਼ਾਂ ਰਾਹੀਂ ਸੱਤ ਸਮੁੰਦਰ ਪਾਰ ਕਰ ਗਏ। ਇਨ੍ਹਾਂ ਔਕੜਾਂ ਭਰੇ ਸਮੁੰਦਰੀ ਮਾਰਗਾਂ ਨੂੰ ਤੈਰ ਜਾਣ ਪਿੱਛੇ ਲਾਲਸਾ ਇਹ ਸੀ ਕਿ ਉਨ੍ਹਾਂ ਨੇ ਦੁਨੀਆਂ ਦੇ ਵੱਡੇ ਪੱਛਮੀ ਮੁਲਕਾਂ - ਕਨੇਡਾ ਤੇ ਅਮਰੀਕਾ ਵਿਚ ਬੇਸ਼ੁਮਾਰ ਬੇਆਬਾਦ ਪਈਆਂ ਜ਼ਮੀਨਾਂ ਤੇ ਚੋਖੀ ਮਜ਼ਦੂਰੀ ਦਾ ਸੁਣਿਆ ਹੋਇਆ ਸੀ।

ਗੌਰਤਲਬ ਹੈ ਕਿ ਕਨੇਡਾ ਸਰਕਾਰ ਦੇ ਲੇਬਰ ਕਮਿਸ਼ਨਰ, ਮੈਕਨਜੀ ਕਿੰਗ ਅਨੁਸਾਰ ਜੁਲਾਈ 1904 ਤੋਂ ਜੂਨ 1905 ਤਕ ਉਥੇ 43 ਹਿੰਦੁਸਤਾਨੀ ਸਨ। ਇਉਂ, ਜੂਨ 1908 ਤਕ ਉਥੇ 4880 ਹਿੰਦੁਸਤਾਨੀ ਰਹਿ ਰਹੇ ਸਨ। ਵੱਡੀ ਗਿਣਤੀ ਵਿਚ ਇਸ ਆਮਦ ਨੂੰ ਦੇਖਦਿਆਂ ਕਨੇਡਾ ਸਰਕਾਰ ਨੇ ਹਿੰਦੁਸਤਾਨੀਆਂ ਦੇ ਉਥੇ ਆਉਣ ਉਤੇ ਪਾਬੰਦੀ ਲਾ ਦਿਤੀ। ਇਸੇ ਦੌਰਾਨ ਅਮਰੀਕਾ ਵਿਚ ਹਿੰਦੁਸਤਾਨੀ ਮਜ਼ਦੂਰਾਂ ਦੀ ਮੰਗ ਵਧ ਗਈ ਕਿਉਂਕਿ ਉਥੇ ਵਿਕਾਸ ਕਾਰਜ ਜ਼ੋਰਾਂ 'ਤੇ ਚੱਲ ਰਹੇ ਸਨ। ਦਲਿਤ ਵੀ ਪਹੁੰਚੇ ਅਮਰੀਕਾ ਅਜਿਹੀ ਸਾਜ਼ਗਾਰ ਸਥਿਤੀ ਤੋਂ ਹੱਕ-ਵਿਹੂਣੇ ਦਲਿਤ ਵੀ ਅਭਿੱਜ ਨਾ ਰਹੇ। ਉਨ੍ਹਾਂ ਪੜ੍ਹਾਈ ਤੇ ਕਮਾਈ ਨੂੰ ਧਿਆਨ ਗੋਚਰੇ ਰੱਖ ਕੇ ਆਪਣੇ ਹੋਣਹਾਰ ਮੁੰਡਿਆਂ ਨੂੰ ਅਮਰੀਕਾ ਭੇਜਣ ਦਾ ਹਰ ਸੰਭਵ ਹੀਲਾ-ਵਸੀਲਾ ਕੀਤਾ। ਉਦਾਹਰਣ ਵਜੋਂ, ਵਰਣ-ਧਰਮ ਦੇ ਸ਼ਿਕਾਰ (ਬਾਬਾ) ਮੰਗੂ ਰਾਮ, ਪਿੰਡ ਮੁੱਗੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਲਿਆ ਜਾ ਸਕਦਾ ਹੈ। (ਬਾਬਾ) ਮੰਗੂ ਰਾਮ ਦੀਆ ਲਿਖਤਾਂ ਅਨੁਸਾਰ, ''ਇਕ ਸਾਲ ਵਿਚ ਮੇਰੇ ਪਿੰਡ ਦੇ ਕਈ ਜ਼ਮੀਂਦਾਰ ਅਮਰੀਕਾ ਚਲੇ ਗਏ ਅਤੇ ਕਈ ਜਾ ਰਹੇ ਸਨ। ... ਮੈਂ 1909 ਦੇ ਅਖੀਰ ਵਿਚ ਅਮਰੀਕਾ ਚਲਾ ਗਿਆ।''

ਰਿਪੋਰਟਾਂ ਅਨੁਸਾਰ ਇਥੇ ਕਾਬਲੇਗੌਰ ਹਕੀਕਤ ਇਹ ਹੈ ਕਿ 1909 ਤਕ ਲਗਭਗ 30 ਹਜ਼ਾਰ ਹਿੰਦੁਸਤਾਨੀ ਅਮਰੀਕਾ ਵਿਚ ਪਹੁੰਚੇ ਸਨ ਜਿਨ੍ਹਾਂ ਵਿਚ (ਡਾ. ਵੇਦ ਪ੍ਰਕਾਸ਼ ਵਟੁਕ ਅਨੁਸਾਰ), ''ਦੋ ਦਲਿਤ ਪਰਵਾਸੀ ਵੀ ਸ਼ਾਮਿਲ ਸਨ ਉਨ੍ਹਾਂ ਵਿਚੋਂ ਇਕ ਸਨ ਮੰਗੂ ਰਾਮ, ਜਿਨ੍ਹਾਂ ਨੂੰ ਭਾਰਤ ਵਿਚ ਪੜ੍ਹਨ ਲਈ ਸਕੂਲ ਦੇ ਬਾਹਰ ਬੈਠਣਾ ਪੈਂਦਾ ਸੀ।''

ਇਥੇ ਇਹ ਸਚਾਈ ਵੀ ਵਿਸ਼ੇਸ਼ ਧਿਆਨ ਖਿੱਚਦੀ ਹੈ ਕਿ ਜਿਵੇਂ ਹਿੰਦੁਸਤਾਨ ਵਿਚ ਹਮਲਾਵਰ ਆਰੀਆ ਨਸਲ ਦੇ ਲੋਕ ਮੂਲ ਨਿਵਾਸੀਆਂ ਜਾਂ ਆਦਿਵਾਸੀਆਂ ਨਾਲ ਗ਼ੈਰ-ਇਨਸਾਨੀ ਸਲੂਕ ਕਰਦੇ ਸਨ, ਉਸੇ ਤਰ੍ਹਾਂ ਦਾ ਰਲਦਾ-ਮਿਲਦਾ ਰਵੱਈਆ ਹਿੰਦੁਸਤਾਨੀ ਮਜ਼ਦੂਰਾਂ ਨਾਲ ਅਮਰੀਕੀ ਗੋਰੇ ਕਰਦੇ ਸਨ। ਇਸ ਲਈ ਹੀ ਉਹ ਉਨ੍ਹਾਂ ਨੂੰ ਆਪਣੇ ਬਰਾਬਰ ਦੇ ਇਨਸਾਨ ਨਹੀਂ ਸਮਝਦੇ ਸਨ। ਕਈ ਤਰ੍ਹਾਂ ਦੇ ਗ਼ੈਰ-ਇਖ਼ਲਾਕੀ ਫ਼ਿਕਰੇ ਕੱਸਦੇ ਰਹਿੰਦੇ ਸਨ। ਇਸ ਲਈ ਵੀ ਕਿ ਹਿੰਦੁਸਤਾਨੀ ਮਜ਼ਦੂਰ ਘੱਟ ਮਜ਼ਦੂਰੀ ਲੈ ਕੇ ਕਾਰਖ਼ਾਨਿਆਂ ਵਿਚ ਤੇ ਖੇਤੀਬਾੜੀ ਦੇ ਧੰਦਿਆਂ ਵਿਚ ਅਮਰੀਕੀਆਂ ਦੀਆਂ ਨੌਕਰੀਆਂ ਹਥਿਆ ਰਹੇ ਸਨ। ਸਿੱਟੇ ਵਜੋਂ, ਹਿੰਦੁਸਤਾਨੀ ਅਮਰੀਕੀਆਂ ਦੇ ਗੁੱਸੇ ਦਾ ਸ਼ਿਕਾਰ ਹੋਣ ਲੱਗ ਪਏ। ਹਿੰਦੁਸਤਾਨੀਆਂ ਦੀ ਆਮਦ ਦੇ ਵਿਰੁੱਧ ਕਾਨੂੰਨ ਬਣਨ ਲੱਗ ਪਏ। ਨਾਗਰਿਕਤਾ, ਜ਼ਮੀਨ ਦੀ ਮਾਲਕੀ ਤੇ ਅਮਰੀਕੀ ਔਰਤਾਂ ਨਾਲ ਵਿਆਹਾਂ ਉਤੇ ਪਾਬੰਦੀ ਲਾ ਦਿਤੀ ਗਈ। ਕਈ ਥਾਵਾਂ ਉਤੇ ਨਸਲੀ ਦੰਗੇ ਹੋਏ। ਸਭ ਤੋਂ ਖ਼ੌਫ਼ਨਾਕ ਤੇ ਹੌਲਨਾਕ ਦੰਗਾ ਵਾਸ਼ਿੰਗਟਨ ਸਟੇਟ ਵਿਚ ਹੋਇਆ। ਦਿ ਨਿਊਯਾਰਕ ਟਾਈਮਜ਼ 28 ਜਨਵਰੀ 1908 ਅਨੁਸਾਰ 400-500 ਦੰਗਾਕਾਰੀਆਂ ਦੀ ਭੀੜ ਨੇ ਹਿੰਦੁਸਤਾਨੀਆਂ ਦੇ ਘਰਾਂ ਨੂੰ ਅੱਗਾਂ ਲਾਈਆਂ ਤੇ ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਟਿਆ-ਮਾਰਿਆ।

ਅਜਿਹੀਆਂ ਸਥਿਤੀਆਂ ਨੇ ਹਿੰਦੁਸਤਾਨੀ ਮਜ਼ਦੂਰਾਂ ਨੂੰ ਆਪਸ ਵਿਚ ਮਿਲ-ਬੈਠ ਕੇ ਵਿਚਾਰਾਂ ਕਰਨ ਨੂੰ ਮਜਬੂਰ ਕੀਤਾ। ਉਨ੍ਹਾਂ ਦੀ ਬਹੁ-ਗਿਣਤੀ ਤਿੰਨ ਥਾਵਾਂ ਉਤੇ ਸੀ। ਕੈਲੀਫੋਰਨੀਆਂ ਵਿਚ ਸਾਨ (ਸਾਂ) ਫਰਾਂਸਿਸਕੋ ਤੇ ਆਲੇ-ਦੁਆਲੇ ਦਾ ਇਲਾਕਾ, ਔਰੇਗਨ ਤੇ ਵਾਸ਼ਿੰਗਟਨ ਰਾਜਾਂ ਵਿਚਾਲੇ ਵਗਦੇ ਕੋਲੰਬੀਆ ਦਰਿਆ ਕਿਨਾਰੇ ਵਸੇ ਸ਼ਹਿਰਾਂ ਔਰੇਗਨ, ਸੇਂਟ ਜਾਨ, ਪੋਰਟਲੈਂਡ, ਸਿਆਟਲ, ਅਸਟੋਰੀਆ ਅਤੇ ਕਨੇਡਾ ਵਿਚਾਲੇ ਬ੍ਰਿਟਿਸ਼ ਕਲੰਬੀਆ ਦੇ ਵੈਨਕੂਵਰ, ਵਿਕਟੋਰੀਆ ਤੇ ਵੈਸਟ ਮਿੰਸਟਰ ਦੇ ਸ਼ਹਿਰ ਤੇ ਉਨ੍ਹਾਂ ਦਾ ਆਲਾ-ਦੁਆਲਾ। ਉਹ ਛੁੱਟੀ ਵਾਲੇ ਦਿਨ ਜਾਂ ਕੰਮ ਬੰਦ ਹੋਣ ਵਾਲੇ ਦਿਨ ਇਕੱਠੇ ਹੁੰਦੇ। ਉਹ ਕਨੇਡਾ-ਅਮਰੀਕਾ ਵਿਚ ਉਨ੍ਹਾਂ ਨੂੰ ਨਿੱਤ ਆਉਂਦੀਆਂ ਮੁਸ਼ਕਿਲਾਂ ਬਾਰੇ ਚਰਚਾ ਕਰਦੇ ਰਹਿੰਦੇ। ਜੋ ਮਜ਼ਦੂਰ ਸਿੱਧੇ ਪੰਜਾਬ ਤੋਂ ਆਏ ਹੋਏ ਸਨ - ਉਹ ਹਿੰਦੁਸਤਾਨ ਵਿਚ ਬ੍ਰਤਾਨਵੀ ਹਕੂਮਤ ਵਿਰੁੱਧ ਚੱਲ ਰਹੇ ਸੰਘਰਸ਼ ਦੀ ਚਰਚਾ ਕਰਦੇ। ਰੋਹ-ਵਿਦਰੋਹ ਖ਼ਤਾਂ-ਪੱਤਰਾਂ, ਸਰਕੂਲਰਾਂ ਤੇ ਅਖ਼ਬਾਰਾਂ ਰਾਹੀਂ ਹੋਰ ਵਿਆਪਕ ਹੁੰਦਾ ਗਿਆ।

ਇਸੇ ਦੌਰਾਨ ਹਿੰਦੁਸਤਾਨੀ ਵਿਦਿਆਰਥੀ ਅੰਗਰੇਜ਼ੀ ਸਾਮਰਾਜ ਵਿਰੁੱਧ ਪ੍ਰਚਾਰ ਵਿਚ ਜਰਮਨਾਂ ਤੇ ਆਇਰਸ਼-ਅਮਰੀਕੀ ਅੰਦੋਲਨਕਾਰੀਆਂ ਨਾਲ ਰਲ ਗਏ। ਇਨ੍ਹਾਂ ਤੱਥਾਂ ਨੇ ਹਿੰਦੁਸਤਾਨੀਆਂ ਨੂੰ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਪ੍ਰੇਰਿਆ। ਕਿਹਾ ਜਾ ਸਕਦਾ ਹੈ ਕਿ ਨਾਸਾਜ਼ਗਾਰ ਹਾਲਾਤ ਸਦਕਾ ਭਾਰਤੀਆਂ ਅੰਦਰ ਮਨੁੱਖੀ ਅਧਿਕਾਰਾਂ ਤੇ ਰਾਜਸੀ ਚੇਤਨਾ ਦਾ ਮੁੱਢ ਬੱਝਾ। ਸਾਲ 1912 ਵਿਚ, ਕੈਲੀਫੋਰਨੀਆ ਵਿਚ ਬਾਬਾ ਜਵਾਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਨੇ ਇਕ ਗੁਰਦੁਆਰਾ ਬਣਾਇਆ। ਉਸ ਵਿਚ ਪਰਵਾਸੀ ਭਾਰਤੀਆਂ ਦੀਆਂ ਇਕੱਤਰਤਾਵਾਂ ਹੁੰਦੀਆਂ ਤੇ ਉਹ ਗੁਰਦੁਆਰਾ ਅਧਿਕਾਰ ਚੇਤਨਾ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ। ਸੂਤਰਾਂ ਅਨੁਸਾਰ ਇਸ ਗੁਰਦੁਆਰੇ ਦੀ ਪਹਿਲੀ ਬਣੀ ਕਮੇਟੀ ਵਿਚ ਬਾਬਾ ਮੰਗੂ ਰਾਮ ਨੂੰ ਮੈਂਬਰ' ਵਜੋਂ ਲਿਆ ਗਿਆ। ਇਹ ਹਕੀਕਤ ਸਾਡੇ ਬਜ਼ੁਰਗਾਂ ਦੀ ਸਮਾਜਿਕ ਤੇ ਸਭਿਆਚਾਰਕ ਪਰਿਵਰਤਨ ਪ੍ਰਤਿ ਸੁਹਿਰਦ ਸੋਚ ਨੂੰ ਪ੍ਰਗਟਾਉਂਦੀ ਹੈ।

ਦਲਿਤਾਂ ਦੀ ਗ਼ਦਰ ਵਿਚ ਸ਼ਮੂਲੀਅਤ ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਗ਼ਦਰ ਲਹਿਰ ਵਿਚ ਵੱਖ-ਵੱਖ ਧਰਮਾਂ, ਫ਼ਿਰਕਿਆਂ ਤੇ ਦਲਿਤਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਦੀ ਗਵਾਹੀ ਗ਼ਦਰ ਡਾਇਰੈਕਟਰੀ (ਪੰਜਾਬ ਸੈਕਸ਼ਨ) ਵੋਲੀਅਮ-ਤ੍ਰ, 1913-1915 (ਪ੍ਰਕਾਸ਼ਨ ਸਾਲ 1916) ਅਤੇ ਦਿ ਗ਼ਦਰ ਡਾਇਰੈਕਟਰੀ-1917 ਵਿਚਲੇ ਇੰਦਰਾਜਾਂ ਤੋਂ ਸਹਿਜ ਹੀ ਸਪੱਸ਼ਟ ਹੈ। ਇਨ੍ਹਾਂ ਵਿਚੋਂ, ਖ਼ਾਸ ਤੌਰ ਤੇ ਗ਼ਦਰ ਡਾਇਰੈਕਟਰੀ (ਪੰਜਾਬ ਸੈਕਸ਼ਨ) ਵੋਲੀਅਮ-3, ਵਿਚ ਸੰਬੰਧਿਤ ਗ਼ਦਰੀਆਂ ਬਾਰੇ ਇੰਦਰਾਜ ਜਾਤ ਦੇ ਹਵਾਲੇ ਨਾਲ ਹਨ। ਚੋਖੀ ਗਿਣਤੀ ਵਿਚ ਅੱਜ ਦੀਆਂ ਪਛੜੀਆਂ ਸ਼੍ਰੇਣੀਆਂ ਤੇ ਅਨੁਸੂਚਿਤ ਜਾਤੀਆਂ ਦੇ ਗ਼ਦਰੀ ਕ੍ਰਾਂਤੀਕਾਰੀ ਇਸ ਵਿਚ ਸ਼ਾਮਿਲ ਹਨ। ਮਿਸਾਲ ਦੇ ਤੌਰ ਤੇ ਗ਼ਦਰ ਡਾਇਰੈਕਟਰੀ (ਪੰਜਾਬ ਸੈਕਸ਼ਨ) ਵੋਲੀਅਮ-3, 1916 ਵਿਚ ਐਂਟਰੀ ਨੰ. 627 ਨੂੰ ਦੇਖੋ :- 627- Mangu, Chumar, of village Mugowal, Police Station Mahilpur, District Hoshiarpur. Information was received in the summer of 1915 that he was about to leave San Francisco for India Via Shanghai and Manila with Narinjan Das of Gurdaspur, Harnam Chand of Sadhwan and Charan Das of Phurwala. The last two are reported from another source to have been emissaries of Ram Chand, Peshawari, and to have reached Japan in July 1915. Mangu is said to be dangerous. He seems to have changed his mind about returning; for he was reported in September 1915 to be still in U.S.A.

- C.I.D. File No. 1273 of 1915

ਅਨੁਵਾਦ ਇਸ ਤਰ੍ਹਾਂ ਹੈ :-

627 - ਮੰਗੂ, ਚਮਾਰ, ਪਿੰਡ ਮੁੱਗੋਵਾਲ, ਥਾਣਾ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ। 1915 ਦੀਆਂ ਗਰਮੀਆਂ ਵਿਚ ਸੂਚਨਾ ਪ੍ਰਾਪਤ ਹੋਈ ਸੀ ਕਿ ਉਹ ਗੁਰਦਾਸਪੁਰ ਦੇ ਨਿਰੰਜਣ ਦਾਸ, ਸਿੱਧਵਾਂ ਦੇ ਹੁਕਮ ਚੰਦ ਅਤੇ ਫਰਵਾਲਾ ਦੇ ਚਰਨ ਦਾਸ ਨਾਲ ਹਿੰਦੁਸਤਾਨ ਲਈ ਸਾਨ ਫਰਾਂਸਿਸਕੋ ਛੱਡ ਕੇ ਸ਼ੰਘਈ ਤੇ ਮਨੀਲਾ ਦੇ ਰਸਤੇ ਜਾਣ ਵਾਲਾ ਸੀ। ਇਕ ਹੋਰ ਵਸੀਲੇ ਤੋਂ ਰਿਪੋਰਟ ਮਿਲੀ ਹੈ ਕਿ ਮਗਰਲੇ ਦੋ ਰਾਮ ਚੰਦ, ਪੇਸ਼ਾਵਰੀ ਦੇ ਦੂਤ ਬਣ ਚੁੱਕੇ ਹਨ ਅਤੇ ਜੁਲਾਈ 1915 ਵਿਚ ਜਾਪਾਨ ਪਹੁੰਚ ਚੁੱਕੇ ਹਨ। ਮੰਗੂ ਨੂੰ ਖ਼ਤਰਨਾਕ ਦੱਸਿਆ ਗਿਆ ਹੈ। ਪਰਤਣ ਸੰਬੰਧੀ ਉਸ ਨੇ ਆਪਣਾ ਮਨ ਬਦਲ ਲਿਆ ਜਾਪਦਾ ਹੈ ; ਸਤੰਬਰ 1915 ਵਿਚ ਉਸ ਦੇ ਅਮਰੀਕਾ ਵਿਚ ਹੋਣ ਦੀ ਰਿਪੋਰਟ ਸੀ।

- ਸੀ. ਆਈ. ਡੀ. ਫਾਈਲ ਨੰ:: 1273, 1915

ਮੰਗੂ ਰਾਮ ਖ਼ੁਦ ਆਪਣੇ ਇਕ ਲੇਖ, 'ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ' ਵਿਚ ਲਿਖਦੇ ਹਨ, ''ਗ਼ਦਰ ਪਾਰਟੀ 1913 ਵਿਚ ਬਣਾਈ ਗਈ। ਇਸ ਵਿਚ ਮੈਨੂੰ ਵੀ ਸ਼ਾਮਿਲ ਕਰ ਲਿਆ ਗਿਆ।'' ਉਪਰੰਤ ਉਹ ਪਾਰਟੀ ਦੀ 'ਗ਼ਦਰ ਪ੍ਰੈੱਸ' ਵਿਚ ਕੁੱਲ ਵਕਤੀ ਦੇ ਤੌਰ ਤੇ ਕੰਮ ਕਰਨ ਲੱਗ ਪਏ। ਉਹ ਆਪਣੇ ਸਾਥੀਆਂ ਨਾਲ ਗ਼ਦਰ ਅਖ਼ਬਾਰ, ਕਿਤਾਬਾਂ ਤੇ ਟਰੈਕਟ ਛਾਪਣ ਤੇ ਵੰਡਣ ਦੇ ਕਾਰਜ ਨੂੰ ਸਮਰਪਿਤ ਹੋ ਗਏ।

'ਨੋਟ : ਜੇ ਇਹ ਤੱਥ ਗਲਤ ਹੋਵੇ ਤਾਂ ਇਸ ਵਿਚ ਸੋਧ ਕਰਨ ਲਈ ਪਹਿਲੀ ਤੇ ਦੂਜੀ ਕਮੇਟੀ ਦੇ ਮੈਂਬਰਾਂ ਦੀ ਸੂਚੀ ਮੁਹੱਈਆ ਕਰਵਾਈ ਜਾਵੇ।

ਉਥੇ ਉਨ੍ਹਾਂ ਨੂੰ 'ਗੋਧਾ' (ਇਕ ਕ੍ਰਾਂਤੀਕਾਰੀ ਗੋਧਾ ਰਾਮ ਹੋਰ ਵੀ ਸੀ) ਦੇ ਨਾਂ ਨਾਲ ਬੁਲਾਇਆ ਜਾਂਦਾ ਸੀ ਜਿਸ ਦਾ ਅਰਥ ਕ੍ਰਾਂਤੀਕਾਰੀ ਵਜੋਂ ਲਿਆ ਜਾਂਦਾ ਸੀ ਭਾਵ ਸਰਕਾਰ ਦੇ ਸਿਰ 'ਤੇ ਮੰਡਰਾਉਂਦੀ ਆਫ਼ਤ। ਦੱਸਿਆ ਜਾਂਦਾ ਹੈ ਕਿ (ਬਾਬਾ) ਮੰਗੂ ਰਾਮ ਦਾ ਕੱਦ ਪੰਜ ਫੁੱਟ ਇਕ ਇੰਚ ਸੀ ਤੇ ਚੁਸਤੀ-ਫੁਰਤੀ ਬਿਜਲੀ ਜਿੰਨੀ। ਜੁੱਸਾ ਨਿਰਾ ਚੱਟਾਨੀ ਤੇ ਬੁਲੰਦ ਹੌਸਲਾ ਦੁਸ਼ਮਣ ਲਈ ਪਰੇਸ਼ਾਨੀ। ਉਹ ਗ਼ਦਰ ਲਹਿਰ ਦੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਨਿਸ਼ਾਨੇ ਨੂੰ ਨਵੇਂ ਸਮਾਜ ਤੇ ਨਵੇਂ ਮਨੁੱਖ ਦੀ ਸਿਰਜਣਾ ਵਜੋਂ ਵਿਚਾਰਦੇ। ਇਸ ਲਈ ਕਿ ਉਨ੍ਹਾਂ ਹਿੰਦੁਸਤਾਨ ਵਿਚਲੀ ਵਿਤਕਰੇ ਤੇ ਅਨਿਆਂ ਭਰੀ ਸਮਾਜਿਕ ਬਣਤਰ ਰਾਹੀਂ ਆਪਣੇ ਤਨ-ਮਨ ਉਤੇ ਕਹਿਰ ਦੀਆਂ ਬੇਇਨਸਾਫ਼ੀਆਂ ਨੂੰ ਪਿੰਡੇ ਉਤੇ ਹੰਢਾਇਆ ਹੋਇਆ ਸੀ। ਉਹ ਚਾਹੁੰਦੇ ਸਨ ਕਿ ਜਿੰਨੀ ਛੇਤੀ ਸੰਭਵ ਹੋਵੇ ਹਿੰਦੁਸਤਾਨ ਆਜ਼ਾਦ ਹੋਵੇ। ਇਸ ਲਈ ਕਿ ਉਨ੍ਹਾਂ ਆਜ਼ਾਦੀ ਅਤੇ ਗੁਲਾਮੀ ਦੇ ਸਹੀ ਅਰਥਾਂ ਨੂੰ ਅਮਰੀਕਾ ਰਹਿੰਦਿਆਂ ਸਮਝ ਲਿਆ ਸੀ। ਇਸ ਸੰਦਰਭ ਵਿਚ ਡਾ. ਵੇਦ ਪ੍ਰਕਾਸ਼ ਵਟੁਕ ਦੀ ਪੁਸਤਕ 'ਗ਼ਦਰ ਪਾਰਟੀ ਦਾ ਸਪਤਾਹਕ ਪਰਚਾ, ਭਾਗ ਪਹਿਲਾ 1913-14, ਪੁਨਰ ਪ੍ਰਕਾਸ਼ਨ' ਦੀ ਲੰਮੀ ਭੂਮਿਕਾ ਵਿਚੋਂ ਟਿੱਪਣੀ ਦੇਣੀ ਉਚਿਤ ਹੋਵੇਗੀ :-

''ਉਸ (ਮੰਗੂ ਰਾਮ) ਨੇ ਇਸ ਮਾਹੌਲ ਵਿਚ ਰਹਿੰਦਿਆਂ ਖ਼ੁਸ਼ੀ ਵਿਚ ਆਖਿਆ ਕਿ ਮੈਂ ਆਪਣੇ ਜੀਵਨ ਵਿਚ ਪਹਿਲੀ ਵਾਰ ਆਪਣੇ ਆਪ ਨੂੰ ਇਕ ਬਰਾਬਰ ਅਤੇ ਆਜ਼ਾਦ ਮਨੁੱਖ ਦੇ ਰੂਪ ਵਿਚ ਦੇਖਿਆ ਹੈ।''

ਬਾਬਾ ਮੰਗੂ ਰਾਮ ਦੀ ਗ਼ਦਰ ਪ੍ਰਤਿ ਸਿਖਰ ਦੀ ਵਫ਼ਾਦਾਰੀ, ਹੌਸਲਾ-ਬੁਲੰਦੀ, ਜਜ਼ਬੇ ਤੇ ਜੋਸ਼ ਨੂੰ ਦੇਖਦਿਆਂ ਉਨ੍ਹਾਂ ਨੂੰ ਚਾਰ ਹੋਰ ਸਾਥੀਆਂ ਸਮੇਤ ਦਲੇਰੀ ਭਰਿਆ ਇਕ ਕੰਮ ਸੌਂਪਿਆ ਗਿਆ। ਬਾਬਾ ਮੰਗੂ ਰਾਮ ਇਸ ਸੰਬੰਧ ਵਿਚ ਲਿਖਦੇ ਹਨ, ''ਫਿਰ ਸਾਡੀ ਗ਼ਦਰ ਪਾਰਟੀ ਦੀ 1915 ਵਿਚ ਇਕ ਮੀਟਿੰਗ ਹੋਈ ਜਿਸ ਦੇ ਪ੍ਰਧਾਨ ਸਰਦਾਰ ਸੋਹਣ ਸਿੰਘ ਭਕਨਾ ਜੀ ਸਨ। ਮੀਟਿੰਗ ਵਿਚ ਮਤਾ ਪਾਸ ਹੋਇਆ ਕਿ ਪੰਜ ਆਦਮੀ ਐਸੇ ਹੋਣੇ ਚਾਹੀਦੇ ਹਨ ਜੋ ਹਿੰਦੁਸਤਾਨ 'ਚ ਹਥਿਆਰ ਲਿਜਾ ਸਕਣ ਜਿਨ੍ਹਾਂ ਵਿਚ ਇਕ ਮੇਰਾ ਨਾਂ ਤੇ ਬਾਕੀ ਸਨ - ਹਰੀ ਸਿੰਘ ਬੱਦੋਵਾਲੀਆ, ਜ਼ਿਲ੍ਹਾ ਲੁਧਿਆਣਾ, ਹਰਨਾਮ ਚੰਦ, ਗੰਭੀਰ ਸਿੰਘ ਤੇ ਹਰਚਰਨ ਦਾਸ। ਅਸੀਂ ਪੰਜ ਆਦਮੀ ਚੁਣੇ ਗਏ। ਪਾਰਟੀ ਦੇ ਸੈਕਟਰੀ ਮਿ. ਗੋਧਾ ਨੇ ਸਾਡੇ ਕੋਲੋਂ ਸਾਮਾਨ, ਪੈਸਾ ਜਿੰਨਾ ਸੀ, ਸਾਰਾ ਹੀ ਪਾਰਟੀ ਦੇ ਦਫ਼ਤਰ ਵਿਚ ਜਮ੍ਹਾ ਕਰਵਾ ਦਿਤਾ। ਸਾਡੇ ਅਸਲੀ ਨਾਂ ਬਦਲ ਕੇ ਮੁਸਲਮਾਨਾਂ ਵਾਲੇ ਰੱਖ ਦਿਤੇ। ਇਨ੍ਹਾਂ ਵਿਚ ਮੇਰਾ ਨਾਂ ਨਿਜ਼ਾਮੂਦੀਨ ਸੀ।''

ਹੁਣ ਉਨ੍ਹਾਂ ਪੰਜ ਗ਼ਦਰੀਆਂ ਕੋਲ ਜਾਅਲੀ ਪਰਸ਼ੀਅਨ ਪਾਸਪੋਰਟ ਸਨ। ਪਾਰਟੀ ਨੇ ਆਪਣਾ ਜਹਾਜ਼ (ਐਨੀ ਲਾਰਸਨ) ਖਰੀਦ ਕੇ ਲਾਸ ਏਂਜਲਸ ਬੰਦਰਗਾਹ ਤੋਂ ਰਵਾਨਾ ਕਰ ਦਿਤਾ । ਉਹ ਅੱਗੇ ਚੱਲ ਕੇ ਇਕ ਬੇਆਬਾਦ ਔਸਕੇਰੀ ਟਾਪੂ ਕਿਨਾਰੇ ਪਹੁੰਚ ਗਿਆ ਜਿੱਥੇ ਕੋਈ ਆਬਾਦੀ ਨਹੀਂ ਸੀ। ਮੰਗੂ ਰਾਮ ਹੋਰ ਲਿਖਦੇ ਹਨ, ''ਉਹ ਜਜ਼ੀਰਾ 100 ਮੀਲ ਦੇ ਏਰੀਏ ਵਿਚ ਫ਼ੈਲਿਆ ਹੋਇਆ ਸੀ ਅਤੇ ਬੇਆਬਾਦ ਸੀ। ਉਥੇ ਸਾਡਾ ਜਹਾਜ਼ ਤੀਹ ਦਿਨ ਖੜ੍ਹਾ ਰਿਹਾ (ਕੁਝ ਹੋਰ ਹਵਾਲਿਆਂ ਅਨੁਸਾਰ ਉਣੱਤੀ ਦਿਨ)। ਉਥੇ ਸਾਨੂੰ ਇਸ ਵਾਸਤੇ ਰੁਕਣਾ ਪਿਆ ਕਿ ਪਿੱਛੇ ਜਿਸ ਕਿਸ਼ਤੀ ਵਿਚ ਬਹੁਤ ਸਾਰੇ ਹਥਿਆਰ ਸਨ, ਉਸ ਕਿਸ਼ਤੀ (ਐਨੀ ਲਾਰਸਨ) ਦੇ ਪੁੱਜਣ ਤੋਂ ਬਾਅਦ ਉਸ ਤੋਂ ਹਥਿਆਰ ਲੈ ਕੇ ਅਸੀਂ ਅੱਗੇ ਹਿੰਦੁਸਤਾਨ ਨੂੰ ਤੁਰਨਾ ਸੀ।''

ਹੋਰ ਪੁਸਤਕੀ ਹਵਾਲਿਆਂ ਤੇ ਵੇਰਵਿਆਂ ਅਨੁਸਾਰ ਐਨੀ ਲਾਰਸਨ ਸ਼ਾਂਤ ਮਹਾਂਸਾਗਰ ਤੋਂ ਪਾਰ ਦੇ ਸਫ਼ਰ ਲਈ ਢੁਕਵਾਂ ਨਹੀਂ ਸੀ। ਇਸ ਲਈ ਮੈਵਰਿਕ ਨਾਂ ਦੇ ਜਹਾਜ਼ ਦਾ ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਪ੍ਰਬੰਧ ਕੀਤਾ ਗਿਆ। ਯੋਜਨਾ ਅਨੁਸਾਰ ਐਨੀ ਲਾਰਸਨ ਨੇ ਆਪਣਾ ਸਾਰਾ ਮਾਲ ਮੈਵਰਿਕ ਨੂੰ ਦੇਣਾ ਸੀ ਜਿਸ ਨੇ ਅੱਗੇ ਦੱਖਣ-ਏਸ਼ੀਆ ਨੂੰ ਲਿਜਾਉਣਾ ਸੀ। ਇਸੇ ਦੌਰਾਨ, ਮੰਗੂ ਰਾਮ ਅਨੁਸਾਰ, ''ਆਸਟਰੇਲੀਆ ਦਾ ਇਕ ਬੜਾ ਜੰਗੀ ਜਹਾਜ਼ ਜਿਸ ਦਾ ਨਾਂ ਸਿਡਨੀ ਮਾਨਵਰ ਸੀ, ਉਥੇ ਆ ਪੁੱਜਾ, ਆਉਂਦੇ ਹੀ ਉਸ ਨੇ ਸਾਨੂੰ ਲਾਲ ਝੰਡੀ ਦਿਤੀ। ਹੁਕਮ ਹੋ ਗਿਆ ਕਿ ਤੁਸੀਂ ਜਿੰਨੇ ਵੀ ਆਦਮੀ ਜਹਾਜ਼ ਵਿਚ ਹੋ, ਜਹਾਜ਼ ਛੱਡ ਕੇ ਬਾਹਰ ਨਿਕਲ ਜਾਉ, ਅਸੀਂ ਜਹਾਜ਼ ਨੂੰ ਗੋਲੀ ਮਾਰ ਕੇ ਉਡਾ ਦੇਣਾ ਹੈ। ਅਸੀਂ ਪੰਜ ਆਦਮੀ ਤੇ ਦੋ ਜਰਮਨ, ਦੋ ਨਾਰਵੇ ਦੇ ਤੇ ਇਕ ਹਾਲੈਂਡ ਦਾ ਸੀ। ਦਸ ਕੁ ਆਦਮੀ ਜਹਾਜ਼ ਚਲਾਉਣ ਵਾਲੇ ਕਿਸ਼ਤੀਆਂ 'ਤੇ ਬੈਠ ਕੇ ਕਿਨਾਰੇ ਚਲੇ ਗਏ। ਅਸੀਂ ਦਸ ਕੁ ਆਦਮੀ ਉਥੇ ਹੀ ਰਹਿ ਗਏ। ਉਸ ਸਮੇਂ ਅਮਰੀਕਾ ਦਾ ਇਕ ਜੰਗੀ ਜਹਾਜ਼ ਆ ਗਿਆ। ਉਸ ਨੇ ਗੋਲੀ ਮਾਰਨ ਤੋਂ ਰੋਕ ਦਿਤਾ। ਅਮਰੀਕਨਾਂ ਨੇ ਅੰਗਰੇਜ਼ ਅਫ਼ਸਰ ਨੂੰ ਲੈ ਕੇ ਜਹਾਜ਼ ਦੀ ਤਲਾਸ਼ੀ ਲਈ। ਜਹਾਜ਼ ਨੂੰ ਖ਼ਾਲੀ ਦੇਖ ਕੇ ਉਹ ਚਲੇ ਗਏ ਤੇ ਸਾਨੂੰ ਹੁਕਮ ਦਿਤਾ ਕਿ ਤੁਸੀਂ ਇਥੋਂ ਚਲੇ ਜਾਉ।''

ਦਰਅਸਲ, ਹਰਚਰਨ ਦਾਸ ਬ੍ਰਿਟਿਸ਼ ਸਰਕਾਰ ਦਾ ਜਸੂਸ ਸੀ ਪਰ ਉਹ ਗ਼ਦਰ ਪਾਰਟੀ ਵਿਚ ਵੜ ਗਿਆ ਸੀ ਤੇ

(ਬਾਕੀ ਅਗਲੇ ਸਫੇ ਤੇ)

# ਗ਼ਦਰ ਲਹਿਰ ਵਿਚ ਦਲਿਤਾਂ ਦਾ ਯੋਗਦਾਨ

ਰਾਮ ਚੰਦਰ (ਗ਼ਦਰ ਪਾਰਟੀ ਵਲੋਂ ਐਲਾਨਿਆ 'ਕੌਮੀ ਗ਼ਦਾਰ') ਦਾ ਵਿਸ਼ਵਾਸ ਪਾਤਰ ਬਣ ਗਿਆ ਸੀ। ਉਪਰ ਵਰਣਿਤ ਘਟਨਾ ਦੀ ਪੁਸ਼ਟੀ ਨਿਮਨ ਵੇਰਵੇ ਤੋਂ ਹੋ ਜਾਂਦੀ ਹੈ, "ਦੋ ਅਮਰੀਕੀ ਜਹਾਜ਼ ਕੇਂਡ ਤੇ ਰੇਨਬੋ ਨੇ ਮੈਵਰਿਕ ਦੀ ਤਲਾਸ਼ੀ ਲਈ। ਜਹਾਜ਼ ਨੇ ਕੇਵਲ ਰਸਮੀ ਤਲਾਸ਼ੀ ਲੈ ਕੇ ਜਹਾਜ਼ ਨੂੰ ਜਾਣ ਦੀ ਆਗਿਆ ਦੇ ਦਿਤੀ। ਬਾਅਦ ਵਿਚ ਪਤਾ ਲੱਗਾ ਕਿ ਜਹਾਜ਼ ਵਿਚ ਬ੍ਰਿਟਿਸ਼ ਖੁਫੀਆ ਦਾ ਇਕ ਵਿਅਕਤੀ ਸੀ ਤੇ ਸਰਕਾਰ ਦੇ ਏਜੰਟ, ਜਿਥੋਂ ਤਕ ਹੋ ਸਕੇ, ਵੱਧ ਤੋਂ ਵੱਧ ਵਿਅਕਤੀਆਂ ਨੂੰ ਜਾਲ ਵਿਚ ਫਸਾਉਣ ਦੇ ਇਰਾਦੇ ਨਾਲ ਚੁੱਪਚਾਪ ਸਾਜ਼ਿਸ਼ ਉਤੇ ਨਜ਼ਰ ਰੱਖ ਰਿਹਾ ਸੀ।" (ਪੰਨਾ, 127,128, ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ, ਦੂਜਾ ਭਾਗ, ਵਿਸ਼ਵਾਮਿੱਤਰ ਉਪਾਧਿਆਇ)।

ਮੈਵਰਿਕ ਦਾ ਸਫ਼ਰ ਇਥੇ ਹੀ ਖ਼ਤਮ ਨਹੀਂ ਹੁੰਦਾ। ਮੰਗੂ ਰਾਮ ਅਨੁਸਾਰ, "ਅਸੀਂ ਦੂਜੇ ਦਿਨ ਰਾਸ਼ਨ ਲੈਣ ਲਈ ਵੇਰਾਕਰੂਜ਼ ਬੰਦਰਗਾਹ ਪਹੁੰਚੇ। ... ਤੀਜੇ ਦਿਨ ਵਾਪਸ ਆ ਗਏ। 10 ਦਿਨ ਸਾਨੂੰ ਅਮਰੀਕੀ ਸਰਕਾਰ ਨੇ ਸ਼ੱਕ ਦੇ ਤੌਰ ਤੇ ਨਜ਼ਰਬੰਦ ਰੱਖਿਆ।" ਮੰਗੂ ਰਾਮ ਆਪਣੇ ਜੀਵਨ ਬਿਰਤਾਂਤ ਵਿਚ ਅੱਗੇ ਲਿਖਦੇ ਹਨ ਕਿ ਕਈ ਟਾਪੂਆਂ ਵਿਚੀਂ ਘੁੰਮਦਾ-ਘੁਮਾਉਂਦਾ ਸਾਡਾ ਜਹਾਜ਼ ਬਤਾਵੀਆ ਬੰਦਰਗਾਹ ਜਾ ਪੁੱਜਾ। ਪੁੱਜਣ ਸਾਰ ਹੀ ਜਪਾਨੀਆਂ ਦੇ ਬਹੁਤ ਸਾਰੇ ਜਹਾਜ਼ ਆ ਗਏ। ਉਨ੍ਹਾਂ ਨੇ ਸਾਨੂੰ ਜਹਾਜ਼ ਸਮੇਤ ਗ੍ਰਿਫ਼ਤਾਰ ਕਰਕੇ ਸਾਡੇ ਉਤੇ ਕੈਲੀਫੋਰਨੀਆ ਵਿਚ ਮੁਕੱਦਮਾ ਚਲਾਇਆ। ਇਕ ਸਾਲ ਅਸੀਂ ਉਥੇ ਜਹਾਜ਼ ਸਮੇਤ ਗ੍ਰਿਫ਼ਤਾਰ ਰਹੇ। ... ਫੈਸਲਾ ਇਹ ਕੀਤਾ ਗਿਆ ਕਿ ਜਹਾਜ਼ ਵਿਚ ਜਿਹੜੇ ਪੰਜ ਹਿੰਦੁਸਤਾਨੀ ਸਨ, ਉਨ੍ਹਾਂ ਨੂੰ ਕੱਲ੍ਹ 10 ਵਜੇ ਫ਼ਾਂਸੀ ਦੇ ਦਿਤੀ ਜਾਵੇ। ਜਰਮਨ ਦੇ ਦੂਤ ਜੋ ਉਥੇ ਰਹਿੰਦੇ ਸਨ, ਉਨ੍ਹਾਂ ਨੂੰ ਸਾਨੂੰ ਫ਼ਾਂਸੀ ਦੇਣ ਬਾਰੇ ਪਤਾ ਲੱਗਾ। ਉਨ੍ਹਾਂ ਨੇ ਸਾਨੂੰ ਬਚਾਉਣ ਦਾ ਪ੍ਰਬੰਧ ਕੀਤਾ। ... ਸਾਨੂੰ ਰਾਤ ਦੇ 12 ਵਜੇ ਜਹਾਜ਼ ਵਿਚੋਂ ਕੱਢ ਕੇ ਵੱਖ-ਵੱਖ ਦਿਸ਼ਾਵਾਂ ਵੱਲ ਭੇਜ ਦਿਤਾ। ... ਮੈਨੂੰ ਮਨੀਲੇ ਭੇਜ ਦਿਤਾ ...।"

ਕੁਦਰਤੀ ਹਾਲਾਤ ਵੀ ਕਈ ਵਾਰ ਗ਼ਦਰੀਆਂ ਲਈ ਮੁਸੀਬਤਾਂ ਬਣ ਕੇ ਆਏ। ਜਿਵੇਂ ਜਿਸ ਜਹਾਜ਼ ਵਿਚ ਮੰਗੂ ਰਾਮ ਸਵਾਰ ਸਨ, ਸਮੁੰਦਰ ਵਿਚ ਤੁਫਾਨ ਆਉਣ ਕਾਰਨ ਮਨੀਲਾ ਦੀ ਥਾਂ ਸਿੰਗਾਪੁਰ ਜਾ ਪੁੱਜਾ। ਮੰਗੂ ਰਾਮ ਜਹਾਜ਼ ਵਿਚ ਆਪਣੇ ਕਮਰੇ ਤੋਂ ਬਾਹਰ ਖੜ੍ਹੇ ਸਨ। ਮੰਗੂ ਰਾਮ ਮੁਤਾਬਿਕ, "ਮੈਨੂੰ ਬੰਦਰਗਾਹ ਉਤੇ ਦੋ ਹਿੰਦੁਸਤਾਨੀ ਨਜ਼ਰ ਆਏ। ਬੇਲਾ ਸਿੰਘ ਪਿੰਡ ਜਿਆਨ, ਜ਼ਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਕੌਮੀ ਗ਼ਦਾਰ ਸੀ ਤੇ ਦੂਸਰਾ ਭਾਗ ਸਿੰਘ, ਪਿੰਡ ਮਾਣਕੋ, ਜ਼ਿਲ੍ਹਾ ਜਲੰਧਰ। ਉਨ੍ਹਾਂ ਦੇ ਦੱਸਣ ਕਾਰਨ ਪੁਲਿਸ ਨੇ ਮੈਨੂੰ ਜਹਾਜ਼ ਵਿਚੋਂ ਪਕੜ ਲਿਆ ਤੇ ਫੜ ਕੇ ਕਿਲੇ ਵਿਚ ਲੈ ਗਏ ਤੇ ਤੋਪ ਅੱਗੇ ਖੜ੍ਹਾ ਕਰ ਦਿਤਾ। ਮੈਨੂੰ ਦੱਸਿਆ ਕਿ ਤੈਨੂੰ ਅੱਧੇ ਘੰਟੇ ਬਾਅਦ ਅਸੀਂ ਤੋਪ ਨਾਲ ਉਡਾ ਦੇਣਾ ਹੈ। ਜਿਸ ਨੂੰ ਤੂੰ ਮਿਲਣਾ ਹੈ, ਸਾਨੂੰ ਦੱਸ। ਅਸੀਂ ਉਸ ਨੂੰ ਮਿਲਾ ਦਿਆਂਗੇ। ਮੈਂ ਕਿਹਾ ਕਿ ਮੈਂ ਕਿਸੇ ਨੂੰ ਨਹੀਂ ਮਿਲਣਾ ਤੇ ਨਾ ਹੀ ਮੇਰਾ ਕੋਈ ਵਾਕਿਫ਼ ਹੈ। ਮੈਂ ਤੋਪ ਅੱਗੇ ਖੜ੍ਹਾ ਸੀ ਕਿ ਉਸ ਸਮੇਂ ਦੌਰਾਨ ਇਕ ਬੰਦਾ ਉਥੇ ਆਇਆ। ਉਸ ਨੇ ਜਿਸ ਰੱਸੇ ਨਾਲ ਮੈਨੂੰ ਬੰਨ੍ਹਿਆ ਸੀ - ਉਹ ਰੱਸਾ ਖੋਲ੍ਹ ਕੇ ਮੈਨੂੰ ਜਹਾਜ਼ ਵਿਚ ਫਿਰ ਬਿਠਾ ਦਿਤਾ। ਮੈਂ ਤੀਸਰੇ ਦਿਨ ਮਨੀਲੇ ਪੁੱਜਾ। ਜਹਾਜ਼ ਤੋਂ ਉਤਰਦੇ ਹੀ ਮੈਨੂੰ ਕੁਝ ਜਰਮਨ ਅਤੇ ਦੋ-ਤਿੰਨ ਹਿੰਦੁਸਤਾਨੀ ਮਿਲੇ। ਉਹ ਮੈਨੂੰ ਇਕ ਹੋਟਲ ਵਿਚ ਲੈ ਗਏ। ਉਥੇ ਮੈਂ ਚਾਹ ਪੀਤੀ। ਜਦੋਂ ਹੋਟਲ ਵਿਚ ਪਏ ਅਖ਼ਬਾਰ (ਮਨੀਲਾ ਟਾਈਮਜ਼) ਨੂੰ ਮੈਂ ਪੜ੍ਹਿਆ ਤਾਂ ਉਸ ਵਿਚ ਇਕ ਬੜੀ ਮੋਟੀ ਸੁਰਖੀ ਵਿਚ ਲਿਖਿਆ ਹੋਇਆ ਸੀ ਕਿ ਮੰਗੂ ਰਾਮ ਤੋਪ ਨਾਲ ਉਡਾ ਦਿਤਾ ਗਿਆ। ਇਹ ਖ਼ਬਰ ਪਿੱਛੇ ਪਾਰਟੀ ਦੇ ਦਫ਼ਤਰ ਵੀ ਪੁੱਜ ਗਈ ਸੀ ਅਤੇ ਮੇਰੇ ਘਰ ਵੀ ਪਤਾ ਆ ਗਿਆ ਸੀ ਕਿ ਮੈਨੂੰ ਮਾਰ ਦਿੱਤਾ ਹੈ।"

ਗ਼ਦਰ ਪਾਰਟੀ ਦੇ ਇਸ ਮਹਾਨ ਕ੍ਰਾਂਤੀਕਾਰੀ ਦੀ ਦਾਸਤਾਨ ਬਹੁਤ ਲੰਮੇਰੀ ਹੈ। ਬੇਸ਼ੁਮਾਰ ਔਕੜਾਂ ਨੂੰ ਝੱਲਣਾ, ਵਾਰ-ਵਾਰ ਬੇਇੱਜ਼ਤ ਹੋਣਾ ਕਿ ਹਿੰਦੁਸਤਾਨ ਦੀ ਇੱਜ਼ਤ ਨੂੰ ਬਚਾਇਆ ਜਾਵੇ। ਦੇਸ਼ ਦੀ ਆਨ ਤੇ ਸ਼ਾਨ ਦੁਨੀਆਂ ਵਿਚ ਉੱਚੀ ਹੋਵੇ, ਦੇ ਖ਼ਿਆਲ ਨਾਲ ਜੂਝਦੇ ਜੁਝਾਰੂ ਮੰਗੂ ਰਾਮ ਅੱਗੇ ਵਧਦੇ ਗਏ।


ਇਸੇ ਦੌਰਾਨ ਪਾਰਟੀ ਨੇ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਇਕ ਫਿਲਪਾਇਨੀ ਪਰਿਵਾਰ ਕੋਲ ਕਰ ਦਿਤਾ। ਉਹ ਇਕ ਮਹੀਨਾ ਉਥੇ ਰਹੇ ਪਰ ਇਸ ਟਿਕਾਣੇ ਦਾ ਵੀ ਸਰਕਾਰ ਨੂੰ ਪਤਾ ਲੱਗ ਗਿਆ। ਉਪਰੰਤ ਉਹ ਪੰਡਤ ਮਾਧੋ ਰਾਮ, ਬੱਦੋਵਾਲ (ਲੁਧਿਆਣਾ) ਤੇ ਸਰਦਾਰ ਜਵਾਲਾ ਸਿੰਘ ਖੁਰਦਪੁਰ (ਜਲੰਧਰ) ਕੋਲ ਰਹੇ। ਉਹ ਉਨ੍ਹਾਂ ਕੋਲ ਇਕ ਸਾਲ ਰਹੇ। ਫਿਰ ਉਹ ਮਨੀਲਾ ਮੁੜ ਗਏ ਤੇ ਜੰਗਲਾਂ ਵਿਚ ਆਦਿਵਾਸੀਆਂ ਕੋਲ ਦੋ ਸਾਲ ਰਹੇ। ਉਥੇ ਰਹਿੰਦਿਆਂ ਉਨ੍ਹਾਂ ਦੇ ਤਨ ਉਤੇ ਆਦਿਵਾਸੀਆਂ ਵਾਂਗ ਕੱਪੜਾ ਨਾ ਰਿਹਾ।

**(ਦਲਿਤ) ਬਾਬਾ ਮੰਗੂ ਰਾਮ 'ਤੇ ਮੁਕੱਦਮਾ**

ਉਨ੍ਹਾਂ ਦਿਨਾਂ ਵਿਚ ਮੈਵਰਿਕ ਤੇ ਐਨੀ ਲਾਰਸਨ ਜਹਾਜ਼ ਵਿਚ ਹਥਿਆਰਾਂ ਨੂੰ ਲੈ ਕੇ ਅਮਰੀਕਾ ਦੀ ਕੈਲੀਫੋਰਨੀਆ ਵਿਚਲੀ ਨਾਰਦਰਨ ਡਿਸਟ੍ਰਿਕਟ ਕੋਰਟ ਵਿਚ ਗ਼ਦਰ ਲਹਿਰ ਦਾ ਇਕ ਜਗਤ ਪ੍ਰਸਿਧ ਕੇਸ 20 ਨਵੰਬਰ 1917 ਨੂੰ ਚੱਲ ਪਿਆ। ਇਸ ਦੀ ਸੁਣਵਾਈ 80 ਦਿਨ ਹੋਈ ਤੇ ਇਹ ਅਪ੍ਰੈਲ 1918 ਤਕ ਚੱਲਿਆ। ਕੇਸ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ :ਕੇਸ ਨੰਬਰ 6133, ਬਾਕਸ ਨੰਬਰ 575, ਫਾਈਲ ਨੰਬਰ-1 (ਫਾਈਲ, ਨੈਸ਼ਨਲ ਆਰਕਾਈਵ ਐਂਡ ਰਿਕਾਰਡ ਐਡਮਿਨਸਟ੍ਰੇਸ਼ਨ (ਨਾਰਾ) ਸਾਨ ਬਰੂਨੋ, ਕੈਲੀਫੋਰਨੀਆ ਯੂ ਐਸ ਏ)।

ਕੇਸ ਦਾ ਪੂਰਾ ਨਾਂ ਹੈ - ਹਿੰਦੂ ਜਰਮਨ ਸਾਜ਼ਿਸ਼ ਕੇਸ-1915 ਤੇ ਕੇਸ ਦੀ ਫਾਈਲ ਵਿਚ ਹਰੇਕ ਪੰਨੇ ਉਤੇ 32 ਲਾਈਨਾਂ ਹਨ ਜਿਨ੍ਹਾਂ ਦੀ 1 ਤੋਂ 32 ਤਕ ਹਿੰਦਸੇ ਟਾਈਪ ਕਰਕੇ ਗਿਣਤੀ ਹੈ। ਸਿਖਰ ਉਤੇ ਅਦਾਲਤ ਦੇ ਨਾਂ ਤੋਂ ਸ਼ੁਰੂ ਹੋ ਕੇ ਜਰਮਨਾਂ, ਆਇਰਸ਼ ਸੁਤੰਤਰਤਾ ਸੰਗ੍ਰਾਮੀਆਂ ਦੇ ਨਾਵਾਂ ਤੋਂ ਬਾਅਦ ਭਾਰਤੀਆਂ ਦੇ ਨਾਂ ਹਨ। ਸਾਰੇ ਨਾਮ ਕੈਪੀਟਲ ਅੱਖਰਾਂ ਵਿਚ ਹਨ। ਫਾਈਲ ਦੇ ਦੂਜੇ ਪੰਨੇ ਦੀ ਦੂਜੀ ਲਾਈਨ ਵਿਚ ਮੰਗੂ ਰਾਮ ਦਾ ਨਾਂ ਹੈ। ਇਹ ਸੰਖੇਪ ਅਦਾਲਤੀ ਕਾਰਵਾਈ ਹੈ ਤੇ ਉਸ ਉਤੇ ਮਾਰਚ 1917 ਦੇ ਪਹਿਲੇ ਸੋਮਵਾਰ ਦੀ ਮਿਤੀ ਦਰਜ ਹੈ।

ਅਮਰੀਕਾ ਦੀ ਫੌਜਦਾਰੀ ਦੰਡਾਵਲੀ ਦੀ ਧਾਰਾ 13 ਦੀ ਉਲੰਘਣਾ ਦੀ ਸਾਜ਼ਿਸ਼ ਦਾ ਦੋਸ਼ ਮੰਗੂ ਰਾਮ ਉਤੇ ਲਾ ਕੇ 7 ਜੁਲਾਈ 1917 ਨੂੰ ਕੈਲੀਫੋਰਨੀਆ ਦੇ ਨਾਰਦਰਨ ਜ਼ਿਲ੍ਹਾ ਦੇ ਮਾਰਸ਼ਲ ਵਲੋਂ ਵਾਰੰਟ/ਸੰਮਨ ਜਾਰੀ ਕੀਤਾ ਗਿਆ। ਹਦਾਇਤ ਕੀਤੀ ਗਈ ਕਿ ਮੰਗੂ ਰਾਮ ਨੂੰ ਫੜ ਕੇ ਅਦਾਲਤ ਅੱਗੇ ਪੇਸ਼ ਕੀਤਾ ਜਾਵੇ। ਇਸੇ ਤਰ੍ਹਾਂ ਹੀ, 11 ਅਕਤੂਬਰ 1917 ਨੂੰ ਅਟਾਰਨੀ ਨੇ ਅਟਾਰਨੀ ਜਨਰਲ, ਵਾਸ਼ਿੰਗਟਨ ਨੂੰ ਸਾਨ ਫਰਾਂਸਿਸਕੋ ਤੋਂ ਤਾਰ ਰਾਹੀਂ ਸੂਚਨਾ ਦਿਤੀ, "ਤੁਹਾਡੀ ਤਾਰ ਦੇ ਜਵਾਬ ਵਿਚ ਮੰਗੂ ਰਾਮ ਨੇ ਹਕੀਕਤਾਂ ਦਾ ਬਿਆਨ ਦਿਤਾ ਹੈ ਅਤੇ ਤਸਦੀਕਸ਼ੁਦਾ ਦੋਸ਼ ਅਰੋਪਣ ਪੱਤਰ (ਕਾਨੂੰਨੀ ਕਾਰਵਾਈ) ਦੀ ਨਕਲ ਯੂਨਾਈਫਿਡ ਸਟੇਟਸ ਐਟਾਰਨੀ ਸਦਰਨ ਡਿਸਟ੍ਰਿਕਟ, ਫਲੋਰੀਡਾ ਨੂੰ ਭੇਜੀ ਹੈ। ਦੋਸ਼ੀ ਹਰਨਾਨ ਸਿਨਮ ਸਾਡੇ ਲਈ ਉਸ ਨਾਂ ਹੇਠ ਅਗਿਆਤ ਹੈ।"



BABA MANGU RAM MUGGOWALIA JI
14-01-1886 - 22-04-1980

ਇਥੇ ਹੋਰ ਦਿਲਚਸਪ ਗੱਲ ਇਹ ਹੈ ਕਿ ਮੰਗੂ ਰਾਮ ਦੀ ਸੀ.ਆਈ ਡੀ. ਫਾਈਲ ਨੰ. 1273 ਆਫ 1915 ਅਨੁਸਾਰ ਉਹ ਸਤੰਬਰ 1915 ਤਕ ਅਮਰੀਕਾ ਵਿਚ ਸਨ ਜਦ ਕਿ ਉਹ 24 ਅਪ੍ਰੈਲ 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੁਸਤਾਨ ਨੂੰ ਰਵਾਨਾ ਹੋ ਚੁੱਕੇ ਸਨ, ਆਪਣੇ ਚਾਰ ਸਾਥੀਆਂ ਨਾਲ। ਪਰ ਨਾਰਾ ਦੀ ਫਾਈਲ ਅਨੁਸਾਰ 10 ਅਪ੍ਰੈਲ 1915 ਨੂੰ ਸਾਨ ਫਰਾਂਸਿਸਕੋ ਤੋਂ ਲਾਸ ਏਂਜਲਸ, ਕੈਲੀਫੋਰਨੀਆ ਲਈ ਰਵਾਨਾ ਹੋਏ ਸਨ। ਇੰਜ ਹੀ, ਵਾਰੰਟ/ਸੰਮਨ 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਖੁਫੀਆ ਵਿਭਾਗ ਦੀ ਨਾਲਾਇਕੀ ਨੂੰ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ, ਇਹ ਗ਼ਦਰ ਪਾਰਟੀ ਦੇ ਆਪਣੇ ਖੁਫੀਆ ਤੰਤਰ ਦੀ ਹੁਸ਼ਿਆਰੀ ਨੂੰ ਪ੍ਰਗਟਾਉਂਦੀ ਹੈ।

**ਹਿੰਦੂ ਜਰਮਨ ਸਾਜਿਸ਼ ਮੁਕੱਦਮੇ ਦਾ ਹੋਰ ਵੇਰਵਾ**

ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ, ਯੂ ਐਸ ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ, 1917 ਦਾ ਪੱਤਰ) ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲਗਭਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ), ਕਾਰਤੂਸਾਂ ਦੇ ਲਗਭਗ 3773 ਬਕਸੇ ਜਿਨ੍ਹਾਂ ਵਿਚ ਲਗਭਗ 3,500,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲਗਭਗ 10 ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਿਸਤੌਲ ਜਿਨ੍ਹਾਂ ਦੀ ਗਿਣਤੀ ਪਤਾ ਨਹੀਂ ਹੈ।" ਇਸ ਤੋਂ ਇਲਾਵਾ, ਗ਼ਦਰ ਲਹਿਰ ਦਾ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਮੰਗੂ ਰਾਮ ਮੁਤਾਬਿਕ ਜਹਾਜ਼ ਵਿਚ ਗ਼ਦਰ ਅਖ਼ਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ।

ਉਪਰੰਤ ਸਾਰਾ ਅਸਲਾ-ਬਰੂਦ ਜੱਜਾਂ ਦੇ ਦਸਖ਼ਤਾਂ ਮਗਰੋਂ ਵੇਚ ਦਿਤਾ ਗਿਆ।

ਸਾਨ ਫਰਾਂਸਿਸਕੋ ਕਰੋਨੀਕਲ, 22 ਅਪ੍ਰੈਲ 1918 (ਉਸ ਸਮੇਂ ਦੀ ਪ੍ਰਸਿੱਧ ਅਖ਼ਬਾਰ) ਦੇ ਮੁੱਖ ਪੰਨੇ ਦੇ ਸਿਖਰ ਉਤੇ ਮੋਟੇ ਅੱਖਰਾਂ ਵਿਚ ਸੁਰਖੀ ਹੈ; / 3,000,000 ਇਜ਼ ਕੌਸਟ ਆਫ਼ ਪ੍ਰੋਸਿਕਿਉਟਿੰਗ ਹਿੰਦੂਸ ਪਲੌਟ ਕੇਸ' ਤੇ ਦੂਜੀ ਛੋਟੀ ਸੁਰਖੀ ਹੈ; 'ਯੂ ਐਸ ਕੈਨ ਗੈੱਟ ਓਨਲੀ ਸਮਾਲ ਪਾਰਟ ਬੈਕ'। ਇਥੇ ਕਹਿਣ ਦਾ ਮਤਲਬ ਹੈ ਕਿ ਇਹ ਦੁਨੀਆਂ ਦਾ ਸਭ ਤੋਂ ਮਹਿੰਗਾ ਮੁਕੱਦਮਾ ਸੀ ਜਿਸ ਉਤੇ 'ਅਮਰੀਕੀ ਤੇ ਬ੍ਰਤਾਨਵੀ ਸਰਕਾਰਾਂ ਨੇ ਮਿਲ ਕੇ ਬਹੁਤ ਵੱਡਾ ਖਰਚ ਕੀਤਾ ਅਤੇ/ 320,000 ਜੁਰਮਾਨਾ ਮਿਲਣ ਦੀ ਸੰਭਾਵਨਾ ਹੈ।' ਅੱਗੇ ਹੋਰ ਲਿਖਿਆ ਹੈ, '25 ਸਾਲ ਪਹਿਲਾਂ ਦੇ ਕਿਪਲਿੰਗ ਦੇ "ਮੈਵਰਿਕ" ਦੀ 1918 ਦੇ "ਮੈਵਰਿਕ" ਨੇ ਮੁੜ ਯਾਦ ਦਿਵਾਈ।" ਇਥੇ ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਪ੍ਰਧਾਨ ਵੁੱਡਰੋ ਵਿਲਸਨ, ਅਮਰੀਕਾ ਦੀ ਕ੍ਰਾਂਤੀਕਾਰੀਆਂ ਪ੍ਰਤਿ ਸੁਹਿਰਦਤਾ ਤੇ ਉਸ ਤੋਂ ਮਗਰੋਂ ਦੀ ਸਰਕਾਰ ਨੇ ਉਪਰੋਕਤ ਮੁਕੱਦਮੇ ਨੂੰ ਨਾ ਚਲਾਉਣ ਲਈ ਬਹੁਤ ਸਮਾਂ ਟਾਲਿਆ ਪਰ ਬ੍ਰਤਾਨਵੀ ਦਬਾਅ ਵਧੇਰੇ ਵਧਣ ਕਾਰਨ ਇਹ ਮੁਕੱਦਮਾ ਚਲਾਇਆ ਗਿਆ।

**ਬਾਬਾ ਮੰਗੂ ਰਾਮ ਦੀ ਨਜ਼ਰਬੰਦੀ ਮੁਕੱਦਮੇ ਦੇ ਖ਼ਾਤਮੇ ਉਪਰੰਤ**

ਮੈਵਰਿਕ ਤੇ ਐਨੀ ਲਾਰਸਨ ਜਹਾਜ਼ਾਂ ਨਾਲ ਸੰਬੰਧਿਤ ਹਿੰਦੂ ਜਰਮਨ ਸਾਜ਼ਿਸ਼ ਕੇਸ ਅਪ੍ਰੈਲ 1918 ਵਿਚ ਖ਼ਤਮ ਹੋ ਗਿਆ। ਪਹਿਲੀ ਸੰਸਾਰ ਜੰਗ ਵੀ 11 ਨਵੰਬਰ 1918 ਨੂੰ ਖ਼ਤਮ ਹੋ ਗਈ। ਪਰ ਪ੍ਰਿੰਸ ਆਫ਼ ਵੇਲਜ਼ (ਜਾਰਜ ਪੰਜਵੇਂ ਦਾ ਪੁੱਤਰ) ਨੇ 1921 ਤੇ 1922 ਦੌਰਾਨ ਹਿੰਦੁਸਤਾਨ ਸਮੇਤ ਧੁਰ ਪੂਰਬ ਏਸ਼ੀਆ ਦਾ ਦੌਰਾ ਕੀਤਾ। ਉਸ ਨੇ ਮਈ 1922 ਵਿਚ ਪੂਰਬੀ ਏਸ਼ੀਆ ਦੇ ਦੇਸ਼ ਫਿਲਪੀਨਜ਼ ਦਾ ਦੌਰਾ ਕੀਤਾ। ਉਦੋਂ ਬਾਬਾ ਮੰਗੂ ਰਾਮ ਮਿ. ਜੋਹਨਸਨ ਐਂਡ ਮਾਰਸ਼ਲ ਫੀਲਡ ਕੰਪਨੀ (ਸ਼ਿਕਾਗੋ ਵਿਚ ਉਸ ਦਾ ਵਿਭਾਗੀ ਭੰਡਾਰ ਵੀ ਹੈ) ਵਿਚ ਕੰਮ ਕਰਦੇ ਸਨ। ਮੰਗੂ ਰਾਮ ਦੀ ਲਿਖਤ ਅਨੁਸਾਰ, "ਉਸ ਫੈਕਟਰੀ ਵਿਚ ਮੇਰੀ ਰਹਾਇਸ਼ ਦਾ ਪ੍ਰਬੰਧ ਵੀ ਉਥੇ ਹੀ ਸੀ। ਇਕ ਸਾਲ ਕੰਮ ਕਰਨ ਤੋਂ ਬਾਅਦ ਫੈਕਟਰੀ ਦੇ ਮਾਲਕ ਨੂੰ ਮੇਰਾ ਪਤਾ ਲੱਗ ਗਿਆ ਕਿ ਮੈਂ ਗ਼ਦਰ ਪਾਰਟੀ ਦਾ ਆਦਮੀ ਹਾਂ।" ਉਹ ਅੱਗੇ ਲਿਖਦੇ ਹਨ, "ਉਸ ਸਮੇਂ ਦੌਰਾਨ 1922 ਈਸਵੀ ਨੂੰ ਪ੍ਰਿੰਸ ਆਫ਼ ਵੇਲਜ਼ ਦੁਨੀਆਂ ਦੀ ਸੈਰ ਕਰ ਰਿਹਾ ਸੀ। ਇਸ ਲਈ ਮੈਨੂੰ 6 ਮਹੀਨੇ ਲਈ ਨਜ਼ਰਬੰਦ ਕਰ ਲਿਆ ਗਿਆ।"

ਦਿ ਬੈਰੀਅਰ ਮਾਈਨਰ, 15 ਮਈ, 1922 ਅਤੇ 14 ਮਈ 1922 ਅਨੁਸਾਰ ਪ੍ਰਿੰਸ ਆਫ਼ ਵੇਲਜ਼ ਦੀ ਸੱਜੀ ਅੱਖ 13 ਮਈ ਨੂੰ ਪੋਲੋ ਖੇਡਦਿਆਂ ਜ਼ਖ਼ਮੀ ਹੋ ਗਈ ਸੀ ਤੇ ਉਹ ਉਥੋਂ ਅਗਲੇ ਦਿਨ ਰਵਾਨਾ ਹੋ ਗਿਆ। ਪਰ ਬਾਬਾ ਮੰਗੂ ਰਾਮ ਪ੍ਰਿੰਸ ਦੇ ਜਾਣ ਪਿੱਛੋਂ ਵੀ ਕੁਝ ਮਹੀਨੇ ਨਜ਼ਰਬੰਦ ਰਹੇ। ਬ੍ਰਤਾਨਵੀ ਹਕੂਮਤ ਦੀ ਨਜ਼ਰ ਵਿਚ ਉਹ ਅਜੇ ਵੀ ਖ਼ਤਰਨਾਕ ਕ੍ਰਾਂਤੀਕਾਰੀ ਸੀ ਕਿ ਉਹ ਕਿਸੇ ਤਰ੍ਹਾਂ ਪ੍ਰਿੰਸ ਨੂੰ ਸਰੀਰਕ ਨੁਕਸਾਨ ਨਾ ਪਹੁੰਚਾ ਦੇਣ।

**ਦਲਿਤ ਗ਼ਦਰੀ ਬਾਬੇ ਅਣਗੌਲੇ**

ਗ਼ਦਰ ਸਾਹਿਤ ਤੇ ਇਤਿਹਾਸ ਦੀਆਂ ਕਿਤਾਬਾਂ ਭਰੀਆਂ ਪਈਆਂ ਹਨ ਕਿ 1857 ਦਾ ਪਹਿਲਾ ਗ਼ਦਰ ਹੀ ਦੂਜੇ ਗ਼ਦਰ (1913-1915) ਦਾ ਆਧਾਰ ਸੀ। ਦੋਵੇਂ ਗ਼ਦਰ ਹਥਿਆਰਬੰਦ ਕ੍ਰਾਂਤੀ ਰਾਹੀਂ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣਾ ਚਾਹੁੰਦੇ ਸਨ। ਫ਼ਰਕ ਸਿਰਫ਼ ਇੰਨਾ ਸੀ ਕਿ 1857 ਦਾ ਗ਼ਦਰ ਦੇਸ਼ ਅੰਦਰੋਂ ਉਠਿਆ ਤੇ ਦੂਜਾ ਦੇਸ਼ ਦੀ ਧਰਤੀ ਤੋਂ 12 ਹਜ਼ਾਰ ਕਿਲੋਮੀਟਰ ਦੂਰ ਅਮਰੀਕਾ-ਕੈਲੀਫੋਰਨੀਆ ਤੋਂ। ਦੋਹਾਂ ਗ਼ਦਰਾਂ ਦੇ ਇਤਿਹਾਸ ਵਿਚ ਦਲਿਤ; ਕੁਰਬਾਨੀਆਂ ਦੇ ਬਾਵਜੂਦ ਮਨਫ਼ੀ ਕੀਤੇ ਗਏ ਹਨ। ਭਾਵੇਂ ਉਨ੍ਹਾਂ ਦੇ ਇਤਿਹਾਸਕਾਰ ਸਮਾਜਵਾਦੀ, ਪ੍ਰਗਤੀਵਾਦੀ ਅਤੇ ਕ੍ਰਾਂਤੀਕਾਰੀ ਲਹਿਰਾਂ ਨੂੰ ਆਪਣੀ ਵਿਰਾਸਤ ਸਮਝਦੇ ਹਨ। ਉਦਾਹਰਣ ਵਜੋਂ, 1857 ਦੇ ਗ਼ਦਰ ਦੇ ਕ੍ਰਾਂਤੀਕਾਰੀਆਂ; ਗੰਗੂ ਮੇਹਤਰ, ਬੱਲੂ ਮੇਹਤਰ, ਬਾਂਕੇ ਚਮਾਰ, ਚੇਤ ਰਾਮ ਜਾਟਵ, ਗੁਰੂ ਬਖ਼ਸ਼ (ਮੰਗਾ ਬਖ਼ਸ਼) ਪਾਸੀ, ਬੀਰਾ ਪਾਸੀ ਤੇ ਹੋਰ ਬਹੁਤ ਸਾਰਿਆਂ ਨੂੰ ਫਾਂਸੀ ਹੋਈ।

ਅਜਿਹੇ ਸੂਰਬੀਰਾਂ ਦੀ ਗਾਥਾ ਕਦੋਂ ਗਾਈ ਜਾਵੇਗੀ? ਦਲਿਤ ਵੀਰਾਂਗਣਾਂ ਜਿਵੇਂ ਮਹਾਂਵੀਰੀ ਦੇਵੀ ਭੰਗੀ ਤੇ ਉਸ ਨਾਲ 22 ਭੰਗੀ ਇਸਤਰੀਆਂ ਦਾ ਦਲ ਸੀ ਜੋ ਅੰਗਰੇਜ਼ਾਂ ਉਤੇ ਹਮਲਾ ਕਰਦੀਆਂ ਹੋਈਆਂ ਸ਼ਹੀਦ ਹੋ ਗਈਆਂ ਸਨ। ਝਲਕਾਰੀ ਬਾਈ, ਮੁਫਤਸਾ ਬੇਗਮ, ਉਦਾਬਾਈ ਪਾਸੀ ਤੇ ਹੋਰਾਂ ਨੂੰ ਕਦੋਂ ਇਨਸਾਫ਼ ਮਿਲੇਗਾ?

ਵਰਨਣ ਕਰਨਾ ਜ਼ਰੂਰੀ ਹੈ ਕਿ 1857 ਦੇ ਗ਼ਦਰ ਤੋਂ ਵੀ ਪਹਿਲਾਂ ਬਹੁਤ ਸਾਰੇ ਦਲਿਤ ਅੰਗਰੇਜ਼ਾਂ ਵਿਰੁੱਧ ਗੁਰੀਲਾ ਜੰਗ ਕਰਦੇ ਹੋਏ ਫਾਂਸੀ ਚੜ੍ਹਾਏ ਗਏ ਜਾਂ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਮਿਸਾਲ ਦੇ ਤੌਰ ਤੇ 1807 ਵਿਚ ਉਪਈਆ ਚਮਾਰ ਨੂੰ ਫਾਂਸੀ ਚੜ੍ਹਾਇਆ ਗਿਆ। ਉਸ ਨੇ ਛਤਾਰੀ ਦੇ ਕਿਲੇ ਵਿਚ ਬਰੂਦੀ ਸੁਰੰਗ ਵਿਛਾ ਕੇ ਬਹੁਤ ਸਾਰੇ ਅੰਗਰੇਜ਼ਾਂ ਨੂੰ ਮੌਤ ਦੇ ਸਪੁਰਦ ਕਰ ਦਿਤਾ ਸੀ।

**ਸਮਾਪਤੀ ਸ਼ਬਦ**

ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ ਗ਼ਦਰ ਲਹਿਰ ਦਾ ਸ਼ਾਨਮੱਤਾ, ਗੌਰਵਮਈ, ਵਿਲੱਖਣ ਤੇ ਸੁਨਹਿਰਾ ਅਧਿਆਇ ਹੈ। ਉਸ ਦੀਆਂ ਸਿਰ-ਧੜ ਦੀ ਬਾਜ਼ੀ ਲਾਉਣ ਦੀਆਂ ਜੁਝਾਰੂ ਤੇ ਕ੍ਰਾਂਤੀਕਾਰੀ ਸਰਗਰਮੀਆਂ ਦੀ ਵਿਲੱਖਣ ਭੂਮਿਕਾ ਹੈ। ਲੋਕਤੰਤਰੀ, ਸਮਾਜਵਾਦੀ, ਭਾਰਤੀ ਰਾਸ਼ਟਰਵਾਦ, ਧਰਮ-ਨਿਰਪੇਖ ਤੇ ਸਮਾਜਿਕ ਸਮਤਾ ਦੀ ਵਿਚਾਰਧਾਰਾ ਭਾਰਤ ਵਾਸੀਆਂ ਲਈ ਇਕ ਅਤਿ ਮਹੱਤਵਪੂਰਨ ਵਿਰਸਾ ਤੇ ਵਿਰਾਸਤ ਹੈ। ਅਜਿਹੀ ਲੋਕ ਪੱਖੀ ਤੇ ਮਾਨਵਵਾਦੀ ਚੇਤਨਾ ਭਰਪੂਰ ਗੁਲਾਮੀ ਤੇ ਆਜ਼ਾਦੀ ਨੂੰ ਪਰਿਭਾਸ਼ਿਤ ਕਰਦੀ ਵਿਚਾਰਧਾਰਾ ਨੇ ਅਜੇ ਵੀ ਭਾਰਤ ਦੇ ਮੁੱਖਧਾਰਾ ਵਾਲੇ ਇਤਿਹਾਸ ਵਿਚ ਸਥਾਨ ਪ੍ਰਾਪਤ ਕਰਨਾ ਹੈ।

ਇਸ ਦ੍ਰਿਸ਼ਟੀ ਤੋਂ ਕਈ ਚਿੰਤਕਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਨੂੰ ਨਵੇਂ ਸਿਰਿਉਂ ਲਿਖੇ ਜਾਣ ਦੀ ਲੋੜ ਹੈ। ਇਸ ਦੇ ਨਾਲ ਹੀ, ਇਹ ਸਵਾਲ ਵੀ ਉੱਭਰਦਾ ਹੈ ਕਿ ਘੱਟ-ਗਿਣਤੀ ਦੇ ਦੇਸ਼ ਭਗਤ ਮੁਸਲਮਾਨਾਂ ਤੇ ਦਲਿਤਾਂ ਦੀ ਗ਼ਦਰ ਲਹਿਰ ਵਿਚ ਸ਼ਮੂਲੀਅਤ ਤੇ ਮਹੱਤਵਪੂਰਣ ਭੂਮਿਕਾ ਨੂੰ ਉਚਿਤ ਸਥਾਨ ਦਿਤਾ ਜਾਵੇ ਜਿਨ੍ਹਾਂ ਦੇ ਨਾਵਾਂ, ਥਾਵਾਂ ਤੇ ਕਾਰਨਾਮਿਆਂ ਨਾਲ ਸਰਕਾਰੀ ਤੇ ਗ਼ੈਰ ਸਰਕਾਰੀ ਦਸਤਾਵੇਜ਼ ਭਰੇ ਪਏ ਹਨ, ਹਿੰਦੂ ਪੰਚ, ਬਲੀਦਾਨ ਅੰਕ (ਹਿੰਦੀ) ਸੰਪਾਦਕ, ਕਮਲਾਦੱਤ ਪਾਂਡੇ ਤੇ ਪ੍ਰਸਤਾਵਨਾ ਰਾਮਵਿਲਾਸ ਸ਼ਰਮਾ ਆਦਿ ਨੂੰ ਛੱਡ ਕੇ ਜਿਨ੍ਹਾਂ ਨੇ 1857 ਦੇ ਗ਼ਦਰ ਤੇ 1913-15 ਦੇ ਗ਼ਦਰ ਦਸਤਾਵੇਜ਼ ਵਿਚ ਦਲਿਤਾਂ ਨੂੰ ਉੱਕਾ ਸਥਾਨ ਨਹੀਂ ਦਿਤਾ। ਗ਼ਦਰ ਲਹਿਰ ਨੂੰ ਸਿਰਫ਼ ਪੰਜਾਬ ਤਕ ਸੀਮਤ ਨਾ ਰੱਖਿਆ ਜਾਵੇ ਸਗੋਂ ਵੱਖ-ਵੱਖ ਪ੍ਰਾਂਤਾਂ ਦੇ ਦੇਸ਼ ਭਗਤ ਕ੍ਰਾਂਤੀਕਾਰੀਆਂ ਗ਼ਦਰੀ ਬਾਬਿਆਂ ਦੇ ਯੋਗਦਾਨ ਨੂੰ ਉਭਾਰਿਆ ਜਾਵੇ। ਜਰਮਨ, ਅਮਰੀਕਾ ਤੇ ਆਇਰਲੈਂਡ ਦੇ ਉਨ੍ਹਾਂ ਦੇਸ਼ ਭਗਤਾਂ ਨੂੰ ਯਾਦ ਕੀਤਾ ਜਾਵੇ ਜਿਨ੍ਹਾਂ ਨੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ ਹਿੱਸਾ ਲਿਆ-ਸਾਲਾਂ ਬੱਧੀ ਕੈਦਾਂ ਕੱਟੀਆਂ ਤੇ 10-10 ਹਜ਼ਾਰ ਡਾਲਰ ਦੇ ਜੁਰਮਾਨੇ ਭਰੇ।

ਅਫਸੋਸ ਨਾਲ ਲਿਖਿਆ ਜਾ ਰਿਹਾ ਹੈ ਕਿ ਗ਼ਦਰ ਲਹਿਰ ਨਾਲ ਸੰਬੰਧਤ ਚਿੰਤਕ ਤੇ ਇਤਿਹਾਸਕਾਰ ਸੌੜੀ ਸਮਾਜਿਕ ਤੇ ਰਾਜਨੀਤਿਕ ਹਵਾ ਦੇ ਸੰਗ-ਸੰਗ ਉੱਡਦੇ ਜਾ ਰਹੇ ਹਨ। ਇਨ੍ਹਾਂ ਸਤਰਾਂ ਦਾ ਲੇਖਕ ਵੀ ਅਣਗੌਲੇ ਦਲਿਤ ਗ਼ਦਰੀ ਬਾਬਿਆਂ ਨੂੰ ਚਰਚਾ ਵਿਚ ਲਿਆਉਣ ਲਈ ਇਸ ਹਵਾ ਦੇ ਖ਼ਿਲਾਫ਼ ਜਾ ਰਿਹਾ ਹੈ। ਕਾਸ਼ ! ਉਹ ਗ਼ਦਰੀ ਸਮਾਜਿਕ ਭਾਵਨਾ ਵਰਤਮਾਨ ਵਿਚ ਹੁੰਦੀ ਤਾਂ ਇਹ ਵੱਖੋ-ਵੱਖਰੀ ਤੂਤੀ ਨਾ ਵਜਾਉਣੀ ਪੈਂਦੀ।

ਇਸ ਤੱਥ, ਸੋਚ ਤੇ ਸਮਾਜਿਕ ਵਿਸ਼ਲੇਸ਼ਣ ਨੂੰ ਧਿਆਨ ਗੋਚਰੇ ਰੱਖਿਆ ਜਾਣਾ ਜ਼ਰੂਰੀ ਹੈ ਕਿ ਗੁਲਾਮੀ ਨੂੰ ਸੱਦਾ ਦੇਣ ਤੇ ਉਸ ਨੂੰ ਬਰਕਰਾਰ ਰੱਖਣ ਵਿਚ ਸਾਡਾ ਆਪਣਾ ਹੀ ਵਰਣ-ਧਰਮ, ਆਰਥਿਕ ਕਾਣੀ-ਵੰਡ, ਜਾਤਪਾਤ ਤੇ ਛੂਤਛਾਤ ਵਿਚ ਵੰਡਿਆ ਸਮਾਜ ਵੀ ਪ੍ਰਮੁੱਖ ਕਾਰਨ ਹੈ। ਇਸ ਵੱਲ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੇ ਵੀ ਆਪਣੇ ਇਕ ਲੰਮੇ ਲੇਖ, 'ਅਛੂਤ ਦਾ ਸਵਾਲ' ਵਿਚ ਸਮਾਜਿਕ ਬਣਤਰ ਉਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ।

ਉਪਰੋਕਤ ਸਭ ਕੁੱਝ ਲਈ ਅਸੀਂ ਗ਼ਦਰ ਪਾਰਟੀ ਦੇ ਕ੍ਰਾਂਤੀਕਾਰੀ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਨ੍ਹਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ ਵਿਚ ਤਬਦੀਲ ਕਰ ਸਕੀਏ।

ਖੋਜ-ਪੱਤਰ ਹੇਠ ਲਿਖੀਆਂ ਪੁਸਤਕਾਂ ਉਤੇ ਆਧਾਰਤ ਹੈ :-


1. ਗ਼ਦਰ ਲਹਿਰ ਦੇ ਅਣਫੋਲੇ ਵਰਕੇ - ਭਗਤ ਸਿੰਘ ਬਿਲਗਾ, ਐਡੀਸ਼ਨ : 1989, ਪ੍ਰਕਾਸ਼ਕ : ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।
2. ਗ਼ਦਰ ਪਾਰਟੀ ਦਾ ਇਤਿਹਾਸ - ਗੁਰਚਰਨ ਸਿੰਘ ਸੈਂਸਰਾ, ਤੀਜਾ ਐਡੀਸ਼ਨ : ਨਵੰਬਰ, 2006, ਪ੍ਰਕਾਸ਼ਕ : ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।
3 ਗ਼ਦਰ- ਗ਼ਦਰ ਪਾਰਟੀ ਦਾ ਸਪਤਾਹਕ ਪਰਚਾ, ਭਾਗ ਪਹਿਲਾ (1913-14) ਪੁਨਰ ਪ੍ਰਕਾਸ਼ਨ - ਡਾ. ਵੇਦ ਪ੍ਰਕਾਸ਼ 'ਵਟੁਕ' ਪ੍ਰਕਾਸ਼ਕ : ਫੋਕਲੋਰ ਇੰਸਟੀਚਿਊਟ, ਪੀ. ਓ. ਬਾਕਸ 1142, ਬਰਕਲੇ, ਕੈਲੀਫੋਰਨੀਆ।
4. ਗ਼ਦਰ ਦੀ ਗੂੰਜ-ਦੇਸ਼ ਭਗਤਾਂ ਦੀ ਬਾਣੀ, ਐਡੀਸ਼ਨ : 1993, ਪ੍ਰਕਾਸ਼ਕ : ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।
5. ਰਵਿਦਾਸ ਪੱਤ੍ਰਕਾ (ਅਪ੍ਰੈਲ 1971), 615 ਐਲ, ਮਾਡਲ ਟਾਊਨ, ਜਲੰਧਰ।
6. ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ - ਵਿਸ਼ਵਾਮਿੱਤਰ ਉਪਾਧਿਆਇ, ਪ੍ਰਗਤੀਸ਼ੀਲ ਜਨ ਪ੍ਰਕਾਸ਼ਨ, ਨਵੀਂ ਦਿੱਲੀ, ਪਹਿਲਾ ਸੰਸਕਰਣ : 1986
7. 1857 ਕੀ ਕ੍ਰਾਂਤੀ ਮੇਂ ਦਲਿਤੋਂ ਕਾ ਯੋਗਦਾਨ, ਸਤਨਾਮ ਸਿੰਘ, ਸਮੱਯਕ ਪ੍ਰਕਾਸ਼ਨ, ਨਵੀਂ ਦਿੱਲੀ, ਪਹਿਲਾ ਸੰ-ਸਕਰਣ: 2007
8. Hindustan Ghadar Party - A short History by Sohan Singh Josh, Edition : June, 2007, Publisher : Desh Bhagat Yadgaar Committee, Jalandhar.
9. Hindu German Conspiracy Case - Documents of Case and some other papers related with Mangu Ram provided by Sita Ram Madhopuri.
10. Ghadr Directory (Punjab Section), Vol. IV, 1913-1915, Lahore 1916, Edited by Bhai Nahar Singh MA, Bhai Kirpal Singh, Edition : 1996, Published by Gob ind Sadan Institute for Advance Studies in comparative Religion, Gadaipur, Mehrauli, New Delhi-110030.
11. The Ghadr Directory, Complied by The Direcor, Intelligence Bureau, Home Department, Govt. of India, 1934, Reprint : 1997 by Publication Bureau, Punjabi University, Patiala.


( Mobile 0-935-054-8100 )

## ਪਹਿਲਵਾਨ ਪੰਜਾਬ ਦੇ

# ਕਰਤਾਰ ਸਿੰਘ ਪਹਿਲਵਾਨ- ਰੁਸਤਮਿ- ਸਿੰਘਾਪੁਰ

ਕਰਤਾਰ ਸਿੰਘ ਉਰਫ ਕਰਤਾਰੀ ਭਲਵਾਨ ਦਾ ਜਨਮ 5 ਮਈ 1905 ਈ: ਨੂੰ ਰਾਣੀਪੁਰ ਦੇ ਨੇੜਲੇ ਇਕ ਪਿੰਡ ਜਗਪਾਲਪੁਰ, ਜ਼ਿਲ੍ਹਾ ਕਪੂਰਥਲਾ ਵਿਚ ਹੋਇਆ। ਹੋਸ਼ ਸੰਭਾਲਦਿਆਂ ਮਾਨਾਵਾਲੀ ਦੇ ਇਕ ਮੱਲ ਜੀਣ ਨੂੰ ਗੁਰੂ ਧਾਰਨ ਕਰ ਲਿਆ ਅਤੇ ਆਲੇ-ਦੁਆਲੇ ਦੇ ਦਸ-ਦਸ ਮੀਲ ਤੱਕ ਸਭ ਭਲਵਾਨ ਢਾਹ ਸੁੱਟੇ। ਇਕ ਦਿਨ ਹੁਕਮੇ ਦੇ ਇਕ ਸ਼ਾਗਿਰਦ ਮਹਿੰਗਾ ਤੇਲੀ ਤੋਂ ਅਜਿਹੀ ਮਾਰ ਖਾਧੀ ਕਿ ਦਲੀਪ ਸਿੰਘ ਭੰਗ ਨੂੰ ਉਸਤਾਦ ਧਾਰਨਾ ਪਿਆ। ਬਡੋਂਪਾਲਦੀ ਵਾਲੇ ਸਰਦਾਰਾਂ ਨੇ ਇਸ ਨੂੰ ਪਾਲਿਆ। ਸਹੀ ਮਾਅਨਿਆਂ ਵਿਚ ਪਹਿਲਵਾਨ ਉਥੇ ਬਣਿਆ। ਥੱਲੇ ਸੁੱਟ ਕੇ ਢਾਹੁਣਾ ਇਸ ਨੇ ਦਲੀਪ ਸਿੰਘ ਭੰਗਲ ਕੋਲੋਂ ਸਿੱਖਿਆ। ਇਸਦੇ ਉਸਤਾਦ ਦੀ ਇਹ ਖੂਬੀ ਸੀ ਕਿ ਇਕ ਵਾਰ ਉਸ ਨੇ ਸੋਲਨ ਵਿਖੇ ਪੂਰਨ ਜਖੇਪਲ ਨੂੰ ਦਸਾਂ ਪੰਦਰਾਂ ਮਿੰਟਾਂ ਦੇ ਵਿਚ ਹੀ ਢਾਹ ਲਿਆ ਸੀ। ਉਸ ਪਿੱਛੋਂ ਕੁਝ ਸਮਾਂ ਇਸ ਨੇ ਹੁਕਮੇ ਭਲਵਾਨ ਨਾਲ ਵੀ ਧੱਕਾਂ ਕੀਤੀਆਂ ਹੋਈਆਂ ਸਨ, ਜਿਸ ਕਰਕੇ ਇਹ ਪੂਰੀ ਤਰ੍ਹਾਂ ਚੰਡ ਹੋ ਗਿਆ। ਤਿਆਰ ਹੋ ਕੇ ਇਲਾਕੇ 'ਚੋਂ ਤਿੰਨ ਚਾਰ ਸੌ ਛਿੰਝਾਂ ਤੋਂ ਮਾਲੀਆਂ ਪੱਟੀਆਂ, ਕਿਉਂਕਿ ਇਹ ਕਸੀਂ ਬਹੁਤ ਸੀ, ਇਸ ਲਈ ਇਹਦੀ ਵਲਾਂ ਲਗਦੀ ਵਾਹੇ ਆਮ ਭਲਵਾਨ ਮੂੰਹ ਨਹੀਂ ਸੀ ਕਰਦਾ।

ਇਸ ਨੇ ਬਾਰ ਦੇ ਇਕ ਮੁਸਲਮਾਨ ਸਰੂ ਨੂੰ ਕੋਟ ਬਾਦਲ ਖਾਂ ਢਾਹਿਆ। ਗੁਲਾਮ ਜਲੰਧਰੀ ਨੂੰ ਫਗਵਾੜੇ ਢਾਹਿਆ। ਗੁੰਗੇ ਦੇ ਭਰਾ ਸਦਰੇ ਨੂੰ ਬੰਬਈ ਢਾਹਿਆ ਅਤੇ ਨਜ਼ਾਮ ਗੋਂਗਲੂ ਨੂੰ ਲਾਹੌਰ।


1935 ਵਿਚ ਇਹ ਵੇਖ ਕੇ ਕਿ ਦੌਲਾ ਅਤੇ ਉਸ ਦੇ ਭਰਾ ਬਦੇਸ਼ਾਂ ਵਿਚੋਂ ਬੇਇੰਤਹਾ ਧੰਨ ਕਮਾ ਕੇ ਲਿਆਏ ਹਨ, ਇਸ ਨੇ ਵੀ ਕੀਨੀਆ ਜਾਣ ਦਾ ਫੈਸਲਾ ਕਰ ਲਿਆ ਅਤੇ ਉਥੇ ਜਾ ਕੇ ਉਮਰਦੀਨ ਨਕੋਰੋ ਲਾਹੌਰ ਵਾਲੇ ਨੂੰ ਢਾਹ ਕੇ ਕੀਨੀਆ ਦੀ ਚੈਂਪੀਅਨਸ਼ਿਪ ਜਿੱਤੀ। 1936 'ਚ ਸਿੰਘਾਪੁਰ ਚਲਾ ਗਿਆ ਅਤੇ ਉਥੇ ਬੱਗਾ ਸਿੰਘ ਅਤੇ ਨਰ ਸਿੰਘ ਨੂੰ ਢਾਹ ਕੇ ਉਥੇ ਦੀ ਗੁਰਜ ਜਿੱਤੀ, ਜਿਹੜੀ ਉਸ ਕੋਲ ਲਗਾਤਾਰ ਗਿਆਰਾਂ ਸਾਲ ਰਹੀ। ਯਾਦ ਰਹੇ ਪਿੱਛੋਂ ਇਹੀ ਟਾਈਟਲ ਵਿਚ ਦਾਰਾ ਸਿੰਘ ਨੇ ਜਿੱਤਿਆ ਸੀ। ਅੱਜਕਲ੍ਹ ਇਹ ਪਹਿਲਵਾਨ ਕੈਨੇਡਾ ਰਹਿ ਰਿਹਾ ਹੈ ਅਤੇ ਖੁਸ਼ਹਾਲੀ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ।

### ਹਮੀਦਾ ਪਹਿਲਵਾਨ- ਰੁਸਤਮਿ-ਹਿੰਦ

ਹਮੀਦਾ ਪਹਿਲਵਾਨ ਨੇ ਰਹਿਮਾਨੀ ਪਹਿਲਵਾਨ ਦੇ ਘਰ 11 ਜੂਨ, 1908 ਈ: ਨੂੰ ਅੰਮ੍ਰਿਤਸਰ ਸ਼ਹਿਰ ਵਿਚ ਜਨਮ ਲਿਆ। ਇਕ ਸਮਾਂ ਸੀ ਜਦੋਂ ਭਾਰਤ ਅਤੇ ਯੂਰਪ ਦੇ ਸਾਰੇ ਪਹਿਲਵਾਨ ਉਸ ਦੇ ਨਾਂ ਤੋਂ ਭੈਅ ਖਾਂਦੇ ਸਨ। ਪਰ ਅਫਸੋਸ ਕਈ ਪਹਿਲਵਾਨਾਂ ਵਾਂਗ ਇਹ ਪਹਿਲਵਾਨ ਵੀ ਜੁਆਨੀ ਵਿਚ ਹੀ ਮਰ ਗਿਆ। ਉਸ ਦਾ ਉਸਤਾਦ, ਉਸਦਾ ਚਾਚਾ, ਕੱਲੂ ਪਹਿਲਵਾਨ ਸੀ।

ਮਸ਼ਹੂਰ ਕੁਸ਼ਤੀਆਂ:- ਹਮੀਦਾ ਅਤੇ ਅਮਾਮ ਬਖਸ਼ ਪਹਿਲਵਾਨ ਗਾਮੇ ਲਈ ਇਕ ਕੰਧ ਦਾ ਕੰਮ ਦਿੰਦੇ ਸਨ। ਉਹ ਗਾਮੇ ਲਈ ਇੰਝ ਸਨ, ਜਿਵੇਂ ਭਾਰਤ ਲਈ ਹਿਮਾਲਾ। ਜਦੋਂ ਵੀ ਕੋਈ ਪਹਿਲਵਾਨ ਕਹਿੰਦਾ ਕਿ ਮੈਂ ਗਾਮੇ ਨਾਲ ਘੁਲਣਾ ਹੈ, ਉਦੋਂ ਉਸ ਦਾ ਇਹ ਜਵਾਬ ਹੁੰਦਾ 'ਪਹਿਲਾਂ ਹਮੀਦੇ ਜਾਂ ਅਮਾਮ ਬਖਸ਼ ਨਾਲ ਘੁਲ ਲੈ। ਜੇਕਰ ਉਹ ਢਹਿ ਜਾਣ ਤਾਂ ਮੈਂ ਘੁਲਾਂਗਾ।' ਪਰ ਉਹ ਦੋਵੇਂ ਉਸ ਤੱਕ ਕਿਸੇ ਨੂੰ ਪੁੱਜਣ ਹੀ ਨਹੀਂ ਸਨ ਦਿੰਦੇ। ਹਮੀਦਾ ਪਹਿਲਵਾਨ ਆਪਣੇ ਜੀਵਨ ਵਿਚ ਕੋਈ ਤਿੰਨ ਸੌ ਦੇ ਕਰੀਬ ਕੁਸ਼ਤੀਆਂ ਲੜਿਆ। ਲੱਗਭੱਗ ਸਭ ਵਿਚੋਂ ਜਿੱਤ ਪ੍ਰਾਪਤ ਕੀਤੀ। ਪਰ ਇਕ ਕੁਸ਼ਤੀ ਵਿਚੋਂ ਉਹ ਹਾਰ ਗਿਆ। ਜ਼ਿੰਦਗੀ ਵਿਚ ਉਸ ਨੂੰ ਸਿਰਫ ਇਕ ਵਾਰ ਢਾਹੁਣ ਵਾਲਾ ਮਸ਼ਹੂਰ ਪਹਿਲਵਾਨ ਕਰਮ ਅਲਾਹੀ ਸੀ। ਉਸ ਕੁਸ਼ਤੀ ਤੋਂ ਸਿਵਾ, ਉਸ ਨੇ ਬਹੁਤ ਕੁਸ਼ਤੀਆਂ ਢਾਹੀਆਂ; ਕੁਝ ਕੁ ਕੁਸ਼ਤੀਆਂ ਬਰਾਬਰ ਵੀ ਛੁਡਵਾਈਆਂ ਗਈਆਂ। ਉਸ ਦੀ ਸਭ ਤੋਂ ਪਹਿਲੀ ਕੁਸ਼ਤੀ ਕੋਹਲਾਪੁਰ ਵਿਚ ਅੰਗੀਆ ਬੜੱਦੇ ਨਾਲ ਹੋਈ, ਜਿਹੜੀ ਬਰਾਬਰੀ ਤੇ ਛੁਡਵਾਈ ਗਈ। ਇਸ ਦੇ ਮਗਰੋਂ ਉਸਨੇ ਧੜਾਧੜ ਸੈਂਕੜੇ ਕੁਸ਼ਤੀਆਂ ਢਾਹੀਆਂ।

ਇਹ ਪਹਿਲਵਾਨ, ਗੁੰਗੇ ਨਾਲ ਤਿੰਨ ਕੁਸ਼ਤੀਆਂ ਲੜਿਆ। ਉਹ ਕੁਸ਼ਤੀਆਂ ਅੰਮ੍ਰਿਤਸਰ ਬੰਬਈ ਅਤੇ ਬਹਾਵਲਪੁਰ ਵਿਚ ਹੋਈਆਂ। ਦੱਸਿਆ ਜਾਂਦਾ ਹੈ ਕਿ ਹਰ ਕੁਸ਼ਤੀ ਵਿਚ ਹਮੀਦੇ ਦਾ ਹੱਥ ਉੱਚਾ ਰਿਹਾ। ਬਹਾਵਲਪੁਰ ਵਾਲੀ ਕੁਸ਼ਤੀ ਵਿਚ ਪਹਿਲੇ ਦਿਨ ਡੇਢ ਘੰਟੇ ਦੀ ਜ਼ੋਰ-ਅਜ਼ਮਾਈ ਹਾਰ ਜਿੱਤ ਦਾ ਫੈਸਲਾ ਨਾ ਕਰ ਸਕੀ। ਦੂਜੇ ਦਿਨ ਫਿਰ ਉਥੇ ਹੀ ਕੁਸ਼ਤੀ ਹੋਈ। ਉਹ ਕੁਸ਼ਤੀ ਸਾਫ ਨਾ ਹੋ ਸਕੀ। ਉਸ ਕੁਸ਼ਤੀ ਪਿੱਛੋਂ ਉਸ ਨੂੰ ਰੁਸਤਮਿ-ਹਿੰਦ ਦੇ ਖਿਤਾਬ ਨਾਲ ਸਨਮਾਨਿਆ ਗਿਆ। ਬਹਾਵਲਪੁਰ ਦੇ ਨਵਾਬ ਨੇ ਉਸ ਨੂੰ ਇਕ ਗੁਰਜ, ਸੋਨੇ ਦੇ ਕੜੇ, ਇਕ ਹਾਰ ਅਤੇ ਪੰਦਰਾਂ ਹਜ਼ਾਰ ਰੁਪਿਆ ਇਨਾਮ ਵਜੋਂ ਦਿੱਤਾ।



1931 ਵਿਚ ਅੰਮ੍ਰਿਤਸਰ ਵਿਚ ਉਹ ਗੰਡਾ ਸਿੰਘ ਪਹਿਲਵਾਨ ਨਾਲ ਕੁਸ਼ਤੀ ਲੜਿਆ। ਅੱਲਾ ਬਖਸ਼ ਪਹਿਲਵਾਨ ਨਾਲ ਵੀ ਉਹ ਦੋ ਕੁਸ਼ਤੀਆਂ ਲੜਿਆ। ਪਹਿਲੀ ਕੁਸ਼ਤੀ ਕਾਨ੍ਹਪੁਰ ਵਿਚ ਹੋਈ ਅਤੇ ਇਕ ਘੰਟਾ ਚਾਰ ਮਿੰਟ ਹੁੰਦੀ ਰਹੀ। ਪਰ ਹਾਰ ਜਿੱਤ ਦਾ ਫੈਸਲਾ ਨਾ ਹੋਇਆ। ਕਲਕੱਤੇ ਦੀ ਨੁਮਾਇਸ਼ ਵਿਚ ਵੀ ਇਹ ਪਹਿਲਵਾਨ ਪੂਰੇ ਚਾਲੀ ਮਿੰਟ ਘੁਲਦੇ ਰਹੇ, ਪਰ ਉਸ ਵਾਰ ਵੀ ਕੁਸ਼ਤੀ ਬਰਾਬਰ ਹੀ ਰਹੀ।

ਇਨ੍ਹਾਂ ਪਹਿਲਵਾਨਾਂ ਤੋਂ ਛੁੱਟ ਇਸ ਨੇ ਅਜ਼ੀਜ਼ ਮੇਮਨੇ ਨੂੰ ਬਹਾਵਲਪੁਰ ਵਿਚ ਢਾਹਿਆ। ਨਵਾਬ ਪਹਿਲਵਾਨ, ਹੈਦਰ ਅੰਮ੍ਰਿਤਸਰੀ ਅਤੇ ਦੌਲਾ ਟਾਈਗਰ ਵੀ ਉਸ ਨੇ ਢਾਹੇ। ਕਿੰਗ ਕਾਂਗ ਪਹਿਲਵਾਨ ਇਸ ਕੋਲੋਂ ਬਹੁਤ ਡਰਦਾ ਸੀ। ਕਿਉਂਕਿ ਇਕ ਵਾਰ ਢਾਹੁਣ ਤੋਂ ਛੁੱਟ ਕਿੰਗ ਕਾਂਗ ਨੂੰ ਇਸ ਨੇ ਚੰਗਾ ਰਗਿੱਦਿਆ ਵੀ ਸੀ। ਬੁੱਲੜ੍ਹ ਪਹਿਲਵਾਨ ਨੂੰ ਵੀ ਇਸ ਪਹਿਲਵਾਨ ਨੇ ਬੁਰੀ ਤਰ੍ਹਾਂ ਢਾਹਿਆ।

ਇਸ ਦਾ ਕੱਦ ਪੰਜ ਫੁੱਟ ਦਸ ਇੰਚ ਅਤੇ ਛਾਤੀ ਦਾ ਘੇਰਾ ਪੂਰੇ ਸੱਠ ਇੰਚ ਸੀ। ਉਸ ਦਾ ਭਾਰ ਤਿੰਨ ਸੌ ਪੌਂਡ ਸੀ।

ਖੁਰਾਕ ਅਤੇ ਕਸਰਤ- ਇਸ ਪਹਿਲਵਾਨ ਦੀ ਵਰਜਿਸ਼ ਅਮਾਮ ਬਖਸ਼ ਦੀ ਵਰਜਿਸ਼ ਜਿੰਨੀ ਸੀ। ਇਸ ਦੀ ਖੁਰਾਕ ਵਿਚ ਅੱਧ ਸੇਰ ਘਿਓ, ਅੱਧ ਸੇਰ ਬਦਾਮ, ਇਕ ਦਰਜਨ ਅੰਡੇ ਅਤੇ ਚਾਰ ਮੁਰਗਿਆਂ ਦਾ ਸੂਪ ਸ਼ਾਮਲ ਸੀ। ਪਰ ਕਈ ਵਾਰੀ ਇੰਝ ਵੀ ਹੁੰਦਾ ਕਿ ਉਹ ਬਗੈਰ ਐਨੀ ਗਜ਼ਾ ਤੋਂ ਵੀ ਘੁਲ ਲੈਂਦਾ ਸੀ।

ਇਹ ਮਹਾਨ ਪਹਿਲਵਾਨ ਸਾਈਂ ਸੁਭਾਅ ਦਾ ਮਾਲਕ ਸੀ। ਫਿਰ ਵੀ ਕੁਦਰਤ ਰਾਣੀ ਉਸ ਤੇ ਕਰੋਪ ਹੀ ਰਹੀ, ਉਸਦੇ ਕੋਈ ਲੜਕਾ ਨਾ ਜਨਮਿਆ, ਚਾਰ ਲੜਕੀਆਂ ਹੀ ਹੋਈਆਂ। ਉਸਨੇ ਆਪਣੇ ਭਣੇਵੇਂ ਭੋਲੂ ਨੂੰ ਪੁੱਤਰਾਂ ਵਾਂਗ ਪਾਲਿਆ। 1953 ਦੀ ਗੱਲ ਹੈ, ਉਹ ਆਪਣੇ ਮਸ਼ਹੂਰ ਸ਼ਾਗਿਰਦਾਂ ਨਾਲ ਕੁਸ਼ਤੀਆਂ ਲੜਨ ਲਈ ਭਾਰਤ ਆਇਆ। ਕੋਹਲਾਪੁਰ ਪੁੱਜ ਕੇ ਉਹ ਬਿਮਾਰ ਹੋ ਗਿਆ। 45 ਸਾਲ ਦੀ ਉਮਰ ਵਿਚ 2 ਅਪ੍ਰੈਲ 1953 ਨੂੰ ਉਹ ਆਪਣੇ ਲੱਖਾਂ ਕਦਰਦਾਨਾਂ ਨੂੰ ਸਦੀਵੀ ਵਿਛੋੜਾ ਦੇ ਗਿਆ। ਉਸਦੀ ਕਬਰ ਲਾਹੌਰ ਵਿਚ ਗਾਮੇ ਦੀ ਕਬਰ ਦੇ ਲਾਗੇ ਹੈ।

### ਹਰਬੰਸ ਸਿੰਘ ਪਹਿਲਵਾਨ- ਰੁਸਤਮਿ-ਹਿੰਦ

ਬੰਗਾ ਤੋਂ ਤਿੰਨ ਕੁ ਮੀਲ ਦੀ ਵਿੱਥ ਤੇ ਇਕ ਪਿੰਡ ਗੁਣਾਚੌਰ ਆਉਂਦਾ ਹੈ। ਦੱਸਿਆ ਜਾਂਦਾ ਹੈ ਕਿ ਉਹ ਰਾਜਾ ਗੋਪੀ ਚੰਦ ਨੇ ਵਸਾਇਆ ਸੀ। ਉਸ ਪਿੰਡ ਵਿਚ, ਅਜੇ ਵੀ ਉਸ ਸਮੇਂ ਦੇ ਵੱਡੇ ਵੱਡੇ ਮਹੱਲ, ਮਾੜੀਆਂ ਅਤੇ ਕਿਲ੍ਹੇ ਕਾਇਮ ਹਨ। ਗੁਣਾਚੌਰ ਤੋਂ ਢਾਈ ਤਿੰਨ ਮੀਲ ਦੀ ਵਿੱਥ ਤੇ ਪਿੰਡ ਰਾਏਪੁਰ ਡੱਬਾ ਹੈ। ਇਹ ਹਰਬੰਸ ਸਿੰਘ ਪਹਿਲਵਾਨ ਦਾ ਪਿੰਡ ਹੈ, ਜਿੱਥੇ ਉਹ ਦਸੰਬਰ ਦੇ ਮਹੀਨੇ 1911 ਈ: ਨੂੰ ਸ: ਕਾਹਨ ਸਿੰਘ ਦੇ ਘਰ ਜਨਮਿਆ।

ਸ: ਕਾਹਨ ਸਿੰਘ ਇਕ ਬਹੁਤ ਰੱਜਿਆ ਪੁੱਜਿਆ ਜ਼ਿਮੀਦਾਰ ਸੀ ਅਤੇ ਉਹ ਨਿਊਜ਼ੀਲੈਂਡ ਵਿਚ ਰਹਿੰਦਾ ਸੀ। ਦਸ ਸਾਲ ਦੀ ਉਮਰ ਵਿਚ ਹਰਬੰਸ ਵੀ ਉਥੇ ਚਲੇ ਗਿਆ। ਤਿੰਨ ਸਾਲ ਉਥੇ ਰਹਿਣ ਪਿੱਛੋਂ, ਇਕ ਦਿਨ ਉਹ ਆਪਣੇ ਪਿਓ ਨੂੰ ਕਹਿਣ ਲੱਗਾ, 'ਪਿਤਾ ਜੀ ਮੇਰਾ ਚਿੱਤ ਬੌਕਸਿੰਗ ਸਿੱਖਣ ਨੂੰ ਕਰਦਾ ਹੈ।' ਆਸ਼ਾਵਾਦੀ ਪਿਓ ਨੇ ਉਸਦੀ ਹਾਂ ਵਿਚ ਹਾਂ ਮਿਲਾ ਦਿੱਤੀ। ਕੁਝ ਟਰੇਨਿੰਗ ਲੈਣ ਮਗਰੋਂ, ਅਗਲੇ ਸਾਲ ਉਸ ਨੇ ਉਥੇ ਦੇ ਇਕ ਜ਼ਿਲ੍ਹੇ ਕਿੰਗ ਕੰਟਰੀ ਦੀ ਚੈਂਪੀਅਨਸ਼ਿਪ ਜਿੱਤ ਲਈ। ਜਦੋਂ ਉਸ ਦੀ ਉਮਰ ਸੋਲਾਂ ਸਾਲ ਦੀ ਹੋਈ, ਉਸਦੇ ਪਿਓ ਨੇ ਉਸ ਨੂੰ ਇਹ ਗੱਲ ਕਹੀ, 'ਪੁੱਤਰ ਹੁਣ ਤੂੰ ਇੰਡੀਆ ਨੂੰ ਪਰਤ ਜਾ। ਪਰ ਇਸ ਗੱਲ ਦਾ ਖਿਆਲ ਰੱਖੀਂ ਕਿ ਉਥੇ ਜਾ ਕੇ ਜ਼ੋਰ ਕਰਨਾ ਨਾ ਛੱਡੀਂ।' ਹਰਬੰਸ ਦਾ ਦਿਲ ਬਹੁਤ ਖੁਸ਼ ਹੋਇਆ ਅਤੇ ਇਹ ਗੱਲ ਲੜ ਬੰਨ੍ਹ ਕੇ, ਉਹ ਆਪਣੇ ਦੇਸ਼ ਪਰਤ ਆਇਆ। ਇੱਧਰ ਆ ਕੇ ਇਕ ਦਿਨ ਉਹ ਜਲੰਧਰ ਆਇਆ ਅਤੇ ਇਥੇ ਦੇ ਇਕ ਪਹਿਲਵਾਨ ਅੱਲ੍ਹਾ ਬਖਸ਼ ਘੁਮਾਰ ਨੂੰ ਉਸ ਨੇ ਆਪਣਾ ਉਸਤਾਦ ਧਾਰਨ ਕਰ ਲਿਆ।

ਮਸ਼ਹੂਰ ਕੁਸ਼ਤੀਆਂ:- ਹਰਬੰਸ ਸਿੰਘ ਪਹਿਲਵਾਨ ਦੀਆਂ ਬਹੁਤ ਕੁਸ਼ਤੀਆਂ ਰਹਿੰਦੀ ਦੁਨੀਆਂ ਤੱਕ ਯਾਦ ਰਹਿਣਗੀਆਂ। ਕਾਫੀ ਕੁਸ਼ਤੀਆਂ ਤਾਂ ਉਸ ਨੇ ਇਕ ਅੱਧ ਮਿੰਟ ਵਿਚ ਢਾਹੀਆਂ। ਕਿਉਂਕਿ ਉਸ ਨੇ ਬਾਕਸਿੰਗ ਸਿੱਖੀ ਹੋਈ ਸੀ ਅਤੇ ਇਸ ਦੇ ਨਾਲ ਨਾਲ ਉਸ ਵਿਚ ਅੱਖਰਾਂ ਦੀ ਤਾਕਤ ਵੀ ਸੀ ਇਸ ਲਈ ਉਸਦਾ ਹੂਰਾ ਜਿੱਥੇ ਵੀ ਪੈਂਦਾ, ਅਗਲੇ ਦੀ ਜਾਨ ਕੱਢ ਦਿੰਦਾ ਸੀ। ਉਸ ਦੇ ਮੁੱਕੇ ਦੀ ਸੱਟ ਇਕ ਵਦਾਨ ਵਾਂਗ ਪੈਂਦੀ ਸੀ। ਬਹੁਤ ਪਹਿਲਵਾਨ ਤਾਂ ਉਸਦਾ ਹੂਰਾ ਹੀ ਨਹੀਂ ਸਨ ਸਹਿ ਸਕਦੇ।

ਸਭ ਤੋਂ ਪਹਿਲਾਂ ਉਸਨੇ ਮੰਦੀ, ਫੰਬੀ ਅਤੇ ਤਾਜ ਪਹਿਲਵਾਨਾਂ ਨੂੰ ਇਕ ਇਕ ਦੋ-ਦੋ ਮਿੰਟਾਂ ਵਿਚ ਢਾਹਿਆ। ਇਸ ਪਿੱਛੋਂ ਉਸਨੇ ਜੀਜੇ ਘਈਏ ਵਾਲੇ ਨੂੰ ਢਾਹਿਆ। ਇੱਕੀ ਸਾਲ ਦੀ ਉਮਰ ਵਿਚ ਉਹ ਫਿਰ ਆਸਟ੍ਰੇਲੀਆ ਚਲੇ ਗਿਆ। ਉਸਦੀ ਪਹਿਲੀ ਕੁਸ਼ਤੀ ਸਿਡਨੀ ਦੇ ਸਟੇਡੀਅਮ ਵਿਚ ਅਮਰੀਕਾ ਦੇ ਇਕ ਪਹਿਲਵਾਨ ਜੋ ਗੌਚ ਨਾਲ ਹੋਈ। ਉਸ ਨੂੰ ਇਸ ਨੇ ਪੰਜਵੇਂ ਰਾਊਂਡ ਵਿਚ ਢਾਹ ਲਿਆ। ਉਸ ਪਿੱਛੋਂ ਇਸ ਨੇ ਬਿਗ ਬਿਲ ਬੈਬ ਨੂੰ ਢਾਹਿਆ। 1934 ਈ: ਵਿਚ ਉਸ ਨੇ ਆਸਟ੍ਰੇਲੀਆ ਦੇ ਚੈਂਪੀਅਨ ਬਿੱਲੀ ਮੈਸਕੇ ਨੂੰ ਢਾਹ ਕੇ ਉਥੇ ਦੇ ਸਭ ਪੰਜਾਬੀਆਂ ਦੀ ਪ੍ਰਸੰਸਾ ਹਾਸਲ ਕੀਤੀ।

ਇਸ ਤੋਂ ਅਗਲੇ ਸਾਲ ਇਹ ਨਿਊਜ਼ੀਲੈਂਡ ਚਲੇ ਗਿਆ। ਵੈਲਿੰਗਟਨ ਵਿਚ ਇਕ ਬ੍ਰਿਟਿਸ਼ ਐਮਪਾਇਰ ਚੈਂਪੀਅਨ ਰਹਿੰਦਾ ਸੀ, ਜਿਸ ਦਾ ਨਾਂ ਜਾਰਜ ਵਾਕਰ ਸੀ। ਪਿਛਲੇ 9 ਸਾਲਾਂ ਤੋਂ ਉਹ ਕਦੀ ਕਿਸੇ ਕੋਲੋਂ ਢੱਠਾ ਨਹੀਂ ਸੀ। ਪਰ ਜਦੋਂ ਉਹ ਇਸ ਨਾਲ ਘੁਲਿਆ ਤਾਂ ਢਹਿ ਗਿਆ। ਉਥੋਂ ਦਾ ਨਵਾਂ ਚੈਂਪੀਅਨ ਹੁਣ ਹਰਬੰਸ ਸਿੰਘ ਸੀ। ਯਾਦ ਰਹੇ ਕਿ ਇਹ ਪਹਿਲਾ ਭਾਰਤੀ ਸੀ, ਜਿਸ ਨੂੰ ਇਸ ਖਿਤਾਬ ਦਾ ਮੌਕਾ ਮਿਲਿਆ। ਉਸ ਜਿੱਤ ਨੇ ਮੁਲਕ ਦੇ ਕੋਨੇ ਕੋਨੇ ਵਿਚ ਇਸ ਦੀ ਧਾਂਕ ਬਿਠਾ ਦਿੱਤੀ।

ਕਿਉਂਕਿ ਹੁਣ ਨਿਊਜ਼ੀਲੈਂਡ ਵਿਚ ਇਸ ਨਾਲ ਘੁਲਣ ਵਾਲਾ ਕੋਈ ਨਹੀਂ ਸੀ, ਇਹ ਫਿਰ ਫਿਜ਼ੀ ਟਾਪੂਆਂ ਨੂੰ ਚਲਾ ਗਿਆ। ਉਥੇ ਇਸਨੇ ਪਹਿਲਾਂ ਲੂਈ ਪਰਾਡਾਲੋ ਨੂੰ ਢਾਅ ਕੇ ਆਸਟ੍ਰੇਲੀਆ ਦੇ ਜਾਰਜ ਪੈਨਕਿਫ ਨੂੰ ਢਾਹਿਆ। ਫਿਜ਼ੀ ਤੋਂ ਇਹ ਹਾਂਗਕਾਂਗ ਆ ਗਿਆ। ਫਿਰ ਇਹ ਸਿਆਮ (ਬੈਂਕਾਕ) ਨੂੰ ਆਗਿਆ। ਉਥੇ ਇਸ ਨੇ ਛੇ ਪਹਿਲਵਾਨ ਢਾਹੇ ਅਤੇ ਉਹਨਾਂ ਜਿੱਤਾਂ ਦਾ ਸਦਕਾ, ਉਥੇ ਦੇ ਬਾਦਸ਼ਾਹ ਨੇ ਇਸ ਨੂੰ ਚਾਂਦੀ ਦੀ ਇਕ ਗੁਰਜ ਦਿੱਤੀ। ਉਥੇ ਹੀ ਇਸ ਨੂੰ ਸੋਨੇ ਦੀਆਂ ਦੋ ਮੁੰਦੀਆਂ ਵੀ ਭੇਟ ਕੀਤੀਆਂ ਗਈਆਂ।

1937 ਈ: ਵਿਚ ਇਹ ਪਹਿਲਵਾਨ ਭਾਰਤ ਵਾਪਸ ਆ ਗਿਆ। ਦਸੰਬਰ 1937 ਨੂੰ ਇਸ ਨੇ ਵੌਂਗ ਬੌਕ ਚਿਉਂਗ ਨੂੰ ਢਾਹ ਕੇ ਚੈਂਪੀਅਨ ਰੈਸਲਰ ਆਫ ਦੀ ਓਰੀਐਂਟ ਦਾ ਖਿਤਾਬਰ ਪ੍ਰਾਪਤ ਕੀਤਾ। ਇਕ ਲਿਖਾਰੀ ਨੇ ਉਸ ਬਾਰੇ ਇਹ ਲਿਖਿਆ, 'ਮੈਂ ਇਹ ਜ਼ਰੂਰ ਕਹਾਂਗਾ ਕਿ ਅੱਜ ਤੱਕ ਮੈਂ ਇਹੋ ਜਿਹਾ ਪੂਰਨ ਖਿਡਾਰੀ ਅਤੇ ਸਾਫ ਘੁਲਾਟੀਆ ਨਹੀਂ ਦੇਖਿਆ।

ਇਸ ਤੋਂ ਅਗਲੇ ਸਾਲ ਇਸ ਨੇ ਕਿੰਗ ਕਾਂਗ ਨੂੰ ਮਦਰਾਸ ਵਿਚ ਢਾਹ ਕੇ ਰੁਸਤਮਿ-ਹਿੰਦ ਦਾ ਖਿਤਾਬ ਪ੍ਰਾਪਤ ਕੀਤਾ। ਹਰਬੰਸ ਸਿੰਘ ਲਈ ਉਹ ਬਹੁਤ ਵੱਡਾ ਦਿਨ ਸੀ- ਜਿਸ ਦਿਨ ਇਸ ਦਾ ਮੰਤਵ ਪੂਰਾ ਹੋਇਆ। ਉਹ ਮੰਤਵ ਜਿਸ ਦੀ ਪੂਰਤੀ ਲਈ ਇਹ ਕਈ ਸਾਲਾਂ ਤੋਂ ਦਿਨ ਰਾਤ ਮਿਹਨਤ ਕਰ ਰਿਹਾ ਸੀ। ਉਥੇ ਦੇ ਮੇਅਰ ਨੇ ਇਸ ਨੂੰ ਸੋਨੇ ਦਾ ਇਕ ਕੱਪ ਅਤੇ ਦਸ ਹਜ਼ਾਰ ਰੁਪਏ ਦਾ ਚੈਕ ਭੇਂਟ ਕੀਤਾ।

ਦੂਜੀ ਵੱਡੀ ਲੜਾਈ ਸਮੇਂ ਇਹ ਕੋਲੰਬੋ ਚਲੇ ਗਿਆ। ਉਥੋਂ ਇਹ ਸਿੰਗਾਪੁਰ ਚਲੇ ਗਿਆ ਅਤੇ ਉਥੇ ਇਸ ਨੇ ਬਾਰਾਂ ਕੁਸ਼ਤੀਆਂ ਢਾਹੀਆਂ। 1938 ਈ: ਵਿਚ ਇਹ ਭਾਰਤ ਆ ਗਿਆ ਅਤੇ ਇਥੇ ਇਸ ਨੇ ਇਕ ਪੰਜਾਬਣ ਨਾਲ ਵਿਆਹ ਕਰਵਾ ਲਿਆ। ਉਸ ਦੀ ਕੁੱਖੋਂ ਇਕ ਲੜਕਾ ਜਨਮਿਆ, ਜਿਸ ਦਾ ਨਾਂ ਕਸ਼ਮੀਰਾ ਸਿੰਘ ਰੱਖਿਆ ਗਿਆ। ਆਪਣੇ ਪਿਓ ਵਾਂਗ ਉਹ ਵੀ ਬਹੁਤ ਜੁਆਨ ਨਿਕਲਿਆ। ਫੈਦਰ ਵੇਟ ਦਾ ਕਈ ਸਾਲ ਪੰਜਾਬ ਯੂਨੀਵਰਸਿਟੀ ਅਤੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਚੈਂਪੀਅਨ ਰਹਿਣ ਮਗਰੋਂ 1959 ਵਿਚ ਉਹ ਲੰਕਾ ਗਿਆ ਅਤੇ ਉਥੇ ਦਾ ਚੈਂਪੀਅਨ ਕਰਾਰ ਦਿੱਤਾ ਗਿਆ।

# ਵੱਖਰਾ ਆਨੰਦ ਮੈਰਿਜ ਐਕਟ ਪਾਸ ਹੋਣ ਦਾ ਪ੍ਰਚਾਰ ਗਲਤ ਹੈ

ਕਿਉਂਕਿ ਆਨੰਦ ਮੈਰਿਜ ਐਕਟ ਅਤੇ ਸੰਵਿਧਾਨ ਦੋਹਾਂ ਥਾਵਾਂ ਉੱਪਰ ਸਿੱਖਾਂ ਨੂੰ ਹਿੰਦੂ ਦੱਸਿਆ ਗਿਆ ਹੈ। ਜਦਕਿ ਸਿੱਖ ਰਹਿਤ ਮਰਿਯਾਦਾ ਮੁਤਾਬਕ ਸਿੱਖ ਦਾ ਹੀ ਵਿਵਾਹ ਆਨੰਦ ਰੀਤੀ ਮੁਤਾਬਕ ਹੋ ਸਕਦਾ ਹੈ।

ਸੰਨ 2012 ਵਿੱਚ ਹੋਈ ਤਰਮੀਮ ਸਮੇਂ ਲੀਡਰਾਂ ਨੇ ਸਿੱਖਾਂ ਨੂੰ ਗੁਮਰਾਹ ਕਰਦਿਆਂ ਇਸ ਨੂੰ ਬਹੁਤ ਵੱਡੀ ਪ੍ਰਾਪਤੀ ਵੱਜੋਂ ਦਰਸਾਇਆ ਸੀ ਅਤੇ ਵੱਖ ਵੱਖ ਧੜਿਆਂ ਵੱਲੋਂ ਬਿਨਾਂ ਤੱਥਾਂ ਨੂੰ ਜਾਣੇ, ਇਸ ਦਾ ਸਿਹਰਾ ਆਪਣੇ ਹਿੱਸੇ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਅਸੀਂ ਪਹਿਲੇ ਦਿਨ ਤੋਂ ਹੀ ਇਸ ਛਲਾਵੇ ਬਾਰੇ ਸਿੱਖ ਕੌਮ ਨੂੰ ਸੁਚੇਤ ਕਰ ਦਿੱਤਾ ਸੀ, ਤਾਂ ਜੋ 1950 ਵਿੱਚ ਸੰਵਿਧਾਨ ਬਨਣ ਸਮੇਂ ਅਤੇ 1955 ਵਿੱਚ ਹਿੰਦੂ ਮੈਰਿਜ ਐਕਟ ਬਨਣ ਸਮੇਂ ਸਿੱਖਾਂ ਵੱਲੋਂ ਅਵੇਸਲੇਪਣ ਵਿੱਚ ਹੋਈਆਂ ਗਲਤੀਆਂ ਦੁਹਰਾਉਣ ਤੋਂ ਬਚਿਆ ਜਾ ਸਕੇ। ਪਰ ਸਿੱਖ ਵਿਰੋਧੀ ਤਾਕਤਾਂ ਦੇ ਪ੍ਰਭਾਵ ਹੇਠ ਚਲ ਰਹੀ ਲੀਡਰਸ਼ਿੱਪ ਬੇਗਾਨਾ ਏਜੰਡਾ ਲਾਗੂ ਕਰਨ ਤੋਂ ਪਿੱਛੇ ਮੁੜਣ ਨੂੰ ਤਿਆਰ ਨਹੀਂ ਹੋਈ।

ਸਿੱਖ ਕੌਮ ਦਹਾਕਿਆਂ ਤੋਂ ਮੰਗ ਕਰਦੀ ਰਹੀ ਹੈ ਕਿ ਸੰਵਿਧਾਨ ਦੀ ਧਾਰਾ 25-ਬੀ ਜੋ ਸਿੱਖਾਂ ਨੂੰ ਹਿੰਦੂ ਕੌਮ ਦਾ ਹਿੱਸਾ ਦੱਸਦੀ ਹੈ ਵਿੱਚ ਤਬਦੀਲੀ ਕਰਕੇ ਵੱਖਰਾ ਤੇ ਸੰਪੂਰਨ ਸਿੱਖ ਮੈਰਿਜ ਐਕਟ ਬਣਾਇਆ ਜਾਵੇ। ਸੰਨ 2003 ਤੋਂ ਜਸਟਿਸ ਵੈਂਕਟਾਚਲਹੀਆ ਕਮਿਸ਼ਨ ਵੱਲੋਂ ਸੰਵਿਧਾਨ ਦੀ ਧਾਰਾ 25-ਬੀ ਵਿੱਚ ਤਰਮੀਮ ਕਰਨ ਦੀ ਸਿਫਾਰਿਸ਼ ਕਰਨ ਦੇ ਬਾਵਜੂਦ ਲੀਡਰਾਂ ਨੇ ਘੇਸਲ ਵੱਟੀ ਰੱਖੀ ਅਤੇ ਐਨ ਮੌਕੇ ਤੇ ਆਕੇ ਖੁਦ ਇਹ ਅਧੂਰਾ ਤੇ ਗਲਤ ਖਿਡੌਣਾ ਐਕਟ ਰਾਜ ਸਭਾ ਵਿੱਚ ਪੇਸ਼ ਕਰਕੇ ਸਿੱਖ ਕੌਮ ਨਾਲ ਧੋਖਾ ਕੀਤਾ ਹੈ।

ਇਸ ਸਾਰੇ ਵਰਤਾਰੇ ਵਿੱਚ ਆਪਣੇ ਆਪ ਨੂੰ ਮੋਹਰੀ ਦੱਸਣ ਵਾਲੇ, ਰਾਜ ਸਭਾ ਮੈਂਬਰ ਸ੍ਰੀ ਤਰਲੋਚਨ ਸਿੰਘ ਜੋ ਕਿ ਭਾਜਪਾ ਦੇ ਨੇੜਲੇ ਹਨ, ਨੇ ਕੇਂਦਰ ਕੋਲ ਸੰਪੂਰਨ ਐਕਟ ਦੀ ਮੰਗ ਪੇਸ਼ ਹੀ ਨਹੀਂ ਕੀਤੀ, ਸਿਰਫ ਰਜਿਸਟਰ ਲਗਾਉਣ ਦੀ ਨਿਗੂਣੀ ਜਿਹੀ ਮੰਗ ਰਾਜ ਸਭਾ ਵਿੱਚ ਰੱਖਕੇ ਸਿੱਖ ਕੌਮ ਨੂੰ ਬੁੱਧੂ ਬਣਾਇਆ ਹੈ। ਜੋ ਤਰਮੀਮ ਉਨ੍ਹਾਂ ਪੇਸ਼ ਕੀਤੀ ਉਹ ਪਾਰਲੀਮੈਂਟ ਵਿੱਚ ਪਾਸ ਹੋ ਗਈ। ਜੇਕਰ ਵੱਖਰੀ ਸਿੱਖ ਹੋਂਦ ਦਰਸਾਉਣ ਦੀ ਤਰਮੀਮ ਅਤੇ ਸੰਪੂਰਨ ਸਿੱਖ ਮੈਰਿਜ ਐਕਟ ਦੀ ਮੰਗ ਪੇਸ਼ ਹੀ ਨਹੀਂ ਕੀਤੀ ਗਈ ਤਾਂ ਉਹ ਪੂਰੀ ਕਿਥੋਂ ਹੋਣੀ ਸੀ। ਪਹਿਲਾਂ ਵੱਡੀ ਪ੍ਰਾਪਤੀ ਦੇ ਦਮਗੱਜੇ ਮਾਰਨ ਵਾਲੇ ਇਹ ਆਗੂ ਹੁਣ ਇਸ ਐਕਟ ਵਿੱਚ ਰਹੀਆਂ ਗਲਤੀਆਂ ਦੀ ਗੱਲ ਮੰਨਦੇ ਹਨ, ਪਰ ਨਾਲ ਹੀ ਇਸ ਤਰਮੀਮ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨ ਕੀਤੀ ਦੱਸ ਕੇ ਪੱਲਾ ਝਾੜਣ ਦਾ ਰਸਤਾ ਅਪਨਾ ਰਹੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਅਜਿਹੇ ਅਧੂਰੇ ਖਰੜੇ ਨੂੰ ਪ੍ਰਵਾਨਗੀ ਕਿਵੇਂ ਦੇ ਸਕਦੇ ਹਨ ਜਦਕਿ ਜਰਨਲ ਹਾਊਸ ਵੱਲੋਂ ਤਾਂ ਸਮੇਂ ਸਮੇਂ ਤੇ ਵੱਖਰੀ ਸਿੱਖ ਹੋਂਦ ਅਤੇ ਵੱਖਰੇ ਆਨੰਦ ਮੈਰਿਜ ਐਕਟ ਦੇ ਮਤੇ ਪਾਸ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਦੱਸਣ ਕਿ ਇਸ ਖਿਡੌਣਾ ਐਕਟ ਨਾਲ ਹਾਊਸ ਦੇ ਮਤਿਆਂ ਦੀ ਭਾਵਨਾ ਕਿਵੇਂ ਪੂਰੀ ਹੁੰਦੀ ਹੈ। ਇਹ ਵੀ ਦੱਸਣ ਦੀ ਖੇਚਲ ਕੀਤੀ ਜਾਵੇ ਕਿ ਹਿੰਦੂ ਮੈਰਿਜ ਐਕਟ ਤੋਂ ਨਿਖੇੜ ਕੇ ਵੱਖਰੇ ਸੰਪੂਰਨ ਸਿੱਖ ਮੈਰਿਜ ਐਕਟ ਦੀ ਮੰਗ ਨੂੰ ਪੇਸ਼ ਨਾ ਕਰਨ ਪਿੱਛੇ ਅੰਦਰਖਾਤੇ ਕੀ ਕਾਰਨ ਹਨ। ਕੀ ਇਹ ਸਭ ਕੁਝ ਪੰਥ ਵਿਰੋਧੀਆਂ ਨੂੰ ਖੁਸ਼ ਕਰਨ ਲਈ ਨਹੀਂ ਕੀਤਾ ਗਿਆ। ਇਹ ਹੁਣ ਸ੍ਰੀ ਤਰਲੋਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੁਖੀ ਆਪਸ ਵਿੱਚ ਫੈਸਲਾ ਕਰਕੇ ਦੱਸਣ ਕਿ ਕੌਮ ਨਾਲ ਕੀਤੇ ਇਸ ਧੋਖੇ ਲਈ ਕੌਣ ਕਿੰਨਾਂ ਦੋਸ਼ੀ ਹੈ।

ਇਸ ਘਟਨਾ ਨਾਲ ਵੱਖਰੀ ਸਿੱਖ ਪਛਾਣ ਦੀ ਜੱਦੋ-ਜਹਿਦ ਬਹੁਤ ਪਿੱਛੇ ਪੈ ਗਈ ਹੈ। ਸਿੱਖ ਕੌਮ ਨੂੰ ਅਵੇਸਲਾਪਣ ਛੱਡਕੇ ਸੰਵਿਧਾਨ ਦੀ ਧਾਰਾ 25-ਬੀ ਵਿੱਚ ਤਰਮੀਮ ਅਤੇ ਸਿੱਖ ਪਰਸਨਲ ਲਾਅ ਜਿਸ ਦੇ ਤਹਿਤ ਹੀ ਸੰਪੂਰਨ ਸਿੱਖ ਮੈਰਿਜ ਐਕਟ ਬਣ ਸਕੇਗਾ ਲਈ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਇੱਕ ਵਿਸ਼ੇਸ਼ ਪਾਰਟੀ ਦੇ ਪਾਰਲੀਮੈਂਟ ਵਿੱਚਲੇ ਮੈਂਬਰਾਂ ਤੇ ਹੀ ਟੇਕ ਰੱਖਣ ਦੀ ਥਾਂ ਹਰ ਧਰਮ-ਨਿਰਪੱਖ ਪਾਰਟੀ ਤੇ ਵਰਗ ਨੂੰ ਸਿੱਖਾਂ ਦੀ ਵਿਲੱਖਣ ਪਹਿਚਾਣ ਬਾਰੇ ਹਾਅ ਦਾ ਨਾਹਰਾ ਬੁਲੰਦ ਕਰਣ ਦੀ ਅਪੀਲ ਕਰਨੀ ਚਾਹੀਦੀ ਹੈ।

# ਮਾਲਵੇ ਦੇ 700 ਪਿੰਡਾਂ ਵਿੱਚ ਝੱਖੜ ਝੁੱਲਿਆ; ਬਿਜਲੀ ਸਪਲਾਈ ਠੱਪ

ਬਠਿੰਡਾ- ਮਾਲਵਾ ਪੱਟੀ ਵਿੱਚ ਤੇਜ਼ ਝੱਖੜ ਕਾਰਨ ਕਰੀਬ 700 ਪਿੰਡਾਂ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ ਹੈ। ਰਾਤ ਆਏ ਤੂਫ਼ਾਨ ਨੇ ਪਾਵਰਕੌਮ ਨੂੰ ਵੱਡਾ ਝਟਕਾ ਦਿੱਤਾ ਹੈ। ਇਕੋ ਰਾਤ ਵਿੱਚ ਪਾਵਰਕੌਮ ਦੇ ਪੱਛਮੀ ਜ਼ੋਨ ਵਿੱਚ ਕਰੀਬ 1500 ਖੰਭੇ ਟੁੱਟ ਗਏ ਅਤੇ 500 ਦੇ ਕਰੀਬ ਟਰਾਂਸਫ਼ਾਰਮਰ ਡਿੱਗ ਪਏ ਹਨ। ਫਾਜ਼ਿਲਕਾ ਇਲਾਕੇ ਵਿੱਚ ਤਾਂ ਅੱਧੇ ਦਰਜਨ ਵੱਡੇ ਟਾਵਰ ਵੀ ਡਿੱਗ ਪਏ ਹਨ ਜਿਸ ਕਰਕੇ ਅਰਨੀਵਾਲਾ ਅਤੇ ਕੰਧਵਾਲਾ ਦੇ ਸੈਂਕੜੇ ਪਿੰਡਾਂ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ ਹੈ। ਜ਼ਿਲ੍ਹੇ ਵਿੱਚ ਅੱਧਾ ਦਰਜਨ ਬਿਜਲੀ ਘਰ ਬੰਦ ਹੋ ਗਏ ਸਨ ਜਿਨ੍ਹਾਂ 'ਚੋਂ ਦੋ ਹੀ ਮੁੜ ਚਾਲੂ ਕੀਤੇ ਜਾ ਸਕੇ ਹਨ। ਬਠਿੰਡਾ-ਮਾਨਸਾ ਵਿੱਚ ਸਭ ਤੋਂ ਜ਼ਿਆਦਾ ਕਰੀਬ 1000 ਖੰਭੇ ਟੁੱਟ ਗਏ ਹਨ ਅਤੇ 150 ਦੇ ਕਰੀਬ ਟਰਾਂਸਫ਼ਾਰਮਰ ਡਿੱਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਦੇ 200 ਪਿੰਡਾਂ ਵਿੱਚ ਬਿਜਲੀ ਸਪਲਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ ਜਦੋਂ ਕਿ ਬਠਿੰਡਾ ਸ਼ਹਿਰ ਦੇ ਮਾਡਲ ਟਾਊਨ ਫੇਜ਼ ਇਕ, ਨਰੂਆਣਾ ਰੋਡ, ਦੀਪ ਸਿੰਘ ਨਗਰ, ਮਤੀ ਦਾਸ ਨਗਰ ਅਤੇ ਮਹਿਣਾ ਚੌਂਕ ਵਿੱਚ ਬਿਜਲੀ ਸਪਲਾਈ ਅੱਜ ਸ਼ਾਮ ਤੱਕ ਬਹਾਲ ਨਹੀਂ ਹੋ ਸਕੀ ਸੀ। ਇਕੱਲੇ ਬਠਿੰਡਾ ਸ਼ਹਿਰ ਵਿੱਚ 137 ਖੰਭੇ ਟੁੱਟ ਗਏ ਅਤੇ 15 ਟਰਾਂਸਫ਼ਾਰਮਰ ਪ੍ਰਭਾਵਿਤ ਹੋਏ ਹਨ। ਇੰਜਨੀਅਰਜ਼ ਨੇ ਸੰਘਰਸ਼ ਵਿੱਢਿਆ ਹੋਇਆ ਹੈ ਅਤੇ ਉਹ ਵਰਕ ਟੂ ਰੂਲ 'ਤੇ ਹਨ ਜਿਸ ਕਰਕੇ ਸਪਲਾਈ ਬਹਾਲ ਕਰਨ ਵਿੱਚ ਵੱਡਾ ਅੜਿੱਕਾ ਬਣਿਆ ਰਿਹਾ।

ਬਠਿੰਡਾ ਸਰਕਲ ਦੇ ਨਿਗਰਾਨ ਇੰਜੀਨੀਅਰ ਇੰਦਰਜੀਤ ਗਰਗ ਦਾ ਕਹਿਣਾ ਹੈ ਕਿ ਬਠਿੰਡਾ ਤੇ ਮਾਨਸਾ ਵਿੱਚ ਝੱਖੜ ਜ਼ਿਆਦਾ ਸੀ ਜਿਸ ਕਰਕੇ ਹਜ਼ਾਰ ਤੋਂ ਉਪਰ ਖੰਭੇ ਟੁੱਟ ਗਏ ਹਨ ਅਤੇ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ। ਜਾਣਕਾਰੀ ਅਨੁਸਾਰ ਅਬੋਹਰ, ਫਾਜ਼ਿਲਕਾ ਅਤੇ ਮਲੋਟ ਇਲਾਕੇ ਵਿੱਚ 300 ਦੇ ਕਰੀਬ ਬਿਜਲੀ ਦੇ ਖੰਭੇ ਟੁੱਟ ਗਏ ਹਨ ਅਤੇ 50 ਟਰਾਂਸਫ਼ਾਰਮਰ ਝੱਖੜ ਨੇ ਧਰਤੀ 'ਤੇ ਮੂਧੇ ਮੂੰਹ ਮਾਰੇ ਹਨ।

# ਦਲਿਤ ਹੀਰੋ: ਬਾਬਾ ਸਾਹਿਬ ਨੂੰ ਛੱਡ ਕੇ ਹੁਣ ਸੰਘ ਦੀ ਸ਼ਰਨ ਵਿਚ

(ਸਫਾ 8 ਦੀ ਬਾਕੀ)

ਹੁਣ ਜਦ 24 ਫਰਵਰੀ ਨੂੰ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਜੀ ਸਵਾਗਤ ਸਮਾਰੋਹ ਵਿਚ ਉਦਿੱਤ ਰਾਜ ਜੀ ਦੇ ਗਲ ਵਿਚ ਭਗਵਾਂ ਸ਼ਾਲ ਪਹਿਨਾ ਰਹੇ ਸਨ, ਕੀ ਉਹਨਾਂ ਨੂੰ ਮਹਿਸੂਸ ਨਹੀਂ ਹੋਇਆ ਕਿ ਬ੍ਰਾਹਮਣ ਗੁਲਾਮੀ ਦਾ ਇਹ ਉਹੀ ਫੰਦਾ ਹੈ, ਜਿਸਨੂੰ ਬਾਬਾ ਸਾਹਿਬ ਨੇ ਨਰਕ ਦਾ ਨਾਂਅ ਦੇ ਕੇ ਉਤਾਰ ਸੁੱਟਿਆ ਸੀ? ਇਹ ਸਵਾਲ ਤਾਂ ਉਹਨਾਂ ਦੀ ਜ਼ਮੀਰ (ਅੰਤਾਕਰਣ) ਨਾਲ ਸਬੰਧਤ ਹੈ ਲੇਕਿਨ ਪਬਲਿਕ ਨੂੰ ਜਵਾਬ ਤਾਂ ਦੇਣਾ ਹੀ ਹੋਵੇਗਾ ਕਿ ਹੁਣ ਤੱਕ ਜੋ ਉਹ ਬੁੱਧ ਅਤੇ ਅੰਬੇਦਕਰ ਦੇ ਨਾਂ 'ਤੇ ਆਪਣੀ ਸੰਸਥਾ 'ਲਾਰਡ ਬੁੱਧਾ ਕਲੱਬ' ਅਤੇ ਪੱਤ੍ਰਕਾ 'ਵਾਇਸ ਆਫ ਬੁੱਧਾ' ਰਾਹੀਂ ਪ੍ਰਚਾਰ ਕਰਕੇ ਹਿੰਦੂਵਾਦੀ ਮਾਨਸਿਕਤਾ ਅਤੇ ਸੱਭਿਅਤਾ ਨੂੰ ਭੰਡਦੇ ਰਹੇ ਹਨ ਕੀ ਉਹ ਸਭ ਢੌਂਗ ਸੀ ਜਾਂ ਇਸ ਮੰਚ ਤੋਂ ਕਮਾਈ ਪ੍ਰਸਿੱਧੀ ਦਾ ਪਾਰਟੀ ਟਿਕਟਾਂ ਦੀ ਸ਼ਕਲ ਵਿਚ ਮੁੱਲ ਵੱਟਣਾ ਸੀ? ਕੁਝ ਵੀ ਹੋਵੇ ਦੁੱਖ ਅਤੇ ਅਫਸੋਸ ਨਾਲ ਕਹਿਣਾ ਹੀ ਹੋਵੇਗਾ ਕਿ :

ਦੁਸ਼ਮਨੋਂ ਨੇ ਤੋ ਦੁਸ਼ਮਨੀ ਕੀ ਹੈ, ਅਪਨੋਂ ਨੇ ਕਿਆ ਕਮੀ ਕੀ ਹੈ? (ਸ਼ਾਦ)

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ 4 ਮਈ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦਾ 123ਵਾਂ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਨੂੰ ਮੁੱਖ ਰੱਖ ਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਨਿਰਮਲ ਸਿੰਘ ਜੀ ਨੇ ਉਥੋਂ ਦੀਆਂ ਸੰਗਤਾਂ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਨਿਊਯਾਰਕ ਦੇ ਸਹਿਯੋਗ ਨਾਲ ਅਦਾਰਾ "ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ'' ਵਿਸ਼ੇਸ਼ ਅੰਕ ਨੂੰ ਕਾਮਯਾਬ ਕਰਨ ਵਿਚ ਸ਼ਤ-ਪ੍ਰਤੀਸ਼ਤ ਯੋਗਦਾਨ ਪਾਇਆ। ਅਦਾਰਾ "ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ'' ਸ. ਨਿਰਮਲ ਸਿੰਘ ਜੀ ਅਤੇ ਉਹਨਾਂ ਦੁਆਰਾ ਪਾਏ ਯੋਗਦਾਨ ਬਦਲੇ ਸਾਰੇ ਹੀ ਭੈਣ ਭਰਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ।


ਸ੍ਰੀ ਨੰਦ ਲਾਲ (ਚੇਅਰਮੈਨ)


ਨਿਰਮਲ ਸਿੰਘ (ਪ੍ਰਧਾਨ)
ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ. (ਅਮੈਰਿਕਾ)


ਭੋਲਾ ਕਲੇਰ ਬਿਲਗਾ (ਕੈਸ਼ੀਅਰ)
ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ.


ਗੁਰਨਾਮ ਵਿਰਦੀ
ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਇੰਕ.


ਸਤਨਾਮ ਸਿੰਘ ਅਤੇ ਸਮੂਹ ਪਰਿਵਾਰ


ਸੁਰਿੰਦਰ ਕੁਮਾਰ ਪਾਲ ਅਤੇ ਸਮੂਹ ਪਰਿਵਾਰ


ਅਮਰਜੀਤ ਸਿੰਘ ਅਤੇ ਸਮੂਹ ਪਰਿਵਾਰ


ਆਲ ਬ੍ਰਦਰਜ਼ ਫੈਮਲੀ



ਸ੍ਰੀ ਓਮ ਪ੍ਰਕਾਸ਼


ਪਰਮਜੀਤ ਲਾਲ ਫਿਲੌਰ (ਜਨਰਲ ਸਕੱਤਰ)


ਮੁਲਖ ਰਾਜ, ਹਰਮੋਲਾ ਰਾਜ ਤੇ ਸਮੂਹ ਪਰਿਵਾਰ




ਸਰਦਾਰਾ ਬਿਰਦੀ ਤੇ ਸੰਨੀ ਬਿਰਦੀ


ਮੁਲਖ ਰਾਜ ਲੁਗਾਹ, ਨੀਲਮ ਲੁਗਾਹ ਅਤੇ ਸਮੂਹ ਪਰਿਵਾਰ


ਗੁਰੂ ਘਰ ਦੇ ਗ੍ਰੰਥੀ ਭਾਈ ਅਮਰਜੀਤ ਸਿੰਘ


ਸੂਰਜ ਪ੍ਰਕਾਸ਼, (ਟਰੱਸਟ ਮੈਂਬਰ)


ਰੁਪਿੰਦਰ ਸਿੰਘ ਬਿੱਟੂ ਅਤੇ ਸਮੂਹ ਪਰਿਵਾਰ


ਸਰਦਾਰ ਇਕਬਾਲ ਸਿੰਘ ਅਤੇ ਸਮੂਹ ਪਰਿਵਾਰ


ਮਨੋਜ ਕੁਮਾਰ ਹੈਪੀ ਅਤੇ ਸਮੂਹ ਪਰਿਵਾਰ





ਟੈਨੀਸਨ ਬਸਰਾ, ਸੁਖਰਾਮ ਬਸਰਾ


ਕਸ਼ਮੀਰ ਸਿੰਘ ਤੇ ਸਮੂਹ ਪਰਿਵਾਰ


ਰਮੇਸ਼ ਸਿੰਘ ਬਸਰਾ ਅਤੇ ਉਹਨਾਂ ਦਾ ਸਮੂਹ ਪਰਿਵਾਰ


ਗੁਰਦੇਵ ਸਿੰਘ ਮਸਾਣੀ ਅਤੇ ਸਮੂਹ ਪਰਿਵਾਰ


ਚਰਨਜੀਤ ਸਿੰਘ ਝੱਲੀ ਅਤੇ ਪਰਿਵਾਰ


Naresh Kumar Shah
(Public Relation secretary)


ਮਨੋਹਰ ਕਲੇਰ ਅਤੇ ਸਮੂਹ ਪਰਿਵਾਰ


ਪਰਵੀਨ ਕੁਮਾਰ
Krishna Contracting Inc.


ਕਸ਼ਮੀਰ ਸਿੰਘ ਅਤੇ ਸਮੂਹ ਪਰਿਵਾਰ


ਜਸਵੰਤ ਸਿੰਘ ਅਤੇ ਸਮੂਹ ਪਰਿਵਾਰ

# INDIA MARKET

ਸਪੈਸ਼ਲ ਚਾਟ ਦਾ ਵਿਸ਼ੇਸ਼ ਪ੍ਰਬੰਧ

## SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ



ਕਸ਼ਮੀਰ ਸਿੰਘ ਹੀਰਾ

Eyebrow Threading & Henna Tattoo (each hand)

Only for $ 5.00

(Regular $ 8.00)
Walk In Welcome
Mon-Sat 10am to 7 pm

The Threading queen
threading & HEENA TATTOOS

Call for appointment
(916) 297-0150, (916) 316-8199

1265 Pleasant grove blve# 100
Roseville 95747 (916) 297-0150, (916) 786-7666



ਬਰਿੰਦਰ ਬੰਗੜ

### Sweets Spices Chaat House

Chaat Papdi. Samosa Chaat. Pani Puri. Dahi Vada. Bhel Puri Chaat

Chaat Plate Only for $2.99

**916-786-7666**

1265 Pleasant Grove Blvd.
# 100 Roseville, CA 95747

### We have the largest collection for Indian, Fijian & Pakistani Grocery

Music, Fabric, Artificial Jewelry, Sweets, Fresh Vegetables & morel

We accept EBT cards

**916-338-5511**

5203 Elkhorn Blvd.Sacramento, CA 95842

Toll Free 1-866-FOR-RAJA
www.rajasweets.com
msbains@rajasweets.com

Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food

Catering for All occasions up to 10000 guests

Lunch - Dinner - Take Out - Banquets



### Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

### Raja Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com